INTERNATIONAL MAGAZINE
RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਏਕੋ ਬ੍ਰਹਮੁ ਦੁਤੀਯ ਨਾਸਿਤ।

ਮਈ 2024



ਭਲੇ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਨਿ ਆਵੈ ॥

ਸੰਤ ਬਾਬਾ ਹਰਪਾਲ ਸਿੰਘ ਜੀ ਜੱਥੇ ਸਮੇਤ ਅਮਰੀਕਾ ਪ੍ਰਚਾਰ ਫੇਰੀ ਦੌਰਾਨ ਵੱਖ-ਵੱਖ ਗੁਰਦੁਆਰਾ ਸਾਹਿਬ, ਸੰਗਤਾਂ ਦੇ ਗ੍ਰਹਿ ਅਤੇ ਮਿਸ਼ਨ ਦੇ ਨਵੇਂ ਬਣ ਰਹੇ ਅਸਥਾਨ ਵਿਖੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।





ਗੁਰਦੁਆਰਾ ਗੁਰੂ ਦਸਮੇਸ਼ ਦਰਬਾਰ ਬੇਕਰਸਫੀਲਡ



ਗੁਰਦੁਆਰਾ ਬਿਊਨਾ ਪਾਰਕ (ਲਾਸ ਐਂਜਲਸ, ਅਮਰੀਕਾ)



ਮਿਸ਼ਨ ਦੇ ਨਵੇਂ ਬਣੇ ਅਸਥਾਨ 'ਸਤਨਾਮ ਕੁਟੀਆ' ਬੇਕਰਸਫੀਲਡ ਵਿਖੇ



ਬੇਕਰਸਫੀਲਡ ਵਿਖੇ ਭਾਈ ਅਮਰਜੀਤ ਸਿੰਘ ਸੰਧੂ ਦੇ ਗ੍ਰਹਿ ਵਿਖੇ ਕੀਰਤਨ ਸਮਾਗਮ

# ਆਤਮ ਮਾਰਗ

ਸਾਲ-ਤੀਹਵਾਂ, ਮਹੀਨਾ-ਮਈ, 2024

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**
**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**


| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |
| 98146-12900 | 97798-16909 |


**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**
**'ATAM MARG' MAGAZINE**


Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।**


**Media Broadcast (Ratwara Sahib)**

**Please visit us on internet at :-**
**For Atam Marg Email : atammarg1@yahoo.co.in,**
**Website & Live video -**

www.ratwarasahib.org
www.vgrmct.org
www.ratwarasahib.in

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**
**98728-14385, 94172-14385**
**98147-12900**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
001-408-263-1844

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
001-604-433-0408

**ਭਾਈ ਤਰਸੇਮ ਸਿੰਘ ਬੈਂਸ**
001-604-862-9525

**ਭਾਈ ਜਸਬੀਰ ਸਿੰਘ ਰਾਣੂ**
001-604-589-9189

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
0044-121-200-2818

**ਭਾਈ ਅਰਵਿੰਦਰ ਸਿੰਘ (ਰਾਜ)**
0044-7968734058

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**
**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 7 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 3. | **ਅਗੰਮ ਅਗੋਚਰ ਦਾ ਮਾਰਗ** | 10 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਮੰਝ ਪਿਆਰਾ ਗੁਰੂ ਨੂੰ.......॥** | 14 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਨਿਮਾਣਿਆਂ ਦੇ ਮਾਣ-ਨਿਤਾਣਿਆਂ ਦੇ ਤਾਣ......॥ (ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ)** | 30 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | **ਕਲਗੀਧਰ ਜੀ ਦੇ 52 ਬਚਨ** | 34 |
| | *ਸ. ਬਲਵਿੰਦਰ ਸਿੰਘ* | |
| 7. | **ਵਾਰਾਂ ਭਾਈ ਗੁਰਦਾਸ ਜੀ** | 36 |
| 8. | **ਸੇਵਾ ਦੇ ਪੁੰਜ ਸਤਿਗੁਰੂ ਅਮਰਦਾਸ ਜੀ** | 38 |
| | *ਗਿ: ਜਸਵੰਤ ਸਿੰਘ ਪ੍ਰਵਾਨਾ* | |
| 9. | **ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ** | 41 |
| | *ਡਾ. ਜਗਜੀਤ ਸਿੰਘ* | |
| 10. | **ਗੁਰਬਾਣੀ ਅਰਥ ਭੰਡਾਰ** | 53 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 11. | **ਸਿੱਖ ਨਹੀਂ ਕੋਈ ਅੰਗਦੂ ਜੇਹਾ** | 45 |
| | *ਡਾ. ਗੁਰਚਰਨ ਸਿੰਘ ਔਲਖ* | |
| 12. | **ਪ੍ਰਗਟਿਓ ਖਾਲਸਾ** | 50 |
| | *ਪ੍ਰੋ. ਗੁਰਦੇਵ ਸਿੰਘ* | |
| 13. | **ਦੂਸਰੇ ਰਤਨ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ** | 50 |
| | *ਗਿਆਨੀ ਮੇਹਰ ਸਿੰਘ ਕ੍ਰਿਤ 'ਨੌ ਰਤਨ'* | |
| 14. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

*ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥*
*ਅੰਗ- ੪੬੫*

ਆਤਮ ਮਾਰਗ ਦੇ ਪੈਂਡਿਆਂ 'ਤੇ ਚੱਲਣ ਨਾਲ ਜਗਿਆਸੂ ਨੂੰ ਇਹ ਸੋਝੀ ਪ੍ਰਾਪਤ ਹੁੰਦੀ ਹੈ ਕਿ ਮਨੁੱਖ ਕਹਾਉਣ ਅਤੇ ਪੂਰਨ ਮਨੁੱਖ ਬਣਨ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਜੀਵ, ਜੀਵ ਆਤਮਾ ਅਤੇ ਪ੍ਰਮਾਤਮਾ ਵਿਚ ਵੀ ਇਹੋ ਜਿਹਾ ਹੀ ਅੰਤਰ ਹੈ -

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ- ੬੬੧*

ਦੇ ਸਿਧਾਂਤ 'ਤੇ ਚਲਦਿਆਂ ਹੀ ਉਪਰੋਕਤ ਅੰਤਰ ਨੂੰ ਘਟਾ ਕੇ ਨੇੜੇ ਲਿਆਂਦਾ ਜਾ ਸਕਦਾ ਹੈ ਜਾਂ ਫਿਰ ਪੂਰੀ ਤਰ੍ਹਾਂ ਖਤਮ ਕੀਤਾ ਜਾ ਸਕਦਾ ਹੈ। ਇਸ ਦੇ ਫਲਸਰੂਪ ਹੀ 'ਪੂਰਨ ਮਨੁੱਖ' ਦੀ ਰੂਪਮਾਨਤਾ ਅਤੇ ਆਤਮਾ ਦੀ ਪ੍ਰਮਾਤਮਾ ਵਿਚ ਅਭੇਦਤਾ ਹੋ ਜਾਂਦੀ ਹੈ। ਭਾਵੇਂ ਮਨੁੱਖ ਹੋਣ ਤੇ ਮਨੁੱਖ ਬਣਨ ਤਕ ਦਾ ਸਫ਼ਰ ਲੰਮੇਰਾ ਹੈ ਪਰ ਜੀਵ ਤੋਂ ਆਤਮਾ ਤੇ ਪ੍ਰਮਾਤਮਾ ਵਿਚ ਲੀਨ ਹੋਣ ਦਾ ਸਫ਼ਰ ਵੀ ਲੰਮੇਰਾ ਹੀ ਹੈ। ਇਨ੍ਹਾਂ ਦੋਨਾਂ ਦੀ ਤਸਵੀਰ ਪਵਿੱਤਰ ਬਾਣੀ ਵਿਚ ਇਸ ਤਰ੍ਹਾਂ ਦਰਸਾਈ ਹੈ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ- ੧੭੬*

ਆਉ! ਇਸ ਮਨੁੱਖ ਦੇ ਸਰੀਰਕ ਇਤਿਹਾਸ ਅਤੇ ਮਨੁੱਖੀ ਸਰੀਰ ਵਿਚ ਰਹਿੰਦੇ ਜੀਵ ਦੇ ਸਫ਼ਰ ਵਲ ਝਾਤੀ ਮਾਰਦੇ ਹੋਏ ਗੁਰਮਤਿ ਦੀ ਰੋਸ਼ਨੀ ਵਿਚ ਵਿਚਾਰ ਕਰੀਏ ਅਤੇ ਰੂਹਾਨੀ ਸੰਵਾਦ ਰਚਾਈਏ।

ਮਨੁੱਖ ਅਤੀਤ ਵਿਚ ਧਰਤੀ 'ਤੇ ਮੌਜੂਦ ਨਹੀਂ ਸੀ। ਪਹਿਲਾਂ ਆਦਿ ਵਿਚ ਉਹ ਆਪੇ ਆਪ ਪ੍ਰਮੇਸ਼ਰ ਸੀ -

*ਅਰਬਦ ਨਰਬਦ ਧੁੰਧੂਕਾਰਾ ॥*
*ਧਰਣਿ ਨ ਗਗਨਾ ਹੁਕਮੁ ਅਪਾਰਾ ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ*
*ਸੁੰਨ ਸਮਾਧਿ ਲਗਾਇਦਾ ॥*
*........................॥ ਅੰਗ- ੧੦੩੫*

ਉਪਰੋਕਤ ਅਵਸਥਾ ਵਿਚੋਂ ਉਸ ਨੇ ਸ੍ਰਿਸ਼ਟੀ ਸਾਜੀ।

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥ ਅੰਗ- ੪੬੩*

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥ ਅੰਗ- ੩*

*ਏਕ ਕਵਾਵੈ ਤੇ ਸਭਿ ਹੋਆ ॥ ਅੰਗ - ੧੦੦੩*

ਮਨੁੱਖ ਦਾ ਸਫ਼ਰ ਸ਼ੁਰੂ ਹੋਇਆ। ਅਨੇਕਾਂ ਜੂਨੀਆਂ ਵਿਚੋਂ ਦੀ ਲੰਘਿਆ। ਸਾਰੀਆਂ ਜੂਨੀਆਂ ਦੇ ਸੰਸਕਾਰ ਨਾਲ ਚਿੰਬੜਦੇ ਗਏ ਜਿਵੇਂ ਧੂੜ ਸਰੀਰ ਜਾਂ ਕੱਪੜੇ ਆਦਿ ਨੂੰ ਚਿੰਬੜਦੀ ਹੈ - ***'ਕਈ ਜਨਮ ਭਏ ਕੀਟ ਪਤੰਗਾ.....'*** ਦੇ ਵਿਚੋਂ ਦੀ ਲੰਘਦਾ ਹੋਇਆ ਜੀਵ ***'ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ॥'*** ਦੀ ਅਵਸਥਾ ਤੱਕ ਪਹੁੰਚਿਆ। ਕ੍ਰੋੜਾਂ ਸਾਲ ਇਸ ਨੂੰ ਮਨੁੱਖ ਹੋਣ ਵਿਚ ਲਗ ਗਏ। ਫਿਰ ਵੀ ਧਰਤੀ ਦੇ ਵੱਖ-ਵੱਖ ਖਿੱਤਿਆਂ ਵਿਚ ਇਸਦਾ ਵਿਗਾਸ ਇਕੋ ਜਿਹਾ ਨਹੀਂ ਹੋਇਆ। ਸ਼ੁਰੂ ਵਿਚ ਇਹ ਆਪਣੇ ਆਪ ਨੂੰ ਬਾਕੀ ਜੀਵਾਂ ਵਰਗਾ ਹੀ ਸਮਝਦਾ ਰਿਹਾ। ਇਸ ਦੀ ਪੁਸ਼ਟੀ ਇਸ ਤਰ੍ਹਾਂ ਹੈ ਕਿ ਅੱਜ ਤੋਂ 2500 ਸੌ ਸਾਲ ਪਹਿਲਾਂ ਜਦੋਂ ਹੈਰੋਡੋਟਸ ਯੂਨਾਨ ਤੋਂ ਮਿਸਰ ਗਿਆ ਤਾਂ ਉਸ ਨੇ ਦੇਖਿਆ ਕਿ ਨੀਲ ਨਦੀ ਦੇ ਲੋਕ ਆਪਣੇ ਆਪ ਨੂੰ ਹੋਰ ਜਾਨਵਰਾਂ ਵਰਗਾ ਜਾਨਵਰ

ਹੀ ਮੰਨਦੇ ਸਨ। ਆਪਣੇ ਆਪ ਵਿਚ ਦੂਜੀਆਂ ਜੂਨੀਆਂ ਦਾ ਸਿਕਦਾਰ ਹੋਣ ਦਾ ਬੀਜ ਉਨ੍ਹਾਂ ਵਿਚ ਨਹੀਂ ਸੀ ਪਨਪਿਆ। ਸਗੋਂ ਉਹ ਦੂਜੇ ਜਾਨਵਰਾਂ ਨੂੰ ਆਪਣੇ ਆਪ ਤੋਂ ਪਵਿੱਤਰ ਸਮਝਦੇ ਸਨ। ਹੌਲੀ-ਹੌਲੀ ਇਸ ਮਨੁੱਖ ਦੇ ਸਰੀਰਕ ਵਿਕਾਸ ਅਤੇ ਚੇਤੰਨਤਾ ਵਿਚ ਬਦਲਾਅ ਆਇਆ। ਲੱਤਾਂ ਅਤੇ ਬਾਹਾਂ ਦੀ ਵਰਤੋਂ ਸੁਚੱਜੀ ਵਿਉਂਤਬੰਦੀ ਨਾਲ ਸ਼ੁਰੂ ਹੋਈ। ਹੁਣ ਉਹ ਹੱਥਾਂ ਤੋਂ ਕੰਮ ਲੈਣ ਲੱਗਾ। ਆਪਣੀ ਰੋਜ਼ੀ ਰੋਟੀ ਦਾ ਹੀਲਾ ਵਸੀਲਾ ਹੋਰ ਸੁਚੱਜੇ ਢੰਗ ਨਾਲ ਕਰਨ ਲਗ ਪਿਆ। ਇਸ ਦੀ ਅਵਾਜ਼ ਵਿਚ ਨਵੀਨਤਾ ਆਈ। ਅਵਾਜ਼ ਦੇ ਨਾਲ ਦਿਮਾਗ ਦਾ ਵਿਕਾਸ ਸ਼ੁਰੂ ਹੋਇਆ। ਉਸ ਦੀ ਚੇਤੰਨਤਾ ਵਿਚ ਸ਼ਬਦ ਆਉਣੇ ਸ਼ੁਰੂ ਹੋਏ। ਸ਼ਬਦਾਂ ਦਾ ਭੰਡਾਰ ਵਧਣਾ ਸ਼ੁਰੂ ਹੋਇਆ। ਬੋਲੇ ਸ਼ਬਦ ਗੁਆਚਦੇ ਰਹੇ। ਇਸ ਨੇ ਕਲਮ ਘੜੀ, ਸਿਆਹੀ ਤਿਆਰ ਕੀਤੀ। ਲਿਖ ਕੇ ਸਾਂਭਣੇ ਸ਼ੁਰੂ ਕੀਤੇ -

*ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥*
*ਅੰਗ- ੫੬੬*

ਪੂਰੀ ਵੀਚਾਰ ਦਾ ਸਿੱਟਾ ਇਹ ਹੈ ਕਿ ਇਸ ਦੀ ਸਿਕਦਾਰੀ ਪੂਰੀ ਤਰ੍ਹਾਂ ਕਾਇਮ ਹੋ ਗਈ -

*ਅਵਰ ਜੋਨਿ ਤੇਰੀ ਪਨਿਹਾਰੀ ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ ਅੰਗ- ੩੭੪*

ਇਸ ਦੀ ਸ਼ਕਤੀ ਤਾਂ ਵਧੀ ਪਰ ਜ਼ਿੰਮੇਵਾਰੀ ਉਸ ਤੋਂ ਵੀ ਵਧੇਰੀ ਹੋ ਗਈ ਪਰ ਇਹ ਮਨੁੱਖ ਹੋ ਕੇ ਵੀ ਉਤਨਾ ਜ਼ਿੰਮੇਵਾਰ ਨਹੀਂ ਹੋ ਸਕਿਆ ਜਿੰਨਾਂ ਇਸ ਨੂੰ ਹੋਣਾ ਚਾਹੀਦਾ ਸੀ। ਹੁਣ ਇਕ ਪਾਸੇ ਅਨੰਤਤਾ ਹੈ। ਅਨੇਕਤਾ ਵਿਚ ਏਕਤਾ ਹੈ। ਅਨੰਤਤਾ ਦੇ ਟਾਕਰੇ ਮਨੁੱਖ ਕੱਖ ਵੀ ਨਹੀਂ ਤੇ ਤੁੱਛਤਾ ਦੇ ਟਾਕਰੇ ਸਭ ਕੁਝ ਹੈ। ਹੁਣ ਕੁਝ ਵੀ ਨਹੀਂ ਤੇ 'ਸਭ ਕੁਝ" ਦੇ ਵਿਚਾਲੇ ਇਸ ਦੀ ਅਵਸਥਾ ਖੜ੍ਹੀ ਹੈ -

*ਰਾਤੀ ਰੁਤੀ ਥਿਤੀ ਵਾਰ ॥ ਅੰਗ- ੭*

ਸਮੇਂ ਦੀ ਵੀਚਾਰ ਹੈ।

*ਪਵਣ ਪਾਣੀ ਅਗਨੀ ਪਾਤਾਲ ॥ ਅੰਗ- ੭*

ਸਥਾਨ ਦੀ ਵਿਚਾਰ ਹੈ।

*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ ਅੰਗ- ੭*

ਇਹ ਧਰਤੀ ਧਰਮਸਾਲਾ ਹੈ। ਕਰਮ ਧਰਮ ਕਮਾਉਣ ਦੀ ਥਾਂ ਹੈ। ਇਸ ਕਰਮ ਧਰਮ ਵਿਚੋਂ ਇਕ ਨਿਵੇਕਲੀ ਸੋਝੀ ਵਾਲੀ ਚੇਤਨਤਾ ਪ੍ਰਗਟ ਹੋਈ। ਜੋ ਇਸ ਤਰ੍ਹਾਂ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ- ੧੨*

ਜੇ ਗੋਬਿੰਦ ਨੂੰ ਮਿਲ ਗਏ ਤੇ ਪ੍ਰਾਪਤੀ ਹੋ ਗਈ। ਮਨੁੱਖ ਹੋ ਕੇ ਮਨੁੱਖ ਪੂਰਨ ਬਣ ਗਏ।

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਸੇ ਪੂਰੇ ਪੁਰਖ ਪਰਧਾਨ ॥ ਅੰਗ- ੩੧੩*

ਕਹਾਉਣ ਤੋਂ ਸ਼ੁਰੂ ਹੋ ਕੇ ਬਣਨ ਤੱਕ ਦਾ ਸਫ਼ਰ ਤੈਅ ਹੋ ਗਿਆ। ਇਹੀ ਮੰਜ਼ਿਲੇ-ਮਕਸੂਦ ਹੈ। ਇਸੇ ਨੂੰ ਆਤਮ ਮਾਰਗ ਦਾ ਪੈਂਡਾ ਕਿਹਾ ਜਾਂਦਾ ਹੈ। ਇਹੀ ਰੂਹਾਨੀ ਮਾਰਗ ਹੈ। ਇਸੇ ਮਾਰਗ ਦੀ ਸੋਝੀ ਕਰਾਉਣ ਹਿਤ ਮਹਾਂਪੁਰਸ਼ਾਂ ਨੇ 'ਆਤਮ ਮਾਰਗ' ਮੈਗਜ਼ੀਨ 1995 ਤੋਂ ਸ਼ੁਰੂ ਕੀਤਾ, ਜੋ ਹਥਲੇ ਅੰਕ ਨਾਲ ਤੀਹਵੇਂ ਸਾਲ ਦੇ ਦੂਜੇ ਮਹੀਨੇ ਵਿਚ ਪ੍ਰਵੇਸ਼ ਕਰ ਗਿਆ ਹੈ। ਆਉ! ਜੁੜੀਏ ਅਰਦਾਸ ਵਿਚ। ਹੋ ਜਾਣ ਰੂਹਾਂ ਦੇ ਸਫ਼ਰ ਪੂਰੇ -

*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ- ੬੯੪*

ਬੰਦਾ ਹੋਣ ਦਾ ਮਾਣ ਪ੍ਰਾਪਤ ਹੋ ਜਾਵੇ - ***'ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥'***

*ਦੇਹੁ ਸਜਣ ਅਸੀਸੜੀਆ*
*ਜਿਉ ਹੋਵੈ ਸਾਹਿਬ ਸਿਉ ਮੇਲੁ ॥ ਅੰਗ- ੧੨*

ਭੁੱਲਾਂ ਚੁੱਕਾਂ ਦੀ ਖਿਮਾ।

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

# ਜੇਠਿ
# ਸੰਗਰਾਂਦ - ਮਈ 14 (ਦਿਨ ਮੰਗਲਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥**
**ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥**
**ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥**
**ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥**
**ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥**
**ਜੋ ਪ੍ਰਭਿ ਕੀਤੇ ਆਪਣੇ ਸੇਇ ਕਹੀਅਹਿ ਧੰਨਿ ॥**
**ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥**
**ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥**
**ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥**
**ਅੰਗ - ੧੩੪**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਨੂੰ ਦੋ ਬਾਰਹ ਮਾਹਾ ਦੀ ਬਖਸ਼ਿਸ਼ ਹੈ। ਇਕ ਮਾਝ ਰਾਗ ਵਿਚ (ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ) ਅਤੇ ਦੂਜਾ ਤੁਖਾਰੀ ਰਾਗ ਵਿਚ (ਸ੍ਰੀ ਗੁਰੂ ਨਾਨਕ ਸਾਹਿਬ ਵਲੋਂ) ਅੰਕਿਤ ਮਿਲਦਾ ਹੈ। ਅਸਲ ਵਿਚ ਸੱਚੇ ਪਾਤਸ਼ਾਹ ਨੇ ਇਨ੍ਹਾਂ ਬਾਰਹ ਮਾਹਾ ਰਾਹੀਂ ਸਾਡੀ ਜ਼ਿੰਦਗੀ ਦੇ ਬਾਰਹ ਮਾਹਾ ਸੰਵਾਰਨ ਦੀ ਪ੍ਰੇਰਨਾ ਦੀ ਬਖਸ਼ਿਸ਼ ਕੀਤੀ ਹੈ। ਚਲ ਰਹੇ ਸਮੇਂ ਨੂੰ ਸੂਰਜ, ਚੰਦਰਮਾ ਦੀ ਗਤੀ ਦੀ ਗਿਣਤੀ ਮਿਣਤੀ ਅਨੁਸਾਰ ਮਹੀਨਿਆਂ ਦੀ ਇਕਾਈ ਵਿਚ ਵੰਡ ਦਿਤਾ ਗਿਆ ਹੈ। ਇਨ੍ਹਾਂ ਮਹੀਨਿਆਂ ਰਾਹੀਂ ਸਮੁੱਚੇ ਇਕ ਸਾਲ ਦੇ ਸਮੇਂ ਨੂੰ ਗੁਰਬਾਣੀ ਅਨੁਸਾਰ ਢਾਲ ਕੇ ਅਸੀਂ ਗੁਰੂ ਮਨ ਭਾਉਂਦੀ ਰੁੱਤ ਲਿਆ ਸਕਦੇ ਹਾਂ ਅਤੇ ਆਪਣੀ ਜ਼ਿੰਦਗੀ ਸੁੱਖਾਂ ਅਤੇ ਖੇੜਿਆਂ ਭਰਪੂਰ ਬਣਾ ਸਕਦੇ ਹਾਂ। ਪਰ ਨਾਲ ਹੀ ਉਸ ਮਹੀਨੇ ਦੀ ਪਰਿਭਾਸ਼ਾ ਅਤੇ ਉਸ ਰੁੱਤ ਦੇ ਸਿਧਾਂਤ ਤੋਂ ਟੁੱਟ ਕੇ ਆਤਮਿਕ ਤੌਰ 'ਤੇ ਮੁਰਝਾ ਕੇ ਸੁੱਕ ਵੀ ਸਕਦੇ ਹਾਂ। ਇਹ ਫੈਸਲਾ ਸਾਡੇ ਆਪਣੇ ਹੱਥ ਹੈ ਕਿ ਅਸੀਂ ਕਿਸ ਮਾਰਗ ਦੇ ਪਾਂਧੀ ਬਣਨਾ ਹੈ। ਗੁਰੂ ਜੀ ਵਲੋਂ ਬਖਸ਼ੀਆਂ ਰੂਹਾਨੀ ਲੀਹਾਂ ਦੇ ਪਾਂਧੀ ਬਣਨਾ ਹੈ ਜਾਂ ਮਨ ਦੇ ਸੰਸਕਾਰਾਂ ਰੂਪੀ ਲੀਹਾਂ 'ਤੇ ਚਲ ਕੇ ਮਨ ਮਾਰਗੀ ਬਣਨਾ ਹੈ। ਗੁਰੂ ਮਹਾਰਾਜ ਬਖਸ਼ਿਸ਼ ਕਰਨ ਸਾਨੂੰ ਜੀਵਨ ਦੇ ਖੇੜੇ ਦੀ ਰੁੱਤ ਬਖਸ਼ਣ। ਆਉ! ਗੁਰੂ ਬਖਸ਼ਿਸ਼ ਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਸਦਕਾ ਜੇਠ ਮਹੀਨੇ ਦੀ ਵੀਚਾਰ ਉਸ ਵਲੋਂ ਬਖਸ਼ੀ ਸੁਬੁਧਿ ਅਨੁਸਾਰ ਕਰਨ ਦੀ ਕੋਸ਼ਿਸ਼ ਕਰੀਏ -

*ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥*

ਆਤਮ ਮਾਰਗ ਦੇ ਪੈਂਡਿਆਂ 'ਤੇ ਦੋ ਸ਼ਬਦ ਬਹੁਤ ਹੀ ਵੱਡੇ ਮਾਇਨੇ ਰਖਦੇ ਹਨ। ਇਕ ਜੁੜਨਾ ਤੇ ਦੂਜਾ ਟੁੱਟਣਾ। ਇਨ੍ਹਾਂ ਦੋਨਾਂ ਸ਼ਬਦਾਂ ਦੇ ਅਰਥਾਂ ਵਿਚ ਪੂਰਾ ਜੀਵਨ ਸਫਲ ਅਤੇ ਅਸਫਲ ਹੋ ਸਕਦਾ ਹੈ। ਇਕ ਪਾਸੇ ਸੰਸਾਰ ਹੈ ਦੂਜੇ ਪਾਸੇ ਨਿਰੰਕਾਰ ਹੈ। ਇਕ ਪਾਸੇ ਛੱਲਾਂ ਮਾਰਦਾ ਅਥਾਹ ਸਮੁੰਦਰ ਹੈ। ਇਕ ਪਾਸੇ ਸਦਾ ਦਾ ਬਿਸ਼ਰਾਮ।

*ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ॥*
*ਅੰਗ - ੬੧੩*

ਪਾਰ ਲੱਗਣ ਲਈ ਸਾਧਨ ਦੀ ਲੋੜ ਹੈ।

*ਏਹੁ ਭਉਜਲੁ ਜਗਤੁ ਸੰਸਾਰੁ ਹੈ*
*ਗੁਰੁ ਬੋਹਿਥੁ ਨਾਮਿ ਤਰਾਇ॥* *ਅੰਗ - ੧੪੨੪*

ਦੂਜੇ ਪਾਸੇ ਨਿਰੰਕਾਰ ਹੈ।

*ਰੇ ਮਨ ਐਸੋ ਕਰਿ ਸੰਨਿਆਸਾ॥*
*ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥*
*ਪਾਤਿਸ਼ਾਹੀ ੧੦*

ਸੰਸਾਰ ਨਾਲੋਂ ਮਨ ਕਰਕੇ ਟੁੱਟਣਾ ਤੇ ਨਿਰੰਕਾਰ ਨਾਲ ਜੁੜਨਾ ਇਹ ਜੀਵਨ ਦੀ ਸਫ਼ਲਤਾ ਦਾ ਸਾਰ ਹੈ-

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥ ਅੰਗ - ੬੮੭*

*ਬੁਲ੍ਹਿਆ ਰੱਬ ਦਾ ਕੀ ਪਾਉਣਾ,*
*ਇਧਰੋਂ ਪੁੱਟਣਾ ਓਧਰ ਲਾਉਣਾ।*

ਸੰਸਾਰ ਵਲੋਂ ਜੇ ਇਕ ਕਦਮ ਪੁੱਟ ਲਿਆ ਜਾਵੇ ਤਾਂ ਦੂਜਾ ਕਦਮ ਨਿਰੰਕਾਰ ਵਲ ਹੋਵੇਗਾ। ਇਸੇ ਨੂੰ ਜੁੜਨਾ ਕਿਹਾ ਹੈ। ਜੁੜਨ ਵਿਚ ਸੁਖ ਹੈ, ਖੇੜਾ ਹੈ, ਸਦਾ ਦੀ ਬਸੰਤ ਹੈ ਪਰ ਟੁੱਟਣ ਵਿਚ ਜਨਮ ਮਰਨ ਦੇ ਗੇੜ ਦਾ ਦੁਖ ਹੈ -

*ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ॥*
*ਅੰਗ - ੩੨੨*

ਜੁੜਨਾ ਤੇ ਮਿਲ ਜਾਣਾ ਇਕੋ ਹੀ ਅਰਥ ਰਖਦੇ ਹਨ। ਅਰਦਾਸ ਹੈ -

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਅੰਗ - ੧੩੩*

ਟੁੱਟ ਜਾਣਾ ਤੇ ਤੋੜ ਹੋ ਜਾਣਾ ਵੀ ਇਕੋ ਹੀ ਅਰਥ ਹਨ -

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥*
*ਅੰਗ - ੧੧੦੨*

*ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ॥*
*ਅੰਗ - ੪੪੯*

ਜੁੜੇ ਹੋਏ ਹੀ ਜੋੜ ਸਕਦੇ ਹਨ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*
*ਅੰਗ - ੫੨੦*

*ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ ਅੰਗ - ੨੮੯*

ਆਪ ਜਪਣ ਵਾਲੇ ਹੀ ਦੂਜਿਆਂ ਨੂੰ ਜਪਾ ਸਕਣ ਦੇ ਸਮਰੱਥ ਹਨ-

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥*
*ਅੰਗ - ੬੦੮*

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥*
*ਅੰਗ - ੩੨੦*

ਜੇਠ ਦਾ ਅੱਖਰੀ ਅਰਥ ਹੈ 'ਵੱਡਾ' ਭਾਵ ਸਭ ਤੋਂ ਪਹਿਲਾਂ, ਜਿਸ ਤੋਂ ਪਹਿਲਾਂ ਹੋਰ ਕੋਈ ਨਾ ਹੋਵੇ। ਘਰ ਵਿਚ ਸਭ ਤੋਂ ਵੱਡੇ ਪੁੱਤਰ ਨੂੰ ਜੇਠੀ ਸੰਤਾਨ ਕਿਹਾ ਜਾਂਦਾ ਹੈ। ਇਤਿਹਾਸਕਾਰਾਂ ਅਨੁਸਾਰ ਬਾਬਾ ਜੇਠਾ ਜੀ (ਗੁਰੂ ਰਾਮਦਾਸ ਜੀ ਮਹਾਰਾਜ) ਦਾ ਨਾਮ ਇਸ ਕਰਕੇ 'ਜੇਠਾ' ਪਿਆ ਸੀ ਕਿ ਉਹ ਆਪਣੇ ਮਾਪਿਆਂ ਦੀ ਪਹਿਲੀ ਸੰਤਾਨ ਸਨ।

ਦੇਸੀ ਮਹੀਨਿਆਂ ਦੀ ਲੰਬਾਈ ਦੇ ਹਿਸਾਬ ਨਾਲ ਵੀ ਜੇਠ ਮਹੀਨਾ ਸਭ ਤੋਂ ਵੱਡਾ ਮੰਨਿਆ ਗਿਆ। ਇਸ ਕਰਕੇ ਵੀ ਇਸ ਮਹੀਨੇ ਦਾ ਨਾਮ ਜੇਠ ਸੱਚੇ ਪਾਤਸ਼ਾਹ ਨੇ ਰੱਖਿਆ ਹੋਵੇਗਾ। ਮਹਾਰਾਜ ਫੁਰਮਾਨ ਕਰਦੇ ਹਨ ਕਿ ਕੌਣ ਵੱਡਾ ਹੈ? ਅਸਲੀਅਤ ਇਹ ਹੈ ਕਿ ਉਹ ਪ੍ਰਮੇਸ਼ਰ ਆਪ ਹੀ ਸਾਰਿਆਂ ਤੋਂ ਵੱਡੇ ਹਨ। ਜਿਵੇਂ ਇਸਲਾਮ ਵਾਲਿਆਂ ਦਾ ਸਿਧਾਂਤ ਹੈ - 'ਅੱਲਾਹ ਹੂ ਅਕਬਰ' ਕਿ ਅੱਲਾ ਹੀ ਸਾਰਿਆਂ ਤੋਂ ਵੱਡਾ ਹੈ -

*ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ॥*
*ਅੰਗ - ੪੭੫*

*ਕੇਵਡੁ ਵਡਾ ਡੀਠਾ ਹੋਇ॥ ਅੰਗ - ੯*

ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ ਕਿ ਉਹ ਕਿਤਨਾ ਕੁ ਵੱਡਾ ਹੈ -

*ਤੂੰ ਬੇਅੰਤੁ ਕੋ ਵਿਰਲਾ ਜਾਣੈ॥ ਅੰਗ - ੫੬੨*

ਜਾਂ ਉਸ ਨਾਲ ਜੁੜੇ ਹੋਏ ਵੱਡੇ ਹਨ-

*ਵਡੇ ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ ॥ ੧ ॥*
*ਕਉਨ ਵਡਾ ਮਾਇਆ ਵਡਿਆਈ ॥*
*ਸੋ ਵਡਾ ਜਿਨਿ ਰਾਮ ਲਿਵ ਲਾਈ ॥ ਅੰਗ - ੧੮੮*

ਪ੍ਰਮੇਸ਼ਰ ਕਿਸੇ ਦਾ ਬਣਾਇਆ ਹੋਇਆ ਨਹੀਂ। ਉਹ ਸਵੈ ਪ੍ਰਕਾਸ਼ ਹੈ। 'ਸੈਭੰ' ਹੈ -

*ਥਾਪਿਆ ਨ ਜਾਇ ਕੀਤਾ ਨ ਹੋਇ ॥*
*ਆਪੇ ਆਪਿ ਨਿਰੰਜਨੁ ਸੋਇ ॥ ਅੰਗ - ੨*

ਇਸ ਕਰਕੇ ਮਹਾਰਾਜ ਫੁਰਮਾਨ ਕਰਦੇ ਹਨ ਕਿ ਰੱਬ ਹੀ ਸਭ ਤੋਂ ਵੱਡਾ ਹੈ। 'ਹਰਿ ਜੇਠਿ ਜੁੜੰਦਾ ਲੋੜੀਐ' ਇਥੇ 'ਹਰਿ' ਪਹਿਲਾਂ ਆਇਆ ਹੈ। ਸਾਨੂੰ ਉਸ ਵੱਡੇ ਹਰੀ ਨਾਲ ਜੁੜਨਾ ਚਾਹੀਦਾ ਹੈ। ਉਹ ਸਰਬ ਸ਼ਕਤੀਵਾਨ ਹੈ। ਉਸ ਦੀ ਸ਼ਕਤੀ ਅੱਗੇ ਸਾਰਿਆਂ ਦਾ ਸਿਰ ਝੁਕਦਾ ਹੈ। ਸਾਰੇ ਉਸ ਦੇ ਭੈ ਵਿਚ ਚਲਦੇ ਹਨ -

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥*
*ਭੈ ਵਿਚਿ ਰਾਜਾ ਧਰਮੁ ਦੁਆਰੁ ॥*

*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥*
*ਕੋਹ ਕਰੋੜੀ ਚਲਤ ਨ ਅੰਤੁ ॥*
*ਭੈ ਵਿਚਿ ਸਿਧ ਬੁਧ ਸੁਰ ਨਾਥ ॥*
*ਭੈ ਵਿਚਿ ਆਡਾਣੇ ਆਕਾਸ ॥*
*ਭੈ ਵਿਚਿ ਜੋਧ ਮਹਾਬਲ ਸੂਰ ॥*
*ਭੈ ਵਿਚਿ ਆਵਹਿ ਜਾਵਹਿ ਪੂਰ ॥*
*ਸਗਲਿਆ ਭਉ ਲਿਖਿਆ ਸਿਰਿ ਲੇਖੁ ॥*
*ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ਅੰਗ – ੪੬੪*

ਉਸ ਦੇ ਜੁੜਨ ਨਾਲ ਪ੍ਰਾਪਤੀ ਕੀ ਹੁੰਦੀ ਹੈ? ਭਾਵ ਲਾਭ ਕੀ ਮਿਲਦਾ ਹੈ? ਮਹਾਰਾਜ ਫੁਰਮਾਨ ਕਰਦੇ ਹਨ –

*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥*

'ਦਾਵਣਿ' ਭਾਵ ਪੱਲਾ। ਉਸਦਾ ਪੱਲਾ ਫੜਨ ਨਾਲ ਜਮ ਆਦਿ ਬੰਨ੍ਹ ਕੇ ਨਹੀਂ ਲੈ ਜਾ ਸਕਦੇ। ਭਾਵ ਮੌਤ ਦਾ ਡਰ ਖਤਮ ਹੋ ਜਾਂਦਾ ਹੈ। ਉਸ ਕੋਲ ਨਾਮ ਰੂਪੀ ਐਸੀ ਦੌਲਤ ਹੁੰਦੀ ਹੈ ਕਿ ਉਸ ਨੂੰ ਕੋਈ ਲੁੱਟ ਜਾਂ ਚੁਰਾ ਨਹੀਂ ਸਕਦਾ। ਨਾ ਹੀ ਕੋਈ ਸੰਨ੍ਹ ਲਾ ਸਕਦਾ ਹੈ।

*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥*

ਇਸ ਹਰਿ ਧਨ ਦਾ ਕੋਈ ਸ਼ਰੀਕ ਨਹੀਂ।

*ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ*
*ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ*
*ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ*
*ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ ॥*
*ਅੰਗ – ੮੫੩*

*ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ*
*ਇਹੁ ਹਰਿ ਧਨੁ ਅਗਨੀ ਤਸਕਰੈ*
*ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ ॥*
*ਹਰਿ ਧਨ ਕਉ ਉਚਕਾ ਨੇੜਿ ਨ ਆਵਈ*
*ਜਮੁ ਜਾਗਾਤੀ ਡੰਡੁ ਨ ਲਗਾਈ ॥ ਅੰਗ – ੭੩੪*

ਦੁਨਿਆਵੀ ਧਨ ਚੁਰਾਇਆ ਜਾ ਸਕਦਾ ਹੈ। ਪਹਿਲਾਂ 'ਧਨ' ਸਫ਼ਰ ਵਿਚ ਨਾਲ ਲੈਣ ਜਾਣ ਦੀ ਥਾਂ 'ਤੇ ਬੈਂਕ ਤੋਂ ਡਰਾਫਟ ਬਣਾ ਕੇ ਲੈ ਜਾਂਦੇ ਸਨ ਕਿ ਚੁਰਾਇਆ ਨਾ ਜਾ ਸਕੇ। ਹੁਣ ਬੈਂਕ ਰਾਹੀਂ Online, google pay, paytm ਆਦਿ ਇੰਟਰਨੈਟ ਮੀਡੀਏ ਦੇ ਜ਼ਰੀਏ ਧਨ ਭੇਜਿਆ ਜਾਣਾ ਸ਼ੁਰੂ ਹੋ ਗਿਆ ਹੈ। ਪਰ ਚਲਾਕ ਤੇ ਬੇਈਮਾਨ ਸ਼ਰਾਰਤੀ ਲੋਕ ਇਸ ਨੂੰ ਵੀ (OTP ਵਗੈਰਾ) ਚੋਰੀ ਕਰਕੇ ਚੁਰਾ ਲੈਂਦੇ ਹਨ। ਇਕੋ ਇਕ ਨਾਮ ਧਨ ਹੈ ਜੋ ਚੋਰੀ ਨਹੀਂ ਹੋ ਸਕਦਾ। ਭਾਵ ਇਸ ਨੂੰ ਸੰਨਿ ਆਦਿਕ ਨਹੀਂ ਲਾਈ ਜਾ ਸਕਦੀ। ਜੋ ਰੱਬ ਨਾਲ ਹਰੀ ਜੇਠ ਨਾਲ ਜੁੜੇਗਾ ਉਸ ਕੋਲ ਉਸ ਦੇ ਖਜ਼ਾਨੇ ਦੀ ਦੌਲਤ ਆ ਜਾਵੇਗੀ। ਫਿਰ ਵਿਸ਼ਵਾਸ਼ ਪੈਦਾ ਹੋਵੇਗਾ –

*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥*

ਜੋ ਸੰਸਾਰਕ ਸੁਖ ਪਦਾਰਥ ਚੰਗੇ ਲਗਦੇ ਹਨ ਉਹ ਸਭ ਉਸ ਮਾਲਕ ਨੇ ਪੈਦਾ ਕੀਤੇ ਹਨ। ਇਸ ਕਰਕੇ ਸੁਖਾਂ ਨਾਲ ਨਹੀਂ, ਸੁਖਾਂ ਦੇ ਦਾਤੇ ਨਾਲ ਜੁੜਨਾ ਹੈ। ਉਸ ਨਾਲ ਜੁੜਨ ਨਾਲ ਸਾਰੇ ਪਦਾਰਥ ਆਪੇ ਹੀ ਆ ਜਾਣਗੇ। ਸੰਸਾਰ ਦੀ ਸਾਰੀ ਕਿਰਿਆ ਨੂੰ ਚਲਾਉਣ ਵਾਲਾ ਉਹ ਆਪ ਹੀ ਹੈ –

*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥*

ਭਾਵ –

*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ ਅੰਗ – ੧*

*ਜੋ ਪ੍ਰਭਿ ਕੀਤੇ ਆਪਣੇ ਸੇਇ ਕਹੀਅਹਿ ਧੰਨਿ ॥*

ਜੋ ਪ੍ਰਮੇਸ਼ਰ ਨਾਲ ਜੁੜ ਗਏ ਉਹ ਜੀਵ ਮਾਲਕ ਦੇ ਆਪਣੇ ਹੋ ਗਏ। ਉਹ ਉਸ ਦੇ 'ਖਾਲਸੇ' ਹੋ ਗਏ। 'ਖਾਲਸੇ' ਦਾ ਅਰਥ ਹੀ ਰੱਬ ਦਾ ਆਪਣਾ ਹੈ। ਭਾਵ –

*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥*
*ਅੰਗ – ੬੫੫*

ਪ੍ਰੇਮਾ ਭਗਤੀ ਵਿਚ ਲੀਨ ਜਨ ਉਸ ਦੇ ਆਪਣੇ ਭਾਵ ਖਾਲਸੇ ਹੋ ਗਏ। ਉਹ ਧੰਨਤਾ ਦੇ ਯੋਗ ਹੋ ਗਏ।

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ– ੨੯੩*

*ਧੰਨੁ ਧੰਨੁ ਧੰਨੁ ਜਨੁ ਆਇਆ ॥*
*ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥ ਅੰਗ – ੨੯੪*

ਉਹਨਾਂ ਦਾ ਗੁਰੂ ਵੀ ਧੰਨ ਹੈ –

*ਧਨੁ ਧੰਨੁ ਤਿਨਾ ਕਾ ਗੁਰੂ ਹੈ*
*ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ॥ ਅੰਗ– ੫੯੮*

ਅੰਦਰੋਂ ਉਸ ਮਾਲਕ ਨਾਲ ਜੁੜੇ ਹੋਏ ਧੰਨ ਹਨ। ਮਾਲਕ ਉਹਨਾਂ ਨੂੰ ਆਪਣੇ ਬਣਾ ਲੈਂਦਾ ਹੈ ਤੇ ਉਹ ਧੰਨਤਾ ਦੇ ਯੋਗ ਹੋ ਜਾਂਦੇ ਹਨ।

*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*

ਜੇ ਉਹ ਪ੍ਰਮੇਸ਼ਰ ਆਪਣੀਆਂ ਚਤੁਰਾਈਆਂ, ਸਿਆਣਪਾਂ ਨਾਲ ਮਿਲਦਾ ਹੁੰਦਾ ਤਾਂ ਜੀਵ ਵਿਛੜ ਕੇ ਦੁਖੀ ਕਿਉਂ ਹੁੰਦੇ?

*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥*
*ਅੰਗ– ੧*

*ਚਤੁਰਾਈ ਨ ਚਤੁਰਭੁਜੁ ਪਾਈਐ॥ ਅੰਗ– ੩੨੪*

*(ਬਾਕੀ ਪੰਨਾ 40 'ਤੇ)*

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-20)*

ਜਨਮਸਾਖੀ ਵਿਚ ਆਉਂਦਾ ਹੈ ਕਿ ਜਦੋਂ ਗੁਰੂ ਨਾਨਕ ਪਾਤਸ਼ਾਹ ਏਮਨਾਬਾਦ ਗਏ ਹੋਏ ਸਨ। ਆਪ ਭਾਈ ਲਾਲੋ ਦਾ ਪ੍ਰੇਮ ਦੇਖ ਕੇ ਉਥੇ ਠਹਿਰ ਗਏ। ਆਪ ਜੀ ਨੇ ਸਾਨੂੰ ਮਤ ਦੇਣ ਵਾਸਤੇ ਕਰੜੀ ਤਤਿਕਸ਼ਾ ਸ਼ੁਰੂ ਕਰ ਦਿਤੀ। ਰੇਤ ਤੇ ਅੱਕ ਦਾ ਅਹਾਰ ਕੀਤਾ ਅਤੇ ਰੋੜਾਂ ਦੀ ਗੁਰੂ ਨੇ ਵਿਛਾਈ ਕਰਕੇ ਬਖਸ਼ਿਸ਼ ਦਾ ਦਰ ਪ੍ਰਾਪਤ ਕੀਤਾ। ਪਿਛੋਂ ਘਾਲ ਕਮਾਈ ਕਰਕੇ ਅਸਾਨੂੰ ਸਬਕ ਦਿਤਾ।

***ਪਹਿਲਾਂ ਬਾਬੇ ਪਾਯਾ ਬਖਸ਼ ਦਰ***
***ਪਿਛੋਂ ਦੇ ਫਿਰ ਘਾਲ ਕਮਾਈ।***
***ਰੇਤ ਅੱਕ ਅਹਾਰ ਕਰ***
***ਰੋੜਾਂ ਦੀ ਗੁਰ ਕਰੀ ਵਿਛਾਈ।***
***ਭਾਰੀ ਕਰੀ ਤਪੱਸਯਾ***
***ਬਡੇ ਭਾਗ ਹਰਿ ਸਿਉ ਬਨਿ ਆਈ।***
***ਬਾਬਾ ਪੈਧਾ ਸੱਚਖੰਡ***
***ਨਉਨਿਧਿ ਨਾਮ ਗਰੀਬੀ ਪਾਈ।***
***ਬਾਬਾ ਦੇਖੇ ਧਜਾਨ ਧਰ***
***ਜਲਤੀ ਸਭ ਪ੍ਰਿਥਮੀ ਦਿਸ ਆਈ।***
***ਬਾਝਹੁ ਗੁਰੂ ਗੁਬਾਰ ਹੈ***
***ਹੈ ਹੈ ਕਰਦੀ ਸੁਣੀ ਲੁਕਾਈ।***
***ਬਾਬੇ ਭੇਖ ਬਣਾਇਆ***
***ਉਦਾਸੀ ਕੀ ਰੀਤ ਚਲਾਈ।***
***ਚੜ੍ਹਿਆ ਸੋਧਣ ਧਰਤਿ ਲੁਕਾਈ।***
***ਭਾਈ ਗੁਰਦਾਸ ਜੀ, ਵਾਰ 1/24***

ਉਥੇ ਰਹਿੰਦਿਆਂ ਮਰਦਾਨਾ ਜਦੋਂ ਸ਼ਹਿਰ ਵਿਚ ਜਾਂਦਾ ਹੈ ਤਾਂ ਗੁਰੂ ਮਹਾਰਾਜ ਜੀ ਦੀ ਬਹੁਤ ਨਿੰਦਿਆ ਸੁਣਦਾ ਹੈ। ਉਸ ਨੂੰ ਵੀ ਕੁਰਾਹੀਏ ਦਾ ਡੂੰਮ ਆਖ ਕੇ ਬੁਲਾਇਆ ਜਾਂਦਾ। ਪਿਆਰ ਵਾਲੇ ਤੋਂ ਆਪਣੇ ਗੁਰੂ ਦੀ ਨਿੰਦਿਆ ਨਹੀਂ ਸੁਣੀ ਜਾਂਦੀ। ਭਾਈ ਮਰਦਾਨੇ ਨੇ ਅੱਲਾਹ ਪਾਸ ਦੋਵੇਂ ਹੱਥ ਜੋੜ ਕੇ ਸਿਜਦਾ ਕੀਤਾ ਕਿ ਗੁਰੂ ਨਾਨਕ ਤਾਂ ਤੇਰਾ ਹੀ ਸਰੂਪ ਹੈ, ਇਹ ਮੂਰਖ ਕਿਉਂ ਨਿੰਦਿਆ ਕਰਦੇ ਹਨ। ਉਹ ਜਦੋਂ ਗੁਰੂ ਮਹਾਰਾਜ ਜੀ ਪਾਸ ਆਉਂਦਾ ਹੈ ਤਾਂ ਗੁਰੂ ਮਹਾਰਾਜ ਨੂੰ ਆਪਣੇ ਹਿਰਦੇ ਦੀ ਵੇਦਨਾ ਦਸਦਾ ਹੈ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, "ਮਰਦਾਨਿਆਂ! ਦੁਨੀਆਂ ਵਿਚ ਆਪਣੀ ਪਤ ਰੱਖਣੀ ਬਹੁਤ ਮੁਸ਼ਕਲ ਹੈ -

***ਏਸ ਕਲੀਓ ਪੰਜ ਭੀਤਿਓ***
***ਕਿਉ ਕਰਿ ਰਖਾ ਪਤਿ।***
***ਜੇ ਬੋਲਾਂ ਤਾਂ ਆਖੀਐ***
***ਬੜ ਬੜ ਕਰੈ ਬਹੁਤ।***
***ਚੁਪ ਕਰਾਂ ਤਾਂ ਆਖੀਐ***
***ਇਤ ਘਟਿ ਨਾਹੀ ਮਤਿ॥***
***ਜੇ ਬਹਿ ਰਹਾ ਤਾ ਆਖੀਐ***
***ਬੈਠਾ ਸਥਰ ਘਤ।***
***ਉਠ ਜਾਈ ਤਾ ਆਖੀਐ***
***ਛਾਰੁ ਗਇਆ ਸਿਰ ਘਤਿ।***
***ਜੇ ਕਰਿ ਨਿਵਾਂ ਤਾਂ ਆਖੀਐ***
***ਡਰਦਾ ਕਰੇ ਭਗਤ।***
***ਕਾਈ ਗਲੀ ਨ ਮੇਵਨੀ ਜਿਥੇ ਕਢਾ ਝਤਿ।***
***ਏਥੇ ਓਥੈ ਨਾਨਕਾ ਕਰਤਾ ਰਖੈ ਪਤਿ।***

ਇਸੇ ਤਰ੍ਹਾਂ ਦੇ ਨਾਲ ਜੋ ਮਹਾਂਪੁਰਸ਼ ਹੁੰਦੇ ਹਨ ਉਹ ਉਸਤਤ ਨਿੰਦਿਆਂ ਦੀ ਪ੍ਰਵਾਹ ਹੀ ਨਹੀਂ ਕਰਿਆ ਕਰਦੇ। ਉਹ ਆਪਣੇ ਸਤਿ ਦੇ ਮਾਰਗ ਤੇ ਦ੍ਰਿੜ੍ਹਤਾ ਨਾਲ ਚਲ ਕੇ ਸੰਸਾਰ ਨੂੰ ਸਿੱਧਾ ਰਾਹ ਦਿਖਾਉਂਦੇ ਹਨ। ਸੋ ਲਛਮਣ ਜੀ ਨੇ ਕਿਹਾ ਕਿ ਹੇ ਪ੍ਰਭੂ! ਲੋਕਾਂ ਦਾ ਸੁਭਾਅ ਸਮਾਨ ਨਹੀਂ ਹੁੰਦਾ, ਤੁਸੀਂ ਆਪ ਸਭ ਕੁਝ ਜਾਣਦੇ ਹੋ। ਮਾਤਾ ਸੀਤਾ ਜੀ ਮਹਾਨ ਪਵਿੱਤਰ ਸਤੀ ਹੋਣ ਦੇ ਬਾਵਜੂਦ ਮੂਰਖ ਲੋਕਾਂ ਦੇ ਕਹਿਣ ਤੇ ਵਿਛੋੜੇ ਦਾ ਦੁੱਖ ਭੋਗ ਰਹੀ ਹੈ। ਆਪ ਮਰਿਆਦਾ ਪਰਸ਼ੋਤਮ ਹੋ, ਮਰਿਆਦਾ ਦੇ ਅਸੂਲਾਂ ਦੀ ਪਾਲਣਾ ਕਰਦੇ ਹੋਏ ਸੀਤਾ ਜੀ ਨੂੰ ਦੂਰ ਬਣਵਾਸੀ ਬਣਾ ਦਿਤਾ। ਤੁਸੀਂ ਤਾਂ ਸਭ ਕੁਝ ਜਾਣਦੇ ਹੋਂ ਪਰ ਮਰਿਆਦਾ ਦਾ ਪਾਲਣ ਕਰਦੇ ਹੋਏ ਬੇਪ੍ਰਵਾਹ ਹੋਂ। ਇਸ ਤਰ੍ਹਾਂ ਦੇ ਬਚਨ ਕਰਦੇ-ਕਰਦੇ ਉਨ੍ਹਾਂ ਦੇ ਅੱਗੋਂ ਇਕ ਮਿਰਗ ਨਿਕਲਿਆ। ਉਸ ਮਿਰਗ ਦੇ ਪਿਛੇ ਘੋੜੇ ਲਾਏ, ਮ੍ਰਿਗ ਜੰਗਲ ਵਿਚ ਛੁਪ ਗਿਆ। ਅੱਗੇ ਜੰਗਲ ਸਾਫ ਕਰਕੇ ਖੇਤ ਆ ਗਏ ਜਿਥੇ ਕਿਸਾਨਾਂ ਨੇ ਬੜੀ ਮਿਹਨਤ ਕਰਕੇ ਖੇਤੀ ਬੀਜੀ ਹੋਈ ਸੀ। ਇਨ੍ਹਾਂ ਦੋਹਾਂ ਨੂੰ ਪਿਆਸ ਲੱਗੀ। ਇਕ ਕਿਸਾਨ ਜੋ ਹਲ ਚਲਾ ਰਿਹਾ ਸੀ, ਉਸ ਦੇ ਪਾਸ ਪਹੁੰਚੇ ਅਤੇ ਕਿਹਾ ਕਿ ਅਸਾਨੂੰ ਜਲ ਪਿਲਾ। ਸ੍ਰੀ ਰਾਮ ਚੰਦਰ ਜੀ ਦੇਖਦੇ ਹਨ ਕਿ ਕਿਸਾਨ ਅਤੇ

ਬੈਲਾਂ ਨੇ ਗੋਡਿਆਂ ਤਕ ਲੋਹੇ ਦੇ ਬੂਟ ਪਹਿਨੇ ਹੋਏ ਹਨ। ਸਰੀਰ ਉਤੇ ਲੋਹੇ ਦੀ ਜਾਲੀ ਦਾ ਕੋਟ, ਸਿਰ ਤੇ ਲੋਹੇ ਦਾ ਟੋਪ ਪਹਿਨਿਆ ਹੋਇਆ ਹੈ, ਬਲਦਾਂ ਉਤੇ ਜਾਲੀ ਦੇ ਝੁੱਲ ਦਿਤੇ ਹੋਏ ਹਨ। ਬੜੇ ਹੈਰਾਨ ਹੋਏ ਕਿ ਇਹ ਕਿਹੋ ਜਿਹੀ ਵਰਦੀ ਹੈ। ਆਪ ਨੇ ਪਾਣੀ ਪੀ ਕੇ ਪਿਆਸ ਬੁਝਾਈ। ਸੁਭਾਵਿਕ ਹੀ ਸ੍ਰੀ ਰਾਮ ਚੰਦਰ ਜੀ ਨੇ ਕਿਸਾਨ ਨੂੰ ਪੁਛਿਆ ਕਿ ਇਹ ਤੂੰ ਐਨਾ ਲੋਹਾ ਆਪਣੇ ਅਤੇ ਇਨ੍ਹਾਂ ਬੈਲਾਂ ਦੇ ਸਰੀਰ ਉਪਰ ਕਿਉਂ ਬੰਨ੍ਹਿਆ ਹੋਇਆ ਹੈ? ਤਾਂ ਉਸ ਨੇ ਕਿਹਾ ਕਿ ਮਹਾਰਾਜ! ਇਸ ਦੇਸ਼ ਵਿਚ, ਜਿਥੇ ਅਸੀਂ ਰਹਿੰਦੇ ਹਾਂ, ਭੂਮੀ ਵਿਚ ਵੱਡੇ-ਵੱਡੇ ਬਿੱਛੂ ਰਹਿੰਦੇ ਹਨ ਜਿਨ੍ਹਾਂ ਵਿਚ ਐਨੀ ਜ਼ਹਿਰ ਹੈ ਕਿ ਉਹ ਪੱਥਰ ਵਿਚ ਵੀ ਡੰਗ ਮਾਰ ਦੇਣ ਤਾਂ ਸੰਖੀਆ ਬਣਾ ਦਿੰਦੇ ਹਨ। ਉਨ੍ਹਾਂ ਦੇ ਡਰ ਕਰਕੇ ਮੈਂ ਤੇ ਮੇਰੇ ਬੈਲਾਂ ਨੇ ਲੋਹੇ ਦੇ ਬੂਟ ਪਾਏ ਹੋਏ ਹਨ। ਇਹ ਜੋ ਬਲਦਾਂ ਉਪਰ ਝੁੱਲ ਤੇ ਟੋਪ ਦੀ ਗੱਲ ਕੀਤੀ ਹੈ ਉਸ ਬਾਰੇ ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਇਥੇ ਇਕ ਬਹੁਤ ਤਿੱਖੀ ਚੁੰਝ ਵਾਲਾ ਪੰਛੀ ਰਹਿੰਦਾ ਹੈ। ਇਹ ਪੰਛੀ ਚੁੰਝ ਮਾਰ ਕੇ ਮਾਸ ਕੱਢ ਕੇ ਲੈ ਜਾਂਦੇ ਹਨ। ਉਨ੍ਹਾਂ ਦੇ ਡਰ ਕਰਕੇ ਲੋਹੇ ਦਾ ਕੋਟ ਤੇ ਟੋਪ ਪਾਇਆ ਹੋਇਆ ਹੈ। ਸੁਭਾਵਿਕ ਹੀ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਐ ਕਿਸਾਨ! ਜਿਸ ਭੂਮੀ ਵਿਚ ਐਨਾ ਦੋਸ਼ ਹੋਵੇ, ਤੁਸੀਂ ਉਸ ਨੂੰ ਛੱਡ ਕਿਉਂ ਨਹੀਂ ਦਿੰਦੇ? ਇਤਨੀ ਭੂਮੀ ਬਾਹਰ ਪਈ ਹੈ ਜਿਥੇ ਤੁਸੀਂ ਖੇਤੀ ਕਰ ਸਕਦੇ ਹੋਂ, ਐਨੇ ਨਦੀ ਨਾਲੇ ਚਲ ਰਹੇ ਹਨ ਜਿਥੋਂ ਤੁਸੀਂ ਆਪਣੇ ਖੇਤਾਂ ਨੂੰ ਪਾਣੀ ਲਾ ਸਕਦੇ ਹੋਂ। ਐਨੇ ਦੋਸ਼ ਵਾਲੀ ਭੂਮੀ ਤੁਹਾਨੂੰ ਛੱਡ ਦੇਣੀ ਚਾਹੀਦੀ ਹੈ। ਉਸ ਵੇਲੇ ਕਿਸਾਨ ਨੇ ਕਿਹਾ ਕਿ ਮਹਾਰਾਜ! ਆਪਣੀ ਇਸਤ੍ਰੀ ਅਤੇ ਭੂਮੀ ਵਿਚ ਕਿੰਨੇ ਵੀ ਦੋਸ਼ ਕਿਉਂ ਨਾ ਹੋਣ, ਕੋਈ ਅਣਖ ਵਾਲਾ ਬੰਦਾ ਆਪਣੀ ਭੂਮੀ ਅਤੇ ਇਸਤ੍ਰੀ ਦਾ ਕਦੇ ਵੀ ਤਿਆਗ ਨਹੀਂ ਕਰ ਸਕਦਾ। ਇਹ ਤਾਂ ਸ੍ਰੀ ਰਾਮ ਚੰਦਰ ਜੀ ਹੀ ਸਨ ਜਿਨ੍ਹਾਂ ਨੇ ਇਕ ਧੋਬੀ ਦੇ ਕਹਿਣ ਤੇ ਆਪਣੀ ਇਸਤ੍ਰੀ ਤੇ ਸ਼ੱਕ ਕਰਕੇ ਉਸ ਨੂੰ ਛੱਡ ਦਿਤਾ। ਉਹ ਸਤੀ ਸੀਤਾ ਇਸ ਸ਼ੱਕ ਕਰਕੇ ਮਹਾਂ ਦੁਖ ਭੋਗ ਰਹੀ ਹੈ। ਉਸ ਨੇ ਬਹੁਤ ਨਿੰਦਿਆ ਕੀਤੀ ਕਿ ਰਾਮ ਚੰਦਰ ਜੀ ਨੇ ਸੀਤਾ ਜੀ ਦਾ ਤਿਆਗ ਕਰਕੇ ਬਹੁਤ ਬੁਰਾ ਕੀਤਾ ਹੈ। ਕਿਸਾਨ ਨੇ ਹੱਲ ਫੇਰ ਜੋੜ ਲਿਆ। ਸ੍ਰੀ ਰਾਮ ਚੰਦਰ ਜੀ ਤੇ ਲੱਛਮਣ ਜੀ ਘੋੜਿਆਂ ਤੇ ਚੜ੍ਹਣ ਲੱਗੇ ਤਾਂ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਦੇਖੋ! ਲੱਛਮਣ! ਆਪਾਂ ਸੀਤਾ ਜੀ ਬਾਰੇ ਪੂਰੀ ਤਰ੍ਹਾਂ ਜਾਣਦੇ ਹਾਂ ਕਿ ਉਹ ਮਹਾਂ ਪਵਿੱਤਰ ਦੇਵੀ ਹੈ ਪਰ ਲੋਕਾਂ ਦੀ ਨਿੰਦਿਆ ਸੁਣ ਕੇ ਉਸ ਦਾ ਤਿਆਗ ਕਰ ਦਿਤਾ। ਹੁਣ ਇਸ ਗੱਲ ਦੀ ਦੂਸਰੇ ਲੋਕ ਨਿੰਦਾ ਕਰਦੇ ਹਨ। ਸੋ ਇਹ ਲੋਕ ਲਾਜ ਦੀ ਵਾਸ਼ਨਾ ਪ੍ਰਭੂ ਦੇ ਦਰਸ਼ਨ ਵਿਚ ਬਹੁਤ ਭਾਰੀ ਵਿਘਨ ਹੈ।

ਚੌਥੀ ਵਾਸ਼ਨਾ ਸਾਸ਼ਤਰ ਵਾਸ਼ਨਾ ਹੋਇਆ ਕਰਦੀ ਹੈ। ਕਿਤਾਬਾਂ ਦੇ ਢੇਰਾਂ ਦੇ ਢੇਰ ਲਾ ਲੈਣੇ ਅਤੇ ਹਰ ਸਮੇਂ ਪੜ੍ਹਦੇ ਹੀ ਰਹਿਣਾ। ਪੜ੍ਹ-ਪੜ੍ਹ ਕੇ ਲੋਕਾਂ ਨੂੰ ਸੁਣਾਉਣਾ ਅਤੇ ਇਹ ਵਾਸ਼ਨਾ ਰੱਖਣੀ ਕਿ ਲੋਕ ਮੇਰੇ ਪ੍ਰਵਚਨ ਸੁਣ ਕੇ, ਗਾਉਣਾ ਸੁਣ ਕੇ ਮੋਹਿਤ ਹੋ ਜਾਣ। ਮੇਰੇ ਵਰਗਾ ਹੋਰ ਕੋਈ ਰਾਗੀ, ਕਥਾਕਾਰ, ਲੈਕਚਰਾਰ ਨਾ ਹੋਵੇ ਅਤੇ ਇਹ ਵਾਸ਼ਨਾ ਸਦਾ ਲੱਗੀ ਰਹਿਣੀ ਕਿ ਮੈਂ ਵੱਧ ਤੋਂ ਵੱਧ ਗ੍ਰੰਥ ਪੜ੍ਹ ਲਵਾਂ। ਉਨ੍ਹਾਂ ਵਿਚੋਂ ਕਥਨ ਕੁਟੇਸ਼ਨਾਂ ਯਾਦ ਕਰਕੇ ਮੈਂ ਭਰੀਆਂ ਸਭਾਵਾਂ ਵਿਚ ਸੁਣਾ ਕੇ ਜਸ ਲਵਾਂ। ਲੋਕ ਇਹ ਕਹਿਣ ਕਿ ਅਜਿਹਾ ਵਿਦਵਾਨ ਅਸੀਂ ਕੋਈ ਨਹੀਂ ਦੇਖਿਆ। ਇਹ ਸਾਸ਼ਤਰ ਵਾਸ਼ਨਾ ਕਹਾਉਂਦੀ ਹੈ।

ਐਸਾ ਗ੍ਰੰਥਾਂ ਵਿਚ ਆਉਂਦਾ ਹੈ ਕਿ ਇਕ ਭਾਰਦ੍ਵਾਜ ਮੁਨੀ ਹੋਏ ਹਨ ਜਿਹੜੇ ਅਨੇਕ ਪ੍ਰਕਾਰ ਦੀਆਂ ਔਸ਼ੁਧੀਆਂ ਖਾ ਕੇ ਆਪਣੇ ਗਲੇ ਦੇ ਸੁਰ ਨੂੰ ਐਨਾ ਮਿਠਾ ਰਖਦੇ ਸਨ ਕਿ ਲੋਕ ਸੁਣ ਕੇ ਮੋਹਿਤ ਹੋ ਜਾਂਦੇ ਸਨ। ਉਹ ਇਸੇ ਖਿਆਲ ਵਿਚ ਰਹਿੰਦੇ ਸਨ ਅਤੇ ਬ੍ਰਹਮ ਚਿੰਤਨ ਦਾ ਉਨ੍ਹਾਂ ਨੂੰ ਸਮਾਂ ਨਹੀਂ ਸੀ ਮਿਲਦਾ। ਇਸ ਵਾਸ਼ਨਾ ਅਧੀਨ ਉਹ ਪ੍ਰਭੂ ਨੂੰ ਭੁੱਲੇ ਰਹਿੰਦੇ ਸਨ। ਬਿਰਧ ਹੋਣ ਤੇ ਵੀ ਉਨ੍ਹਾਂ ਨੇ ਇਸ ਖਿਆਲ ਨੂੰ ਨਾ ਛੱਡਿਆ।

ਐਸਾ ਲਿਖਿਆ ਮਿਲਦਾ ਹੈ ਕਿ ਇਕ ਵਾਰੀ ਇੰਦਰ ਉਸ ਦੇ ਪਾਸ ਆਇਆ, ਉਸ ਨੇ ਉਸ ਦੇ ਬਚਨ ਸੁਣੇ। ਇੰਦਰ ਨੇ ਪੁਛਿਆ ਕਿ ਮੁਨੀ ਜੀ! ਤੁਸੀਂ ਬ੍ਰਹਮ ਚਿੰਤਨ ਕਿੰਨਾ ਸਮਾਂ ਕਰਦੇ ਹੋਂ? ਉਸ ਨੇ ਕਿਹਾ ਕਿ ਬ੍ਰਹਮ ਚਿੰਤਨ ਦਾ ਸਮਾਂ ਤਾਂ ਘੱਟ ਮਿਲਦਾ ਹੈ ਪਰ ਮੇਰੇ ਮਨ ਵਿਚ ਇਕ ਲਾਲਸਾ ਰਹਿੰਦੀ ਹੈ ਕਿ ਮੈਂ ਪਾਠ ਵਗੈਰਾ ਕਰਦਾ ਜਾਵਾਂ ਅਤੇ ਲੋਕ ਸੁਣ ਕੇ ਵਾਹਵਾ-ਵਾਹਵਾ ਕਰਨ। ਇੰਦਰ ਨੇ ਕਿਹਾ ਕਿ ਜੇ ਤੁਹਾਨੂੰ ਹੋਰ ਆਯੂ ਮਿਲ ਜਾਵੇ ਤਾਂ ਫੇਰ ਤੁਸੀਂ ਕੀ ਕਰੋਂਗੇ? ਤਾਂ ਉਸ ਨੇ ਕਿਹਾ ਕਿ ਮੈਂ ਉਸ ਮਿਲੀ ਹੋਈ ਆਯੂ ਵਿਚ ਵੀ ਲੋਕਾਂ ਨੂੰ ਆਪਣੇ ਪ੍ਰਵਚਨ ਸੁਣਾ ਕੇ ਮੋਹਿਤ ਕਰਾਂਗਾ। ਤਾਂ ਇੰਦਰ ਨੇ ਕਿਹਾ ਕਿ ਮੁਨੀ ਜੀ! ਕੰਠ ਤਾਂ ਤੁਹਾਡੇ ਵਸ ਵਿਚ ਨਹੀਂ ਹੈ, ਇਹ ਤਾਂ ਪ੍ਰਭੂ ਦੇ ਵਸ ਵਿਚ ਹੈ ਜਿਸ ਨੂੰ ਜੋ ਇੰਦਰਾ ਦਿੰਦਾ ਹੈ, ਉਹ ਨੇਤ ਦੇ ਮੁਤਾਬਿਕ ਉਸਦੀ ਵਰਤੋਂ ਕਰਦਾ ਹੈ। ਤੁਸੀਂ ਵਾਸ਼ਨਾ ਵਿਚ ਫਸੇ ਹੋਏ ਹੋਂ, ਇਸ ਵਾਸ਼ਨਾ ਦਾ ਤਿਆਗ ਕਰੋ ਅਤੇ ਬ੍ਰਹਮ ਚਿੰਤਨ ਕਰੋ। ਤੁਹਾਡਾ ਅੰਤ ਬਹੁਤ ਦੂਰ ਨਹੀਂ ਹੈ। ਮਾਨਸ ਜਨਮ ਬਹੁਤ ਭਾਗਾਂ ਨਾਲ ਮਿਲਿਆ ਹੈ। ਤੁਸੀਂ ਉਹ ਕੰਮ ਕਰੋ ਜਿਸ ਬਾਰੇ

ਗੁਰੂ ਨਾਨਕ ਪਾਤਸ਼ਾਹ ਨੇ ਵੀ ਫੁਰਮਾਨ ਕੀਤਾ ਹੈ -

***ਨਾਨਕ ਲੇਖੈ ਇਕ ਗਲ***
***ਹੋਰੁ ਹਉਮੈ ਝਖਣਾ ਝਾਖ॥ ਅੰਗ - ੪੬੭***

ਗੁਰੂ ਮਹਾਰਾਜ ਜੀ ਨੇ ਸਾਸ਼ਤਰ ਵਾਸ਼ਨਾ ਬਾਰੇ ਬਾਣੀ ਵਿਚ ਬਹੁਤ ਥਾਂ ਤੇ ਜ਼ਿਕਰ ਕੀਤਾ ਹੈ -

***ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ॥***
***ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ॥***
***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥***
***ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ॥***
***ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ॥***
***ਮੰਨੇ ਨਾਉ ਬਿਸੰਖ ਦਰਗਹ ਪਾਵਣਾ॥***
***ਖਾਲਕ ਕਉ ਆਦੇਸੁ ਢਾਢੀ ਗਾਵਣਾ॥***
***ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥***
***ਅੰਗ - ੧੪੮***

ਇਸੇ ਨੂੰ ਹੋਰ ਵਿਸਥਾਰ ਦਿੰਦੇ ਹੋਏ ਗੁਰੂ ਮਹਾਰਾਜ ਨੇ ਫੁਰਮਾਇਆ ਹੈ-

***ਪੜਿ ਪੜਿ ਗਡੀ ਲਦੀਅਹਿ***
***ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ***
***ਪੜਿ ਪੜਿ ਗਡੀਅਹਿ ਖਾਤ॥***
***ਪੜੀਅਹਿ ਜੇਤੇ ਬਰਸ ਬਰਸ***
***ਪੜੀਅਹਿ ਜੇਤੇ ਮਾਸ।।***
***ਪੜੀਐ ਜੇਤੀ ਆਰਜਾ***
***ਪੜੀਅਹਿ ਜੇਤੇ ਸਾਸ॥***
***ਨਾਨਕ ਲੇਖੈ ਇਕ ਗਲ***
***ਹੋਰੁ ਹਉਮੈ ਝਖਣਾ ਝਾਖ॥ ਅੰਗ - ੪੬੭***

ਸੋ ਇਹ ਸਾਸ਼ਤਰ ਵਾਸ਼ਨਾ ਪ੍ਰਭੂ ਮਿਲਾਪ ਵਿਚ ਬੰਧਨ ਰੂਪ ਹੈ। ਇਹ ਵਾਸ਼ਨਾ ਵੱਡੇ-ਵੱਡੇ ਰਿਸ਼ੀਆਂ-ਮੁਨੀਆਂ ਨੂੰ ਹੋਈ। ਨਾਰਦ ਨੂੰ ਹੋਈ, ਜਿਹੜਾ 64 ਪ੍ਰਕਾਰ ਦੀ ਵਿਦਿਆ ਵਿਚ ਪ੍ਰਬੀਨ ਸੀ। ਪਰ ਉਸ ਦੇ ਮਨ ਵਿਚ ਸ਼ਾਂਤੀ ਨਾ ਆਈ। ਉਸ ਨੇ ਸੰਤ ਕੁਮਾਰ ਰਿਸ਼ੀਆਂ ਨੂੰ ਜਾ ਕੇ ਆਪਣਾ ਦੁਖ ਦਸਿਆ ਕਿ ਕ੍ਰਿਪਾ ਕਰੋ ਮੈਨੂੰ ਇਸ ਦੁਖ ਵਿਚੋਂ ਕੱਢੋ। ਤਾਂ ਉਹ ਕਹਿਣ ਲੱਗੇ ਕਿ ਤੂੰ ਕੇਵਲ ਪੁਸਤਕਾਂ ਹੀ ਪੜ੍ਹੀਆਂ ਹਨ ਤੂੰ ਤੱਤ ਨੂੰ ਨਹੀਂ ਜਾਣਿਆ। ਤੱਤ ਨੂੰ ਨਾ ਜਾਨਣ ਵਾਲਾ ਜੋ ਪਠਨ ਪਾਠ ਕਰਦਾ ਹੈ, ਵਿਦਵਾਨ ਬਣ ਕੇ ਜੋ ਆਪਣੀ ਕਲਮ ਚਲਾਉਂਦਾ ਹੈ, ਦੁਨੀਆਂ ਨੂੰ ਸੁਮੱਤ ਦਿੰਦਾ ਹੈ ਉਸ ਨੇ ਜੇ ਬੁੱਝਿਆ ਨਹੀਂ, ਤਾਂ ਗੁਰੂ ਮਹਾਰਾਜ ਜੀ ਦੇ ਫੁਰਮਾਨ ਮੁਤਾਬਿਕ -

***ਨਾਨਕ ਲੇਖੈ ਇਕ ਗਲ***
***ਹੋਰੁ ਹਉਮੈ ਝਖਣਾ ਝਾਖ॥ ਅੰਗ- ੪੬੭***

ਤਾਂ ਉਹ ਵਿਦਵਾਨ ਪੁਰਸ਼ ਨਹੀਂ ਹੈ, ਉਹ ਕੇਵਲ ਚੁੰਚ ਗਿਆਨੀ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਜਗੁ ਕਊਆ ਮੁਖਿ ਚੁੰਚ ਗਿਆਨੁ॥***
***ਅੰਗ - ੮੩੨***

ਉਸ ਨੇ ਤਤੂ ਨੂੰ ਨਹੀਂ ਜਾਣਿਆ ਅਤੇ ਉਸ ਵਿਦਵਾਨ ਦਾ ਦਰਜਾ ਗੁਰੂ ਮਹਾਰਾਜ ਜੀ ਦੇ ਅਨੁਸਾਰ ਬਹੁਤ ਹੀ ਨੀਵਾਂ ਚਲਿਆ ਜਾਂਦਾ ਹੈ। ਆਪ ਫੁਰਮਾਨ ਕਰਦੇ ਹਨ -

***ਆਵਨ ਆਏ ਸ੍ਰਿਸਟਿ ਮਹਿ***
***ਬਿਨੁ ਬੂਝੇ ਪਸੁ ਢੋਰ॥***
***ਨਾਨਕ ਗੁਰਮੁਖਿ ਸੋ ਬੁਝੈ***
***ਜਾ ਕੈ ਭਾਗ ਮਥੋਰ॥ ਅੰਗ - ੨੫੧***

ਉਹ ਕੁਝ ਵੀ ਨਹੀਂ ਹੈ, ਕੜਛੀ ਦੀ ਨਿਆਈਂ ਉਸ ਨੂੰ ਬਿਰਤੀ ਕਿੰਨੇ ਵੀ ਸੁਆਦੂ ਭੋਜਨ ਬਣਾ ਲਓ ਉਸ ਨੂੰ ਕੋਈ ਅਨੰਦ ਨਹੀਂ ਆਉਂਦਾ। ਉਹ ਸੁੰਨੀ ਹੀ ਘੁੰਮਦੀ ਹੈ।

***ਪੜਣਾ ਗੁੜਨਾ ਸੰਸਾਰ ਕੀ ਕਾਰ ਹੈ***
***ਅੰਦਰਿ ਤ੍ਰਿਸਨਾ ਵਿਕਾਰੁ॥***
***ਹਉਮੈ ਵਿਚਿ ਸਭਿ ਪੜਿ ਥਕੇ***
***ਦੂਜੈ ਭਾਇ ਖੁਆਰੁ॥***
***ਸੋ ਪੜਿਆ ਸੋ ਪੰਡਿਤੁ ਬੀਨਾ***
***ਗੁਰ ਸਬਦਿ ਕਰੇ ਵੀਚਾਰੁ॥***
***ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ॥***
***ਅੰਗ - ੬੫੦***

ਪੜ੍ਹਨਾ ਕੋਈ ਬੁਰੀ ਗੱਲ ਨਹੀਂ ਹੈ ਪਰ ਉਸ ਦੇ ਪਿਛੇ ਇਕ ਜੀਵਨ ਕੰਮ ਕਰਿਆ ਕਰਦਾ ਹੈ ਕਿ ਜੇ ਅਧਿਆਤਮਕ ਗ੍ਰੰਥ ਪੜ੍ਹਨੇ ਹਨ ਤਾਂ ਉਹ ਇਸ ਲਈ ਪੜ੍ਹੇ ਜਾਂਦੇ ਹਨ ਕਿ ਸਾਨੂੰ ਆਤਮ ਤੱਤ ਦੀ ਕੁਝ ਪਛਾਣ ਹੋ ਜਾਵੇ। ਜੇ ਇਹ ਭਾਵਨਾ ਮਨ ਵਿਚ ਨਹੀਂ ਹੈ, ਆਤਮ ਤੱਤ ਨੂੰ ਨਹੀਂ ਜਾਣਿਆ ਫਿਰ ਤਾਂ ਉਹ ਸੁਖ ਤੋਂ ਖਾਲੀ ਹੀ ਰਹਿ ਗਿਆ। ਜਿਵੇਂ ਸਲੂਣੀਆਂ ਸਬਜ਼ੀਆਂ ਵਿਚ ਬੇਅੰਤ ਕਿਸਮ ਦੇ ਮਸਾਲੇ ਪਾ ਕੇ ਉਸ ਨੂੰ ਸੁਆਦੂ ਬਣਾਇਆ ਜਾਂਦਾ ਹੈ, ਉਸ ਦੀ ਸੁਗੰਧ ਦੂਰ-ਦੂਰ ਤਕ ਫੈਲ ਜਾਂਦੀ ਹੈ ਪਰ ਕੜਛੀ ਨੂੰ ਕੋਈ ਸੁਆਦ ਨਹੀਂ ਆਇਆ ਕਰਦਾ। ਉਹ ਸਬਜ਼ੀ ਵਿਚ ਘੁੰਮਦੀ ਤਾਂ ਰਹਿੰਦੀ ਹੈ ਪਰ ਉਹ ਰਸ ਤੋਂ ਖਾਲੀ ਰਹਿੰਦੀ ਹੈ। ਬ੍ਰਹਮ ਚਿੰਤਨ ਮੁੱਖ ਕਰਮ ਹੈ, ਪੜ੍ਹਨ ਦੀ ਵਾਸ਼ਨਾ ਤਿਆਗ ਕੇ ਬ੍ਰਹਮਚਿੰਤਨ ਕਰਨਾ ਚਾਹੀਦਾ ਹੈ। ਆਪਣੇ ਸਰੂਪ ਦਾ ਜਦੋਂ ਤਕ ਗਿਆਨ ਨਹੀਂ ਹੁੰਦਾ ਅਤੇ ਪਰੀਪੂਰਨ ਵਾਹਿਗੁਰੂ ਜੀ ਜਦੋਂ ਤਕ ਅੰਦਰ

ਪ੍ਰਗਟ ਨਹੀਂ ਹੁੰਦੇ ਉਸ ਸਮੇਂ ਤਕ ਪੜ੍ਹਨਾ ਇਕ ਬੋਝ ਹੀ ਹੋਇਆ ਕਰਦਾ ਹੈ। ਇਕ ਥਕੇਵਾਂ ਹੁੰਦਾ ਹੈ ਕਿਸੇ ਲੇਖੇ ਵਿਚ ਨਹੀਂ ਪਿਆ ਕਰਦਾ। ਰੋਜ਼ੀ ਤਾਂ ਵਾਹਿਗੁਰੂ ਜੀ ਨੇ ਪ੍ਰਾਲਬਧ ਕਰਮ ਅਨੁਸਾਰ ਸਭ ਨੂੰ ਦੇਣੀ ਹੀ ਹੈ ਪਰ ਮੁਖ ਕਰਮ ਤਾਂ ਵਾਹਿਗੁਰੂ ਜੀ ਦੀ ਪ੍ਰਾਪਤੀ ਹੈ, ਛਿਨ-ਛਿਨ ਕਰਕੇ ਅਉਧ ਬੀਤਦੀ ਤੁਰੀ ਜਾਂਦੀ ਹੈ।

ਕਈ ਪ੍ਰੇਮੀਆਂ ਦਾ ਇਹ ਖਿਆਲ ਹੁੰਦਾ ਹੈ ਕਿ ਪੜ੍ਹਨ ਤੋਂ ਬਗੈਰ ਆਦਮੀ ਅਣਜਾਣ ਰਹਿੰਦਾ ਹੈ। ਉਸ ਨੂੰ ਕੁਝ ਵੀ ਪਤਾ ਨਹੀਂ ਹੁੰਦਾ, ਇਸ ਪੜ੍ਹਨ ਬਾਰੇ ਇਥੇ ਗੱਲ ਨਹੀਂ ਕੀਤੀ ਜਾ ਰਹੀ। ਦੁਨੀਆਂ ਦੇ ਕਾਰਜਾਂ ਲਈ ਉਨ੍ਹਾਂ ਪੁਸਤਕਾਂ ਦਾ ਪੜ੍ਹਨਾ ਜਿਵੇਂ ਸਾਇੰਸ ਦੀਆਂ ਪੁਸਤਕਾਂ ਹਨ, ਮੈਡੀਕਲ ਦੀਆਂ ਪੁਸਤਕਾਂ ਹਨ, ਇੰਜਨੀਅਰ, ਹਿਸਟਰੀ, Geography ਜਾਂ ਰਾਜਨੀਤਕ ਦੀਆਂ ਪੁਸਤਕਾਂ ਹਨ, ਇਹ ਕੇਵਲ ਜਾਣਕਾਰੀ ਵਧਾਉਂਦੀਆਂ ਹਨ। ਸਮਾਜ ਵਿਚ ਆਪਣੀ ਰੋਜ਼ੀ ਕਮਾਉਣ ਦੇ ਕਰਮ ਨੂੰ ਸੁਖਾਲਾ ਬਣਾਉਂਦੀਆਂ ਹਨ ਪਰ ਇਹ ਸਭ ਕੁਝ ਕਰਕੇ ਆਦਮੀ ਸੁਖਾਲਾ ਨਹੀਂ ਕਹਾ ਸਕਦਾ ਕਿਉਂਕਿ ਉਸ ਨੇ ਇਹ ਵਿਦਿਆ ਨਹੀਂ ਪੜ੍ਹੀ ਜਿਸ ਵਿਦਿਆ ਅਨੁਸਾਰ ਉਹ ਕਾਮ ਦੇ ਮਾਰੂ ਪੰਜੇ ਵਿਚੋਂ ਸੁਤੰਤਰ ਹੋ ਸਕੇ। ਦੁੰਦਰ ਕ੍ਰੋਧ ਦੀ ਭੈ ਦਾਇਕ ਜਕੜ ਵਿਚੋਂ ਨਿਕਲ ਸਕੇ, ਮੋਹ ਦੇ ਅਨੇਕ ਤੰਦਾਂ ਵਿਚੋਂ ਸੁਤੰਤਰ ਹੋ ਸਕੇ। ਲੋਭ ਅਤੇ ਅਭਿਮਾਨ ਨੂੰ ਸਮਝ ਸਕੇ। ਇਸੇ ਤਰ੍ਹਾਂ ਨਾਲ ਇਹ ਪੁਸਤਕਾਂ ਪੜ੍ਹਨ ਨਾਲ ਨਹੀਂ ਪਤਾ ਲਗਦਾ ਕਿ ਰਾਜ, ਮਾਲ, ਰੂਪ, ਜਾਤ, ਜੋਬਨ ਤੋਂ ਕਿਵੇਂ ਛੁਟਕਾਰਾ ਪਾਇਆ ਜਾ ਸਕਦਾ ਹੈ। ਨਾ ਹੀ ਉਸ ਨੂੰ ਇਹ ਪਤਾ ਲਗਦਾ ਹੈ ਕਿ ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਵਿਸ਼ਿਆਂ ਵਿਚੋਂ ਕਿਵੇਂ ਨਿਕਲਿਆ ਜਾ ਸਕਦਾ ਹਾਂ। ਪੰਜ ਕਲੇਸ਼ ਉਸ ਦੇ ਮਨ ਨੂੰ ਹਰ ਵਕਤ ਪੀੜਤ ਕਰਦੇ ਰਹਿੰਦੇ ਹਨ। ਇਨ੍ਹਾਂ ਪੰਜਾਂ ਕਲੇਸ਼ਾਂ - ਅਵਿਦਿਆ, ਅਭੀਨਿਵੇਸ਼, ਅਸੀਮਿਤਾ, ਰਾਗ, ਦ੍ਵੈਸ਼ ਵਿਚੋਂ ਕਿਵੇਂ ਛੁਟਕਾਰਾ ਪਾ ਸਕਦੇ ਹਾਂ? ਪੁਸਤਕਾਂ ਪੜ੍ਹਨ ਤੇ ਉਸ ਦੀ ਅਕਲ ਬਹੁਤ ਤਿੱਖੀ ਹੋ ਜਾਵੇਗੀ, ਉਹ ਜਾਣ ਜਾਏਗਾ ਕਿ ਧੋਖੇ ਕਿਵੇਂ ਦਿਤੇ ਜਾ ਸਕਦੇ ਹਨ, ਦੂਸਰੇ ਨੂੰ ਕਿਵੇਂ ਛਲਿਆ ਜਾ ਸਕਦਾ ਹੈ, ਦੂਸਰੇ ਨੂੰ ਕਿਵੇਂ ਪਰੇਸ਼ਾਨ ਕੀਤਾ ਜਾ ਸਕਦਾ ਹੈ। ਉਹ ਕਾਨੂੰਨ ਦੀਆਂ ਕਿਤਾਬਾਂ ਪੜ੍ਹ ਕੇ ਇਸ ਕਾਬਲ ਹੋ ਜਾਂਦਾ ਹੈ ਕਿ ਸੱਚੇ ਸੁੱਚੇ ਸੁਖੀ ਵਸਦਿਆਂ ਬੰਦਿਆਂ ਨੂੰ ਕਿਵੇਂ ਪਰੇਸ਼ਾਨ ਕੀਤਾ ਜਾ ਸਕਦਾ ਹੈ। ਇਸ ਵਿਦਿਆ ਨੂੰ ਮਹਾਰਾਜ ਮੂਰਖਾਂ ਦੀ ਵਿਦਿਆ ਆਖਦੇ ਹਨ। ਜੇ ਪੜ੍ਹ ਕੇ ਆਦਮੀ ਆਪਣੇ ਆਪ ਨੂੰ ਬੁਝ ਲਵੇਂ ਉਹ ਪੜ੍ਹਿਆ ਹੋਇਆ ਬੰਦਾ ਪ੍ਰਵਾਨ ਹੋਇਆ ਕਰਦਾ ਹੈ -

***ਪੜਿਆ ਬੂਝੈ ਸੋ ਪਰਵਾਣੁ॥***
***ਜਿਸੁ ਸਿਰਿ ਦਰਗਹ ਕਾ ਨੀਸਾਣੁ॥***

***ਅੰਗ - ੬੬੨***

***ਪੜਿਆ ਮੂਰਖੁ ਆਖੀਐ***
***ਜਿਸੁ ਲਬੁ ਲੋਭੁ ਅਹੰਕਾਰਾ॥***

***ਅੰਗ - ੧੪੦***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਨਾਮ ਪੜ੍ਹਨਾ, ਨਾਮ ਬੁਝਣਾ ਇਹ ਗੁਰੂ ਦੀ ਮਤ ਹੈ-

***ਨਾਉ ਪੜੀਐ ਨਾਉ ਬੁਝੀਐ***
***ਗੁਰਮਤੀ ਵੀਚਾਰਾ॥*** ***ਅੰਗ - ੧੪੦***

ਗੁਰੂ ਦੀ ਮਤ ਧਾਰਨ ਕਰਕੇ, ਨਾਮ ਧਨ ਖਟ ਕੇ ਅਸੀਂ ਭੰਡਾਰੇ ਭਰ ਲੈਂਦੇ ਹਾਂ ਜੋ ਇਥੇ ਵੀ ਨਿਭਦੇ ਹਨ ਅਤੇ ਦਰਗਾਹ ਵਿਚ ਵੀ ਥਾਂ ਮਿਲਦਾ ਹੈ ਕੋਈ ਵੀ ਉਨ੍ਹਾਂ ਨੂੰ ਟੋਕਾ-ਟੋਕੀ ਨਹੀਂ ਕਰਦਾ, ਸਾਰੇ ਉਨ੍ਹਾਂ ਦਾ ਸਤਿਕਾਰ ਕਰਦੇ ਹਨ -

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥***

***ਅੰਗ - ੨੫੨***

ਸਭ ਉਸ ਦਾ ਆਦਰ ਕਰਦੇ ਹਨ ਅਤੇ ਅਰੇ-ਅਰੇ ਕੋਈ ਨਹੀਂ ਕਹਿੰਦਾ।

ਗੁਰੂ ਨਾਨਕ ਪਾਤਸ਼ਾਹ ਅਜੇ ਬਚਪਨ ਵਿਚ ਹੀ ਸਨ। ਆਪ ਦੇ ਪਿਤਾ ਜੀ ਨੇ ਸੋਚਿਆ ਕਿ ਇਨ੍ਹਾਂ ਨੂੰ ਪੜ੍ਹਨ ਪਾ ਦਿਤਾ ਜਾਵੇ। ਦੂਸਰੇ ਦਿਨ ਨਾਨਕ ਜੀ ਨੂੰ ਸਮੇਂ ਸਿਰ ਮਾਤਾ ਤ੍ਰਿਪਤਾ ਜੀ ਨੂੰ ਕਹਿ ਕੇ ਨਵੇਂ ਕੱਪੜੇ ਪਾ ਕੇ ਤਿਆਰ ਕਰ ਦਿਤਾ। ਆਪ ਜੀ ਨੇ ਨੌਕਰ ਦੇ ਸਿਰ ਉਪਰ ਇਕ ਸ਼ੱਕਰ ਦੀ ਪਰਾਤ ਅਤੇ ਇਕ ਵਸਤਰ ਰੱਖ ਕੇ ਪਾਠਸ਼ਾਲਾ ਵਲ ਨੂੰ ਚਲ ਪਏ। ਗੁਰੂ ਨਾਨਕ ਨਾਲ ਬਚਨ ਕਰਦੇ ਜਾਂਦੇ ਹਨ ਕਿ ਬੇਟਾ! ਹੁਣ ਤੂੰ ਦਿਲ ਲਾ ਕੇ ਪੜ੍ਹੀਂ, ਪੜ੍ਹਨ ਵਾਲੇ ਬੰਦੇ ਦੁਨੀਆਂ ਵਿਚ ਬਹੁਤ ਵੱਡੇ ਹੋ ਜਾਂਦੇ ਹਨ, ਉਨ੍ਹਾਂ ਦਾ ਦੁਨੀਆਂ ਵਿਚ ਮਾਣ ਹੁੰਦਾ ਹੈ, ਉਹ ਹਰ ਪਾਸੇ ਵਡਿਆਈ ਪ੍ਰਾਪਤ ਕਰਦੇ ਹਨ। ਉਨ੍ਹਾਂ ਦੇ ਮੁਕਾਬਲੇ ਤੇ ਜੋ ਓਮੀ ਪੁਰਸ਼ ਹਨ ਉਹ ਕਿਤੇ ਵੀ ਮਾਣ ਪ੍ਰਾਪਤ ਨਹੀਂ ਕਰਦੇ, ਨਾ ਹੀ ਉਨ੍ਹਾਂ ਨੂੰ ਕਿਤੇ ਕੋਈ ਰੋਜ਼ਗਾਰ ਮਿਲਦਾ ਹੈ। ਉਹ ਮਜ਼ਦੂਰੀਆਂ ਕਰਕੇ ਆਪਣਾ ਪੇਟ ਭਰਦੇ ਹਨ। ਪਰਿਵਾਰ ਬਹੁਤ ਦੁਖੀ ਹੋ ਜਾਂਦਾ ਹੈ, ਪਰ ਇਸ ਦੇ ਵਿਪਰੀਤ ਜੋ ਪੜ੍ਹਿਆ ਹੋਇਆ ਹੈ ਉਹ ਚੰਗੇ ਅਹੁਦੇ ਪ੍ਰਾਪਤ ਕਰ ਲੈਂਦਾ ਹੈ ਜੋ ਬੜੀ ਦੇਰ ਤਕ ਖਤਮ ਨਹੀਂ ਹੁੰਦੇ, ਕੋਈ ਵਣਜ ਵਪਾਰ ਕਰ ਲੈਂਦਾ ਹੈ। ਧਨ ਜੁੜ ਜਾਂਦਾ ਹੈ, ਸ਼ਾਂਤੀ ਨਾਲ ਜੀਵਨ ਬਤੀਤ ਕਰਦਾ ਹੈ।

*ਚਲਦਾ...........।"*

# ਮੰਝੁ ਪਿਆਰਾ ਗੁਰੂ ਨੂੰ.......॥

*ਸੰਤ ਵਰਿਆਮ ਸਿੰਘ ਜੀ,*
*ਬਾਨੀ ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ ਅਪ੍ਰੈਲ ਅੰਕ, ਪੰਨਾ-44)*

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ ॥ ਅੰਗ- ੧੩੪੪*

ਗੋਤਮ ਤਪਾ ਸਤਿਜੁਗ 'ਚ ਹੋਇਆ ਹੈ ਤੇ ਉਸ ਦੀ ਜਿਹੜੀ ਇਸਤ੍ਰੀ ਸੀ ਅਹੱਲਿਆ, ਉਹ ਸਾਰੀ ਦੁਨੀਆਂ ਨਾਲੋਂ ਜ਼ਿਆਦਾ ਖ਼ੂਬਸੂਰਤ ਸੀ। ਉਹਨਾਂ ਲੋਕਾਂ 'ਚ ਅਖਤਿਆਰ ਹੈ ਕਿ ਉਹ ਚਾਹੇ ਸਥੂਲ ਸਰੀਰ ਧਾਰਨ ਕਰ ਲੈਣ। ਸਾਡੇ ਵਿਚ ਨਹੀਂ ਹੈ ਕਿ ਅਸੀਂ ਸੂਖਸ਼ਮ ਸਰੀਰ ਧਾਰਨ ਕਰ ਲਈਏ। ਪਰ ਜਿਹੜੇ ਨਾਮ ਜਪਣ ਵਾਲੇ ਨੇ ਉਹਨਾਂ ਨੂੰ ਕਿਰਿਆ ਆਉਂਦੀ ਹੈ ਕਿ ਆਹ ਸਰੀਰ ਤੋਂ ਸੂਖਸ਼ਮ ਸਰੀਰ ਕੱਢ ਲੈਂਦੇ ਨੇ। ਉਹ ਸੂਖਸ਼ਮ ਸਰੀਰ ਦੇ ਨਾਲ ਹਰ ਥਾਂ ਪਹੁੰਚ ਸਕਦੇ ਨੇ। ਉਹ ਵੀ ਆ ਕੇ ਸਾਡੇ ਕੋਲ ਸਥੂਲ ਸਰੀਰ ਧਾਰਨ ਕਰ ਸਕਦੇ ਨੇ। ਇੰਦਰ ਨੇ ਇਸ ਭਟਕਣਾ ਦੇ ਵਿਚ, ਵਿਸ਼ੇ ਭੋਗ ਦੇ ਵਿਚ ਸਰੀਰ ਧਾਰਨ ਕਰ ਲਿਆ ਤੇ ਰੂਪ ਬਣਾ ਲਿਆ ਗੌਤਮ ਦਾ ਤੇ ਇਧਰਲੇ ਪਾਸੇ ਦੇਵਤੇ ਤੋਂ ਜਿਸ ਦਾ ਨਾਮ ਚੰਦਰਮਾ ਸੀ। ਉਸ ਤੋਂ ਮਦਦ ਲਈ ਕਿ ਗੋਤਮ ਤਪਾ ਰੋਜ਼ ਗੰਗਾ 'ਚ ਇਸ਼ਨਾਨ ਕਰਨ ਜਾਂਦਾ ਹੈ। ਇਹ ਇਸ਼ਨਾਨ ਲਈ ਰੋਜ਼ ਮੁਰਗੇ ਦੀ ਬਾਂਗ ਤੋਂ ਉਠਦਾ ਹੈ। ਉਠ ਕੇ ਫੇਰ ਜਾਂਦਾ ਹੈ ਇਸ਼ਨਾਨ ਲਈ। ਇਹ ਇੰਤਜ਼ਾਮ ਕੀਤਾ ਕਿ ਤੂੰ ਬਿਲਕੁਲ ਮੁਰਗੇ ਵਾਂਗ ਬੋਲ ਸਕਦੈਂ, ਮੁਰਗੇ ਵਾਂਗ ਤੂੰ ਬੋਲ ਦੇਈਂ, ਉਹ ਚਲਿਆ ਜਾਏਗਾ ਗੰਗਾ ਵਲ ਤੇ ਮੈਨੂੰ ਸਮਾਂ ਮਿਲ ਜਾਏਗਾ ਤੇ ਰੂਪ ਮੇਰਾ ਹੈਗਾ ਹੀ ਗੋਤਮ ਦਾ ਬਣਾਇਆ ਹੋਇਆ। ਸੋ ਇਹਨਾਂ ਦੋਹਾਂ ਨੇ ਸਾਜਿਸ਼ ਕਰ ਲਈ। ਸਾਜਿਸ਼ ਕਰੀ ਹੋਈ, ਜਦੋਂ ਮੁਰਗਾ ਬੋਲਿਆ ਰਿਸ਼ੀ ਨਾਹੁੰਣ ਵਾਸਤੇ ਚਲਿਆ ਗਿਆ ਤੇ ਉਹਦੇ ਅੰਦਰ ਜਾ ਵੜਿਆ। ਅਹੱਲਿਆ ਨੇ ਪੁੱਛਿਆ ਕਿ ਤੁਸੀਂ ਜਾਣਾ ਨਹੀਂ ਅਜੇ? ਕਹਿੰਦਾ, ਨਹੀਂ ਮੈਂ ਅਜੇ ਠਹਿਰ ਕੇ ਜਾਵਾਂਗਾ। ਉਧਰਲੇ ਪਾਸੇ ਜਦੋਂ ਉਹ ਗੰਗਾ 'ਤੇ ਇਸ਼ਨਾਨ ਕਰਨ ਗਿਆ ਤਾਂ ਗੰਗਾ 'ਚੋਂ ਆਵਾਜ਼ ਆਈ ਕਿ ਤੇਰੇ ਘਰ ਵਿਚ ਚੋਰ ਨੇ। ਇਸੀ ਵਕਤ ਵਾਪਿਸ ਚਲਿਆ ਜਾਹ। ਸੋ ਅਹੱਲਿਆ ਦੀ ਲੜਕੀ ਜਿਹੜੀ ਸੀ ਉਹ ਬਾਹਰ ਬਿਠਾ ਦਿਤੀ ਤੇ ਮੰਦ ਕਰਮ ਕਰਨ ਲੱਗਿਆ। ਉਧਰੋਂ ਗੋਤਮ ਆ ਗਿਆ। ਉਹਨੇ ਸਾਰੀ ਗੱਲ ਪੁੱਛੀ ਕਿ ਘਰ 'ਚ ਕੌਣ ਹੈ। ਉਹਨੇ ਕਿਹਾ ਮਝਾਰ। ਉਹ ਸਮਝ ਗਿਆ ਕਿ ਇਹ ਗਲਤ ਗੱਲ ਕਹਿੰਦੀ ਹੈ। ਉਸ ਨੇ ਜਦੋਂ ਜਾ ਕੇ ਇੰਦਰ ਦੇਖਿਆ ਤੇ ਚੰਦਰਮਾ ਦਰਵਾਜ਼ੇ ਮੂਹਰੇ ਖੜ੍ਹਾ ਦੇਖਿਆ। ਉਸ ਵੇਲੇ ਦੋਹਾਂ ਨੂੰ ਸਰਾਪ ਦੇ ਦਿਤਾ। ਇੰਦ੍ਰ ਨੂੰ ਤਾਂ ਦਿਤਾ ਕਿ ਤੂੰ ਇਕ ਭਗ ਵਾਸਤੇ ਆਇਐਂ ਤੇਰੇ ਸਰੀਰ 'ਤੇ ਹਜ਼ਾਰ ਭਗ ਹੋ ਜਾਏਗਾ। ਚੰਦਰਮਾ ਨੂੰ ਸਰਾਪ ਦੇ ਦਿਤਾ ਕਿ ਤੇਰਾ ਤੇਜ ਜਿਹੜਾ ਹੈ ਹੁਣ ਕਾਇਮ ਨਹੀਂ ਰਹਿਣਾ ਕਿਉਂਕਿ ਤੂੰ ਅਭਿਮਾਨੀ ਦੇਵਤਾ ਹੈਂ ਚੰਦਰਮਾ ਦੀ ਧਰਤੀ ਦਾ। ਤੇਰਾ ਖਤਮ ਹੋ ਜਾਣੈ, ਹਨ੍ਹੇਰਾ ਛਾ ਗਿਆ ਸਾਰੀ ਦੁਨੀਆਂ 'ਤੇ। ਉਸ ਵੇਲੇ ਇੰਦਰ ਸਵਰਗ ਲੋਕ 'ਚ ਵਾਪਸ ਨਾ ਜਾਵੇ -

*ਸਹਸ ਸਰੀਰ ਚਿਹਨ ਭਗ ਹੂਏ*
*ਤਾ ਮਨਿ ਪਛੋਤਾਇਆ ॥ ਅੰਗ - ੧੩੪੪*

ਕੌਲ ਫੁੱਲਾਂ 'ਚ ਲੁੱਕ ਕੇ ਬਹਿ ਗਿਆ। ਇੰਦ੍ਰਪੁਰੀ ਸੁੰਨੀ ਹੋ ਗਈ। ਸੋ ਉਸ ਵੇਲੇ ਸਾਰੇ ਦੇਵਤਿਆਂ ਨੇ ਜੋ ਇੰਦ੍ਰਪੁਰੀ ਦੇ ਸੀਗੇ। ਸਭ ਨੇ ਵਿਸ਼ਨੂੰ ਭਗਵਾਨ ਕੋਲ ਪੁਕਾਰ ਕਰਕੇ ਇਹਦਾ ਜਿਹੜਾ ਸਰਾਪ ਸੀ ਉਹ ਬਖਸ਼ਾ ਕੇ ਉਹ ਕਰਿਆ ਕਿ ਹਰ ਭਗ ਦੇ ਅੰਦਰ ਨੇਤਰ ਹੋ ਜਾਵੇ ਇਹਦੇ। ਮਹਾਰਾਜ ਕਹਿੰਦੇ, ਉਹਦਾ ਮਨ ਟਿਕਿਆ, ਸ਼ਾਂਤ ਆਈ ਮਨ ਨੂੰ, ਭੋਗਾ ਤੋਂ ਉਪਰ ਹੋਇਆ? ਐਡੇ ਵੱਡੇ ਸੁਖ ਦਾ ਮਾਲਕ, ਦਸ ਅਰਬ ਜਿੰਨਾਂ ਸੁਖ ਇਥੇ ਦੇ ਬਾਦਸ਼ਾਹ ਨਾਲੋਂ। ਸਾਡੇ ਲਈ ਤਾਂ ਪਤਾ ਨਹੀ ਕਿੰਨਾ ਕੁ ਸੁਖੀ ਹੈ ਉਹ। ਉਹਦਾ ਵੀ ਮਨ ਭਟਕਦਾ ਰਿਹਾ-

*ਪਰਸ ਰਾਮੁ ਰੋਵੈ ਘਰਿ ਆਇਆ ॥ ਅੰਗ- ੯੫੩*

ਜਦੋਂ ਸ੍ਰੀ ਰਾਮ ਚੰਦਰ ਮਹਾਰਾਜ ਜੀ ਨੇ ਉਹਦੀ ਸਾਰੀ ਸ਼ਕਤੀ ਖਿੱਚ ਲਈ, ਉਸ ਵੇਲੇ ਉਹ ਰੋਇਆ। ਉਸ ਨੇ ਇੱਕ ਵਾਰੀ 'ਚ ਹੀ ਸਾਰੇ ਕਸ਼ਤਰੀ ਮਾਰ ਕੇ ਨੇਹਕਸ਼ਤਰਨਾਇਣ ਦੇਸ਼ ਕਰ ਦਿਤਾ ਸੀ ਇਹ। ਦੂਸਰੀ ਵਾਰੀ ਰੋਇਆ ਜਦੋਂ ਉਹਦਾ ਪਿਤਾ ਜਮਦਗਨ

ਸਹੰਸਰ ਬਾਹੂ ਰਾਜੇ ਨੇ ਮਾਰ ਦਿਤਾ। ਸੋ ਕਹਿੰਦੇ ਐਡੇ-ਐਡੇ ਵੀ ਦੁਖੀ ਹੁੰਦੇ ਗਏ ਤੇ ਸਾਡੀ ਤੁਹਾਡੀ ਕੀ ਗੱਲ ਹੈ। ਇਸ ਤਰ੍ਹਾਂ ਮਹਾਰਾਜ ਨੇ ਸਾਰੀ ਗਿਣਤੀ ਕਰੀ।

*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥ ਅੰਗ- ੯੫੩*

ਸਾਧ ਬਣ ਕੇ ਧੋਖੇ ਨਾਲ ਸੀਤਾ ਜੀ ਨੂੰ ਲੈ ਕੇ ਆਇਆ ਸੀ।

*ਰੋਵਹਿ ਪਾਂਡਵ ਭਏ ਮਜੂਰ ॥ ਅੰਗ- ੯੫੪*

ਪੰਜੇ ਪਾਂਡਵ ਜੂਏ ਵਿਚ ਹਾਰ ਗਏ। ਸ਼ਰਤ ਇਹ ਸੀ ਕਿ 12 ਸਾਲ ਦਾ ਬਨਵਾਸ 13ਵੇਂ ਸਾਲ ਦਾ ਗੁਪਤ ਬਨਵਾਸ। ਜਦੋਂ ਗੁਪਤ ਸੀ ਦੁਰਯੋਧਨ ਨੇ ਸਾਰੇ ਭਾਰਤ ਵਰਸ਼ ਵਿਚ ਜਸੂਸ ਛੱਡ ਦਿਤੇ ਕਿ ਪਤਾ ਕਰੋ ਮੁੜ ਕੇ ਫੇਰ 12 ਸਾਲ ਦਾ ਹੋ ਜਾਣਾ ਸੀ। ਸੋ ਉਸ ਵੇਲੇ ਇਹਨਾਂ ਨੇ ਭੇਸ ਵਟਾਏ। ਇੰਦਰ, ਅਰਜਨੁ ਆਪਣੇ ਗੰਡੀਰ ਧਨੁਸ਼ ਨੂੰ ਛੱਡ ਕੇ ਤਬਲਾ ਸਿਖਾਉਣ ਤੇ ਨਾਚ ਸਿਖਾਉਣ 'ਤੇ ਲੱਗਿਆ। ਨਕਲ ਤੇ ਸਹਿਦੇਵ ਘੋੜੇ ਤੇ ਗਾਵਾਂ ਦੇ ਚਰਵਾਹੇ ਲੱਗੇ। ਯੁਧਿਸ਼ਟਰ ਜੂਆ ਖਿਲਾਉਣ 'ਤੇ ਲੱਗਿਆ ਤੇ ਜਿਹੜਾ ਭੀਮ ਸੀ ਇਹ ਰਸੋਈਆ ਬਣਿਆ। ਦਰੋਪਤੀ ਨੂੰ ਜਾ ਕੇ ਰਾਣੀ ਦੀ ਸੇਵਾ ਕਰਨੀ ਪਈ। ਉਹਦੇ ਕੇਸ ਵਾਹੁੰਦੀ ਹੈ, ਸ਼ਿੰਗਾਰ ਲਾਉਂਦੀ ਹੈ। ਉਸ ਵੇਲੇ ਲੁਕ ਛਿਪ ਕੇ ਕਿਤੇ ਸੰਜੋਗ ਦੇ ਨਾਲ ਇਕੱਠੇ ਹੁੰਦੇ ਨੇ, ਸਾਰੇ ਰੋਂਦੇ ਨੇ ਕਿ ਸਾਡਾ ਆਹ ਕੀ ਹਾਲ ਹੋ ਗਿਆ। ਸਾਡਾ ਹੁਣ ਕਿਸ ਤਰ੍ਹਾਂ ਛੁਟਕਾਰਾ ਹੋਵੇਗਾ।

*ਜਿਨ ਕੈ ਸੁਆਮੀ ਰਹਤ ਹਦੂਰਿ ॥ ਅੰਗ - ੯੫੪*

16 ਕਲਾਂ ਸੰਪੂਰਨ ਕ੍ਰਿਸ਼ਨ ਮਹਾਰਾਜ ਜੀ ਜਿਨ੍ਹਾਂ ਦੇ ਨਾਲ ਰਹਿੰਦੇ ਸੀ। ਗਾਈਡ ਕਰਦੇ ਸੀ ਕਹਿੰਦੇ ਉਹ ਵੀ ਰੋਏ। ***'ਰੋਵੈ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ ॥'***

ਇਸ ਤਰ੍ਹਾਂ ਨਾਲ ਮਹਾਰਾਜ ਜੀ ਸਾਰਿਆਂ ਨੂੰ ਗਿਣਦੇ ਨੇ।

*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ- ੯੫੪*

*ਧਾਰਨਾ - ਦੁਖੀਆ ਸਭ ਸੰਸਾਰ ਨਾਨਕ ਦੁਖੀਆ।*

*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥*
*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ- ੯੫੪*

ਜਿਹਨੂੰ ਨਾਮ ਦੇ ਉਤੇ ਵਿਸ਼ਵਾਸ਼ ਆ ਗਿਆ, ਕਹਿੰਦੇ ਉਹ ਸੰਸਾਰ 'ਚ ਜਿੱਤ ਗਿਆ। ਬਾਕੀ ਤੁਸੀਂ ਜੋ ਕਰਨਾ ਹੈ ਕਰਕੇ ਦੇਖ ਲਓ, ਉਹ ਕਿਸੇ ਗਿਣਤੀ ਮਿਣਤੀ 'ਚ ਨਹੀਂ ਪੈਂਦੇ। ਐਵੇਂ ਸੰਸਾਰ ਭੁੱਲਿਆ ਬੈਠਾ ਹੈ। ਸੁਖ ਇਹਦੇ ਅੰਦਰ ਹੈ, ਬਾਹਰੋਂ ਭਾਲਦੈ। ਬਾਹਰੋਂ ਤਾਂ ਅੱਜ ਤਕ ਕਿਸੇ ਨੂੰ ਸੁਖ ਹੋਇਆ ਹੀ ਨਹੀਂ ਹੈ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥ ਅੰਗ- ੬੪੪*

ਉਹ ਬੂਟੀ ਉਹ ਦਵਾਈ, ਉਹ ਚੀਜ਼ ਜਿਹੜੀ ਨੂੰ ਪ੍ਰਾਪਤ ਕਰਕੇ ਆਦਮੀ ਮਰਦਾ ਹੀ ਨਹੀਂ, ਕਾਲ ਮੰਡਲ 'ਚੋਂ ਪਾਰ ਹੋ ਜਾਂਦੈ। ਉਹ ਵੀ ਰੱਬ ਨੇ ਅੰਦਰ ਹੀ ਰੱਖੀ ਹੋਈ ਹੈ ਸਾਡੇ ਕਿ ਜੇ ਕਿਤੇ ਮਨੁੱਖ ਨੂੰ ਸਮਝ ਪੈ ਜਾਵੇ, ਇਹ ਮੇਰੇ ਮੰਡਲ ਵਿਚ ਆ ਜਾਵੇ, ਜਿਹਨੂੰ ਅਕਾਲ ਮੰਡਲ ਕਹਿੰਦੇ ਨੇ, ਸਚਖੰਡ ਦਾ ਮੰਡਲ ਕਹਿੰਦੇ ਨੇ ਤਾਂ ਇਹਦੇ ਦੁਖਾਂ ਦਾ ਖਾਤਮਾ ਹੋ ਜਾਵੇ। ਕਹਿੰਦੇ ਉਹ ਦਵਾਈ ਇਹਦੇ ਅੰਦਰ ਪਈ ਹੈ। ਲੇਕਿਨ ਇਸ ਨੂੰ ਪਤਾ ਨਹੀਂ ਲਗਦਾ। ਇਹ ਉਸ ਬਾਰੇ ਤਾਂ ਤਲਾਸ਼ ਨਹੀਂ ਕਰਦਾ ਬਾਕੀ ਚੀਜ਼ਾਂ ਇਹਨੂੰ ਸਮੱਸਿਆ ਬਣੀਆਂ ਹੋਈਆਂ ਨੇ। ਰੋਟੀ ਕਮਾਉਣ ਵਾਸਤੇ ਦਿਨ ਰਾਤ ਨੱਠਿਆ ਫਿਰਦੈ, ਅਸੀਂ ਤਾਂ ਨਹੀਂ ਕਹਿੰਦੇ ਕਿ ਨਾ ਦੌੜ। ਤੇਰੇ ਵਸ ਵਿਚ ਨਹੀਂ ਹੈ ਦੌੜਨਾ -

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥ ਅੰਗ- ੬੫੩*

ਇਹ ਆਪਣੇ ਜਿੰਮੇ ਕਿਉਂ ਲੈਂਦਾ ਹੈਂ। ਇਹ

ਤਾਂ ਤੇਰੀ ਕਿਰਤ ਨੇ, ਤੈਨੂੰ ਨਠਾਉਣਾ ਹੀ ਹੈ। ਚਾਹੇ ਇੰਗਲੈਂਡ 'ਚ ਹੈ, ਚਾਹੇ ਅਮਰੀਕਾ 'ਚ ਹੈ, ਚਾਹੇ ਕੈਨੇਡਾ 'ਚ ਹੈ, ਚਾਹੇ ਕਿਸੇ ਅਰਬ ਕੰਟਰੀ 'ਚ ਹੈ। ਚਾਹੇ ਕਿਸੇ ਦਫ਼ਤਰ 'ਚ ਹੈ। ਇਹ ਚਿੰਤਾ ਤੈਨੂੰ ਵਾਧੂ ਦੀ ਹੈ। ਰੋਟੀ ਦੀ ਚਿੰਤਾ ਕਰਨ ਵਾਲਾ ਤਾਂ ਪ੍ਰਮੇਸ਼ਰ ਹੈ, ਭਗਵਾਨ ਹੈ, ਉਹਨੇ ਦੇਣੀ ਹੀ ਦੇਣੀ ਹੈ। ਨਾਲੇ ਤੁਹਾਡਾ ਆਪਣਾ ਜਿਹੜਾ ਸਫ਼ਰ ਹੋਣਾ ਸ਼ੁਰੂ ਹੋਇਐ, ਪਹਿਲਾਂ ਤੋਂ ਸ਼ੁਰੂ ਹੋਇਆ ਹੋਇਐ। ਜਿਹੜਾ ਪਿਛਲੇ ਜਨਮ ਵਿਚ ਬੀਜਿਆ ਹੈ, ਹੁਣ ਵੱਢ ਲੈਣਾ ਹੈ ਅਸੀਂ। ਜਿਹੜਾ ਹੁਣ ਬੀਜਨੈ ਅੱਗੇ ਵੱਢ ਲੈਨੈ। ਸਿਆਣਾ ਆਦਮੀ ਸੋਚਦੈ ਕਿ ਮੈਨੂੰ ਮੁਕਤੀ ਤਾਂ ਪ੍ਰਾਪਤ ਨਹੀਂ ਹੋਣੀ। ਜੇ ਮੈਂ ਨੇਕ ਕੰਮ ਕਰੇ ਨੇ, ਸਵਰਗ ਮਿਲ ਗਿਆ ਮੈਨੂੰ। ਸਵਰਗ ਵਿਚ ਰਹਿਣ ਦੀ ਵੀ ਸਮੇਂ ਦੀ ਸੀਮਾ ਹੁੰਦੀ ਹੈ ਕਿ ਇਹਦੇ ਐਨੇ ਪੁੰਨ ਨੇ ਤੇ ਐਨੀ ਦੇਰ ਤਕ ਇਹ ਰਹਿ ਸਕਦਾ ਹੈ ਇਥੇ। ਸੋ ਉਸ ਤੋਂ ਬਾਅਦ ਇਹਨੂੰ ਹੇਠਾਂ ਆਉਣਾ ਪੈਂਦੈ। ਪਰ ਉਥੇ ਇਕ ਰਿਆਇਤ ਹੈ ਕਿ ਬਈ ਸਾਰੇ ਪੁੰਨ ਨਹੀਂ ਉਥੇ ਭੁਗਵਾਉਂਦੇ, ਥੋੜ੍ਹੇ ਜਿਹੇ ਰੱਖ ਦਿੰਦੇ ਨੇ ਕਿ ਜਦੋਂ ਇਹ ਸੰਸਾਰ 'ਤੇ ਜਾਏਗਾ ਤਾਂ ਕੁਛ ਨਾ ਕੁਛ ਇਹਦੇ ਪੱਲੇ ਹੋਣਾ ਚਾਹੀਦਾ ਹੈ। ਇਥੋਂ ਸੁੱਖਾਂ 'ਚੋਂ ਗਿਐ, ਉਥੇ ਇਕ ਦਮ ਦੁਖਾਂ ਵਿਚ ਨਾ ਪੈ ਜਾਏ। ਮਹਾਰਾਜ ਕਹਿੰਦੇ, ਉਹਦੇ ਵਾਸਤੇ ਤਾਂ ਤੂੰ ਕੁਛ ਬੀਜ ਲੈ। ਉਹਦਾ ਹੀ ਪ੍ਰਬੰਧ ਕਰ ਲੈ ਜੇ ਮੁਕਤੀ ਦਾ ਨਹੀਂ ਕਰਨਾ। ਜਦੋਂ ਅਗਲਾ ਜਨਮ ਮਿਲੇਗਾ, ਫੇਰ ਤੂੰ ਆਸ ਤਾਂ ਬੜੀ ਰਖਦਾ ਹੋਵੇਂਗਾ। ਪਰ ਮਿਲਦੀ ਨਹੀਂ ਹੁੰਦੀ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ,*
*ਕਿੱਕਰਾਂ ਦੇ ਬੀਜ ਬੀਜ ਕੇ।*

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ- ੧੩੭੯*

ਬੀਜਿਆ ਹੈ ਨਹੀਂ, ਗੁਆਂਢੀਆਂ ਦੇ ਅੰਗੂਰ ਦੇਖ ਕੇ ਕਹਿੰਦਾ ਮੇਰੇ ਲੱਗੇ ਹੀ ਨਹੀਂ ਹੈ। ਤੂੰ ਤਾਂ ਪ੍ਰੇਮੀਆਂ! ਬੀਜਿਆ ਹੀ ਨਹੀਂ ਕੁਛ? ਕੀ ਖਾਵੇਂਗਾ ਅਗਲੇ ਜਨਮ ਦੇ ਅੰਦਰ ਜੇ ਹੁਣ ਨਾ ਬੀਜਿਆ।

ਅਕਬਰ ਬਾਦਸ਼ਾਹ ਇਕ ਵਾਰੀ ਐਸੀ ਵਿਚਾਰ ਵਿਚ ਪਿਆ ਹੋਇਆ, ਬੀਰਬਲ ਨੂੰ ਕਹਿਣ ਲੱਗਿਆ ਕਿ ਬੀਰਬਲ! ਚਾਰ ਕਿਸਮ ਦੇ ਬੰਦਿਆਂ ਨੂੰ ਮੈਂ ਦੇਖਣਾ ਚਾਹੁੰਦਾ ਹਾਂ। ਤੂੰ ਲਿਆ ਸਕਦਾ ਹੈਂ? ਕਹਿੰਦੇ, ਹਜ਼ੂਰ! ਦਸੋ, ਕੈਸੇ ਬੰਦੇ ਨੇ? ਕਹਿੰਦੇ, ਇਕ ਤਾਂ ਮੈਂ ਉਹਨੂੰ ਦੇਖਣਾ ਚਾਹੁੰਦਾ ਹਾਂ, ਜਿਹੜਾ ਪਹਿਲਾਂ ਵੀ ਸੁਖੀ ਸੀ, ਹੁਣ ਵੀ ਸੁਖੀ ਹੈ ਤੇ ਅਗਾਂਹਾਂ ਨੂੰ ਵੀ ਸੁਖੀ ਹੋਵੇਗਾ। ਦੂਸਰਾ ਮੈਂ ਉਹਨੂੰ ਦੇਖਣਾ ਚਾਹੁੰਦਾ ਹਾਂ ਜਿਹੜਾ ਪਹਿਲਾਂ ਵੀ ਦੁਖੀ ਸੀ, ਹੁਣ ਵੀ ਦੁਖੀ ਹੈ ਤੇ ਅਗਾਂਹਾਂ ਨੂੰ ਵੀ ਦੁਖੀ ਹੋਵੇਗਾ। ਤੀਸਰਾ ਮੈਂ ਉਹਨੂੰ ਦੇਖਣਾ ਚਾਹੁੰਦਾ ਹਾਂ ਜਿਹੜਾ ਹੁਣ ਦੁਖੀ ਹੈ ਤੇ ਅਗਾਂਹਾਂ ਨੂੰ ਸੁਖੀ ਹੋਵੇਗਾ। ਚੌਥਾ ਉਹਨੂੰ ਦੇਖਣਾ ਚਾਹੁੰਦਾ ਹਾਂ ਜਿਹੜਾ ਹੁਣ ਸੁਖੀ ਹੈ ਤੇ ਅਗਾਂਹਾਂ ਨੂੰ ਦੁਖੀ ਹੋਵੇਗਾ। ਬੜਾ ਅਜੀਬ ਸਵਾਲ ਸੀ। ਹਰ ਬੰਦਾ ਤਾਂ ਨਹੀਂ ਟੋਲ੍ਹ ਸਕਦਾ ਕਿ ਕਿਹੜੇ ਬੰਦੇ ਨੂੰ ਟੋਲ੍ਹੀਏ? ਇਹ ਸਿਆਣਾ ਸੀ, ਅਕਲ ਇਹਦੀ ਚਲਦੀ ਸੀ ਤੇ ਇਸ ਨੇ ਹਫ਼ਤੇ ਦੀ ਮੋਹਲਤ ਲਈ ਤੇ ਹਫ਼ਤੇ ਬਾਅਦ ਚਾਰ ਬੰਦੇ ਲਿਆ ਕੇ ਖੜ੍ਹੇ ਕਰ ਦਿਤੇ।

ਕਹਿਣ ਲੱਗਿਆ, ਹਜ਼ੂਰ! ਜੋ ਆਪ ਦਾ ਹੁਕਮ ਸੀ ਉਸ ਦੀ ਤਾਮੀਲ ਹੋ ਚੁੱਕੀ ਹੈ।

ਕਹਿੰਦੇ, ਕਿੱਥੇ ਨੇ ਬੰਦੇ?

ਕਹਿੰਦਾ, ਆਗਿਆ ਹੋਵੇ ਤਾਂ ਕੋਰਟ ਵਿਚ ਬੁਲਾ ਲਈਏ?

ਕਹਿੰਦੇ, ਹਾਂ ਬੁਲਾਓ, ਦਰਬਾਰ ਲੱਗਿਆ ਹੋਇਐ ਸਾਰਾ। ਚਾਰ ਬੰਦੇ ਲੈ ਆਂਦੇ।

ਕਹਿੰਦੇ, ਮੈਨੂੰ ਕਿਵੇਂ ਪਤਾ ਲੱਗੇ?

ਕਹਿੰਦਾ, ਮੈਂ ਵਾਰੀ-ਵਾਰੀ ਦਸਦਾ ਹਾਂ। ਇਧਰਲੇ ਪਾਸੇ ਕੱਢ ਲਿਆ ਇਕ ਸੇਠ ਨੂੰ। ਕਹਿਣ ਲੱਗਿਆ, ਹਜ਼ੂਰ! ਇਹ ਪਹਿਲਾਂ ਵੀ ਬਹੁਤ ਸੁਖੀ ਸੀ, ਹੁਣ ਵੀ ਬਹੁਤ ਸੁਖੀ ਹੈ ਤੇ ਅੱਗੇ ਨੂੰ ਵੀ ਬਹੁਤ ਸੁਖੀ ਹੋਵੇਗਾ।

ਕਹਿੰਦੇ, ਕਿਸ ਤਰ੍ਹਾਂ?

ਕਹਿੰਦੇ, ਮਹਾਰਾਜ! ਇਹਨੇ ਪਿਛਲੇ ਜਨਮ ਦੇ ਅੰਦਰ ਬਹੁਤ ਦਾਨ ਪੁੰਨ ਕੀਤਾ ਤੇ ਹੁਣ ਇਹ ਕਰੋੜਾਂ ਦਾ ਮਾਲਕ ਹੈ ਇਥੇ। ਸਭ ਤਰ੍ਹਾਂ ਦੀਆਂ ਜੋ ਪੈਸੇ ਦੀਆਂ ਸਹੂਲਤਾਂ ਹੁੰਦੀਆਂ ਨੇ। ਉਹ ਇਹਨੂੰ ਪ੍ਰਾਪਤ ਨੇ ਕਿਉਂਕਿ ਉਥੇ ਰੂਹਾਨੀ ਸਵਾਲ ਨਹੀਂ ਸੀ ਸੁਖ ਤੇ ਦੁਖ ਦਾ। ਦੁਨਿਆਵੀ ਨੁਕਤੇ ਤੋਂ ਦੇਖਦਾ ਸੀ ਕਿ ਇਹਨੂੰ ਸਭ ਸਹੂਲਤਾਂ ਪ੍ਰਾਪਤ ਨੇ ਤੇ ਫੇਰ ਇਹ

ਐਡਾ ਸੋਝੀਵਾਨ ਹੈ, ਇਹਨੂੰ ਐਨਾ ਗਿਆਨ ਹੈ ਕਿ ਇਹ ਤਾਂ ਮੈਂ ਪਿਛਲਾ ਬੀਜਿਆ ਹੋਇਆ ਵੱਢਦਾ ਹਾਂ ਤੇ ਅਗਾਂਹਾਂ ਨੂੰ ਵੀ ਬੀਜਣਾ ਚਾਹੀਦਾ ਹੈ। ਇਹਨੇ ਲੰਗਰ ਲਾਇਆ ਹੋਇਐ। ਲੋੜਵੰਦ ਨੂੰ ਵਸਤਰ ਦਿੰਦਾ ਹੈ, ਮਦਦ ਕਰਦਾ ਹੈ। ਹਰ ਵਕਤ ਇਹਦੇ ਕਸ਼ੇਤਰ ਵਿਚ ਲੋੜਵੰਦ ਪ੍ਰਸ਼ਾਦਾ ਛਕਦੇ ਨੇ, ਸੋ ਇਹ ਬੀਜ ਰਿਹਾ ਹੈ। ਜਦੋਂ ਇਥੇ ਬੀਜ ਲੱਖਾਂ ਗੁਣਾਂ ਹੋ ਕੇ ਅੱਗੇ ਫੇਰ ਮਿਲਣਾ ਹੈ ਇਹਨੂੰ। ਇਸ ਕਰਕੇ ਅਗਲਾ ਜਨਮ ਜਦੋਂ ਇਹ ਲਏਗਾ, ਫੇਰ ਵੀ ਇਹ ਸੁਖੀ ਹੋਵੇਗਾ।

ਦੂਸਰਾ ਹੈ ਮਹਾਰਾਜ! ਆਹ ਪੁਰਸ਼। ਇਹ ਰੋਟੀ ਮੰਗਦਾ ਹੈ। ਕੋਈ ਦਿੰਦਾ ਨਹੀਂ ਹੈ ਇਹਨੂੰ, ਦਰ-ਦਰ ਦੇ ਉਤੇ ਕੁੱਤਿਆਂ ਵਾਂਗਣ ਤੁਰਿਆ ਫਿਰਦੈ। ਡੰਡਾ ਪੈਂਦੈ ਇਹਦੇ। ਕੋਈ ਤਰਸਵਾਨ ਬੰਦਾ ਆ ਜਾਵੇ, ਉਹ ਦੇ ਦੇਵੇ ਕਿ ਚਲੋ ਭੁੱਖਾ ਇਨਸਾਨ ਹੈ ਕੁਛ ਦੇ ਦੇਈਏ। ਇਹਨੇ ਹਜ਼ੂਰ! ਪਿਛਲੇ ਜਨਮ ਵਿਚ ਕੁਛ ਨਹੀਂ ਬੀਜਿਆ, ਹੁਣ ਇਹਦੇ ਕੋਲ ਬੀਜਣ ਨੂੰ ਹੈ ਕੁਛ ਨਹੀਂ ਤੇ ਅਗਲੇ ਜਨਮ ਵਿਚ ਫੇਰ ਇਹ ਜਾ ਕੇ ਦੁਖੀ ਹੋਵੇਗਾ। ਐਵੇਂ ਜਿਵੇਂ ਹੀ ਰਹੇਗਾ। ਤੀਸਰਾ ਕਹਿੰਦੇ, ਮਹਾਰਾਜ! ਇਹ ਤਪੱਸਵੀ ਹੈ, ਧੂਣੀਆਂ ਤਾਪਦਾ ਹੈ, ਜਲ-ਧਾਰੇ ਕਰਦਾ ਹੈ, ਤਪੋ ਰਾਜ ਮਿਲਿਆ ਕਰਦਾ ਹੈ, ਸਕਾਮ ਤਪ ਕਰਨ ਵਾਲੇ ਨੂੰ ਰਾਜ ਮਿਲਿਆ ਕਰਦੈ। ਐਵੇਂ ਨਹੀਂ ਬੈਠੇ ਜਿਹੜੇ ਵੱਡੇ-ਵੱਡੇ, ਤਪ ਕਰੇ ਹੋਏ ਨੇ ਇਹਨਾਂ ਦੇ। ਸੋ ਉਹਦੇ ਮੁਤਾਬਿਕ ਇਹ ਹੁਣ ਤਾਂ ਦੁਖੀ ਹੈ, ਧੂਣੀਆਂ ਦੇ ਵਿਚ ਬੈਠਾ ਹੈ, ਜਦੋਂ ਲੋਕ air condition ਲਾਈ ਬੈਠੇ ਨੇ। ਖਸ ਦੀਆਂ ਟਟੀਆਂ ਦੇ ਨਾਲ ਘਰ ਠੰਢੇ ਬਣਾਏ ਹੋਏ ਨੇ। ਇਹ ਜੇਠ ਦੀ ਧੁੱਪ ਦੇ ਵਿਚ ਚਾਰ ਧੂਣੀਆਂ ਲਾ ਕੇ ਤੱਤੀ ਧਰਤੀ 'ਤੇ, ਉਪਰੋਂ ਸੂਰਜ ਤਪਦਾ ਹੈ, ਵਿਚ ਬੈਠਾ ਸਰੀਰ ਸੁਕਾ ਰਿਹੈ। ਅਗਲੇ ਜਨਮ 'ਚ ਇਹਨੂੰ ਰਾਜਸੀ ਸ਼ਕਤੀ ਪ੍ਰਾਪਤ ਹੋਏਗੀ।

ਆਹ ਚੌਥੀ ਮਹਾਰਾਜ ਇਕ ਇਸਤ੍ਰੀ ਹੈ। ਇਹ ਦਿੱਲੀ ਦੇ ਵਿਚ ਸਭ ਤੋਂ ਜ਼ਿਆਦਾ ਅਮੀਰ ਹੈ। ਇਹਦੇ ਕੋਲ ਬਹੁਤ ਸੁਖ ਨੇ। ਨੌਕਰ, ਚਾਕਰ, ਗੋਲੀਆਂ, ਬਾਂਧੀਆਂ, ਕੋਠੀਆਂ, ਪਰ ਇਹ ਇਕ ਵੇਸਵਾ ਹੈ। ਇਹ ਧਨ ਕਮਾਉਂਦੀ ਹੈ ਆਪਣਾ ਸਰੀਰ ਵੇਚ ਕੇ। ਇਹਦੇ ਨਾਲ ਹੋਏਗਾ ਕੀ –

*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥*

*ਅੰਗ- ੬੪੨*

ਕੁੰਭੀ ਨਰਕ ਵਾਸਤੇ ਆਪਣੇ ਆਪ ਨੂੰ ਤਿਆਰ ਕਰ ਰਹੀ ਹੈ। ਜਦੋਂ ਅਗਲੇ ਜਨਮ ਦਾ ਇਹਨੂੰ ਸਰੀਰ ਮਿਲਣਾ ਹੈ ਉਸ ਵੇਲੇ ਸਰੀਰ ਜਮਾਂਦਰੂ ਹੀ, ਮਾਂ ਦੇ ਪੇਟ ਵਿਚੋਂ ਹੀ ਦੁਖੀ ਆਏਗਾ। ਲੱਤਾਂ ਬਾਹਾਂ ਨਹੀਂ ਹੋਣਗੀਆਂ ਜਾਂ ਹੋਰ ਕੋਈ ਰੋਗ ਹੋਏਗਾ। ਹੋ ਸਕਦੈ ਕਿ ਇਹਦੇ ਸਰੀਰ ਦੇ ਉਤੇ ਕੁਸ਼ਟ ਰੋਗ ਵੀ ਆ ਜਾਵੇ।

ਸੋ ਇਹ ਬੀਜਿਆ ਹੋਇਆ ਮਿਲਦੈ ਸਾਧਸੰਗਤ ਜੀ –

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ- ੧੩੪*

ਸੋ ਰੋਟੀ ਤਾਂ ਰੱਬ ਨੇ ਦੇਣੀ ਓਨੀ ਹੈ, ਜਿੰਨਾਂ ਬੀਜ ਕੇ ਆਇਆ ਹੈਂ, ਇਹਦੀ ਕਾਹਦੀ ਚਿੰਤਾ। ਦਿਨ ਰਾਤ ਇਹਦੇ ਵਿਚ ਖਪੇ ਪਏ ਹੋਂ। ਚਿੰਤਾ ਕਰੋ ਓਸਦੀ ਜਿਹੜਾ ਸਾਡੇ ਕੋਲੋਂ ਸਮਾਂ ਲੰਘਦਾ ਜਾ ਰਿਹੈ, ਨਾਮ ਜਪਣ ਦਾ। ਮਹਾਰਾਜ ਕਹਿੰਦੇ, ਜਿਹੜੀਆਂ ਦੁਨਿਆਵੀ ਪ੍ਰਾਪਤੀਆਂ ਨੇ ਇਹਦੇ ਵਿਚ ਨਾ ਲੁਭਾਇਮਾਨ ਹੋਵੋ। ਇਹ ਤਾ ਤੁਹਾਡੀ ਪਰਾਲਬਧ ਦੇ ਅਨੁਸਾਰ ਤੁਹਾਨੂੰ ਮਿਲ ਹੀ ਜਾਣੀਆਂ ਨੇ, ਅਵੱਸ਼ ਮਿਲਣੀਆਂ ਨੇ। ਕੋਈ ਰੋਕ ਨਹੀਂ ਸਕਦਾ। ਮੱਥੇ ਦੀ ਕੋਈ ਖੋਹ ਨਹੀਂ ਸਕਦਾ, ਹੱਥ ਦੀ ਚੁੱਕ ਲਵੇ ਤਾਂ ਉਹਦਾ ਜ਼ੋਰ ਹੋਇਆ ਕਰਦੈ। ਮਸਤਕ ਦੀ ਕੋਈ ਨਹੀਂ ਖੋਹ ਸਕਦਾ, ਕੋਈ ਕਿਸੇ ਨੂੰ ਭੁੱਖਾ ਨਹੀਂ ਮਾਰ ਸਕਦਾ ਤੇ ਪ੍ਰਮੇਸ਼ਰ ਦਾ ਪ੍ਰਬੰਧ ਹੈ –

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ- ੧੦*

ਸੋ ਇਹਦੇ ਵਾਸਤੇ ਸਾਰਾ ਹੀ ਧਿਆਨ, ਦਿਨ ਰਾਤ ਇਹਦੀ ਹੀ ਚਿੰਤਾ ਕਰੀ ਜਾਣੀ, ਇਹ ਤਾਂ ਆਪਣਾ ਸਮਾਂ ਖਰਾਬ ਕਰਨਾ ਹੀ ਹੈ ਕਿਉਂਕਿ ਇਹ ਤਾਂ ਮਿਲਣੀ ਹੀ ਹੈ –

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥ ਅੰਗ- ੬੫੩*

ਫ਼ਿਕਰ ਕਰਨੈ ਤਾਂ ਉਦਮ ਕਰੋ। ਵਸ਼ਿਸ਼ਟ ਜੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਨੂੰ ਕਹਿੰਦੇ ਨੇ ਕਿ ਹੇ ਰਾਮ! ਦੁਨਿਆਵੀ ਪ੍ਰਾਪਤੀਆਂ ਵਾਸਤੇ ਉੱਦਮ

ਦੀ ਲੋੜ ਨਹੀਂ ਹੈ। ਇਹ ਭਾਗ ਦੀ ਚੀਜ਼ ਹੈ, ਪਹਿਲਾਂ ਬੀਜਿਆ ਹੋਇਆ, ਅਵੱਸ਼ ਪ੍ਰਾਪਤ ਹੋ ਜਾਣੈ। ਥੋੜ੍ਹੇ ਜਿਹੇ ਉੱਦਮ ਨਾਲ ਹੀ ਪ੍ਰਾਪਤ ਹੋ ਜਾਣੈ। ਉਸ ਭਾਗ ਨੇ ਹੀ ਉੱਦਮ ਕਰਾ ਦੇਣੈ। ਆਲਸੀ ਜਿਹੜਾ ਹੁੰਦੈ ਉਹਦਾ ਭਾਗ ਨਹੀਂ ਹੁੰਦਾ। ਜਿਹੜਾ ਉਦਮ ਕਰਦੈ, ਉਹਦਾ ਭਾਗ ਉਦਮ ਕਰਾ ਰਿਹਾ ਹੁੰਦੈ। ਸੋ ਉਹ ਤਾਂ ਸਹਿਜ ਸੁਭਾਅ ਹੁੰਦੈ। ਲੇਕਿਨ ਜਿਹੜਾ ਬੰਦੇ ਨੂੰ ਕਰਨਾ ਬਣਦੈ। ਉਹ ਕਹਿੰਦੇ, ਅਧਿਆਤਮਕ ਅਵਸਥਾ ਪ੍ਰਾਪਤ ਕਰਨ ਵਾਸਤੇ, ਰੂਹਾਨੀਅਤ ਵਿਚ ਜਾਣ ਵਾਸਤੇ ਉਦਮ ਕਰਨਾ ਪੈਂਦੈ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ– ੩੦੫*

ਉਹ ਉੱਦਮ ਕਰਕੇ ਉਠੇ, ਇਸ਼ਨਾਨ ਕਰੇ, ਫੇਰ ਬੈਠ ਕੇ ਸਾਧਨਾ ਕਰੇ, ਮਨ ਨੂੰ ਟਿਕਾਵੇ, ਉਹਦੇ ਵਾਸਤੇ ਉੱਦਮ ਦੀ ਲੋੜ ਹੈ। ਸੋ ਜਦੋਂ ਅਸੀਂ ਉੱਦਮ ਕਰਦੇ ਹਾਂ ਦੁਨਿਆਵੀ ਪ੍ਰਾਪਤੀਆਂ ਵਾਸਤੇ, ਫੇਰ ਅਸੀਂ ਖੁੰਝ ਜਾਂਦੇ ਹਾਂ, ਮਹਾਰਾਜ ਕਹਿੰਦੇ, ਤੈਨੂੰ ਨਹੀਂ ਪਤਾ–

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥*
*ਅੰਗ– ੧੪*

ਸੋ ਦੂਸਰੀ ਪ੍ਰਾਪਤੀ ਮਹਾਰਾਜ ਦਸਦੇ ਨੇ ਕਿ –

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥*
*ਅੰਗ– ੧੪*

ਆਹ ਜਿਹੜੇ ਪਾਰਕ ਨੇ, ਇਹ ਲਾਲਾਂ ਤੇ ਹੀਰਿਆਂ ਦੇ ਨਾਲ ਝਿਲਮਿਲ–ਝਿਲਮਿਲ ਕਰਦੇ ਹੋਣ ਤੇ ਪਲੰਘ ਜਿਹੜੇ ਨੇ ਉਹਦੇ ਉਤੇ ਨਿਗ੍ਹਾ ਨਾ ਟਿਕਦੀ ਹੋਵੇ, ਐਨਾ ਝਿਲਮਿਲ–ਝਿਲਮਿਲ ਕਰਦਾ ਹੋਵੇ। ਇਕ ਰੋਸ਼ਨੀ ਦੇ ਨਾਲ ਸੈਂਕੜੇ ਕਿਸਮ ਦੀਆਂ ਰੰਗ ਬਿਰੰਗੀਆਂ ਰੋਸ਼ਨੀਆਂ ਉਹਦੇ ਵਿਚੋਂ ਆਉਣ –

*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ– ੧੪*

ਫੇਰ ਦੂਜਾ ਸੁਖ ਇਹ ਹੈ ਕਿ ਪਦਮਨੀਆਂ ਇਸਤ੍ਰੀਆਂ ਪ੍ਰਾਪਤ ਹੋਣ। ਕੀ ਹੋਏਗਾ, ਨਾਮ ਟੁੱਟ ਜਾਏਗਾ। ਫੇਰ ਇਹ ਪ੍ਰਾਪਤੀ ਕਾਹਦੀ ਹੋਈ ਜਿਹੜੀ ਨਾਮ ਟੁੱਟ ਕੇ ਅਵਸਥਾ ਕੀ ਹੋਏਗੀ –

*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਅੰਗ– ੭੦੭*

ਵਿਸ਼ਟਾ ਦਾ ਕੀੜਾ ਬਣਨ ਵਾਲੀ ਗੱਲ ਹੈ। ਫੇਰ ਅੱਗੇ ਆ ਗਈਆਂ ਰਿੱਧੀਆਂ–ਸਿੱਧੀਆਂ। ਮਾਨਸਿਕ ਸ਼ਕਤੀਆਂ –

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਅੰਗ– ੧੪*

ਬੜੀ ਭਾਰੀ ਮਸ਼ਹੂਰੀ ਹੋ ਜਾਵੇ, ਸਾਰੇ ਸੰਸਾਰ ਦੇ ਵਿਚ ਜਿਥੇ ਜਾਵੇ, ਉਥੇ ਹੀ ਪ੍ਰਸੰਸਾ ਹੋਵੇ।

ਮੈਨੂੰ ਚਿੱਠੀ ਆਈ ਅਮਰੀਕਾ ਤੋਂ ਕਿ ਇਥੇ ਕੋਈ ਰਿਸ਼ੀ ਆਇਆ ਹੋਇਐ ਭਾਰਤ ਵਰਸ਼ ਦਾ ਤੇ ਉਹ ਸਾਡੇ ਜਾਨਣ ਵਾਲੇ ਨੇ, ਧਾਰੀਵਾਲ। ਬੜੇ ਅਮੀਰ ਬੰਦੇ ਨੇ, ਸਾਢੇ ਚਾਰ ਕਰੋੜ ਦੀ ਰੋਜ਼ ਦੀ ਆਮਦਨ ਹੈ। ਕਹਿੰਦੇ, ਉਹਨਾਂ ਕੋਲ ਨੇ। ਕੋਈ ਗੱਲ ਲੈ ਕੇ ਚਲੇ ਜਾਓ ਉਹ ਪਹਿਲਾਂ ਹੀ ਦਸ ਦਿੰਦੇ ਨੇ ਕਿ ਤੂੰ ਫਲਾਣੀ ਗੱਲ ਕਰਨ ਆਇਆ ਹੈਂ, ਆਹ ਗੱਲ ਹੈ, ਬੜੇ ਪ੍ਰਭਾਵਿਤ ਹੋਏ। ਉਹਨੂੰ ਕਹਿੰਦੇ ਨੇ ਸਿੱਧੀ। ਮਹਾਰਾਜ ਕਹਿੰਦੇ – ***'ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥'*** ਬੈਠਾ–ਬੈਠਾ ਗੁਪਤ ਹੋ ਜਾਵੇ। ਇਥੋਂ ਗੁਪਤ ਹੋ ਕੇ ਸਾਰੇ ਅਨਾਊਂਸ ਕਰ ਦੇਵਾਂ ਟੈਲੀਵੀਜ਼ਨ 'ਤੇ ਕਿ ਮੈਂ ਦਿੱਲੀ ਜਾ ਕੇ ਪ੍ਰਗਟ ਹੋਣੈ, ਫਲਾਣੀ ਥਾਂ 'ਤੇ। ਇਥੋਂ ਗੁਪਤ ਹੋ ਜਾਵਾਂ, ਉਸੇ ਸਮੇਂ ਓਧਰ ਪ੍ਰਗਟ ਹੋ ਕੇ ਟੈਲੀਵੀਜ਼ਨ 'ਤੇ ਮੇਰਾ ਪ੍ਰੋਗਰਾਮ ਉਸੇ ਵੇਲੇ ਆਉਣ ਲਗ ਜਾਵੇ। ਸਾਰੇ ਲੋਕ ਭਾਉ ਰੱਖਣਗੇ ਕਿ ਕਿੱਡੀ ਸ਼ਕਤੀ ਹੈ, ਹੁਣੇ ਇਥੋਂ ਗੁਪਤ ਹੋਇਆ, ਹੁਣੇ ਉਥੇ ਪ੍ਰਗਟ ਹੋ ਗਿਆ ਪਰ ਹੋਏਗਾ ਕੀ? ਮਹਾਰਾਜ ਕਹਿੰਦੇ, ਰੱਬ ਨੂੰ ਭੁੱਲ ਜਾਏਂਗਾ ਪ੍ਰੇਮੀਆਂ –

*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ– ੧੪*

ਦੋ ਮਹਾਤਮਾ ਸਾਡੇ ਦੇਸ਼ ਵਿਚ ਬਹੁਤ ਵੱਡੇ ਹੋਏ ਨੇ, ਜਿਨ੍ਹਾਂ ਨੇ, ਜਿਵੇਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਸਦੇ ਨੇ, ਆਪਣਾ ਸ਼ਬਦ ਦੇ ਮੁਤਾਬਿਕ ਜੀਵਨ ਢਾਲਿਆ। ਉਹਨਾਂ ਕੋਲ ਅੰਬਾਰ ਲੱਗੇ ਹੋਏ ਸੀ ਧਨ ਦੇ, ਦੋਵੇਂ ਚੰਗੇ ਬਾਦਸ਼ਾਹ ਸੀ। ਰਾਜੇ ਸੀ। ਦੋਹਾਂ

ਦੇ ਕੋਲ ਹੀ ਪਦਮਨੀ ਇਸਤ੍ਰੀਆਂ ਸੀ। ਜਿਹੜੀਆਂ ਕਿਤੇ ਵੀ ਹੋਰ ਨਹੀਂ ਸੀ। ਦੋਹਾਂ ਨੇ ਹੀ ਛੱਡ ਦਿਤੀਆਂ। ਇਕ ਦਾ ਨਾਉਂ ਭਰਥਰੀ ਸੀ, ਇਕ ਦਾ ਨਾਉਂ ਗੋਪੀ ਚੰਦ ਸੀ। ਰਾਜਸੀ ਸ਼ਕਤੀ, ਤਖ਼ਤ ਛੱਡ ਕੇ ਚਲੇ ਗਏ ਤੇ ਬੰਦਗੀ ਕਰਦੇ ਨੇ। ਬਹੁਤ ਪ੍ਰਚਾਰ ਹੋ ਗਿਆ, ਬੇਅੰਤ ਦੁਨੀਆਂ ਆਉਣ ਲਗ ਗਈ। ਦੋਵੇਂ ਕਹਿਣ ਲੱਗੇ ਕਿ ਦੇਖੋ ਆਪਾਂ ਦੁਨੀਆਂ ਕਾਹਦੇ ਵਾਸਤੇ ਛੱਡੀ ਸੀ। ਇਸ ਵਾਸਤੇ ਕਿ ਪਰਮ ਪਦ ਦੀ ਸਾਨੂੰ ਪ੍ਰਾਪਤੀ ਹੋਵੇ ਤੇ ਪਰਮ ਸ਼ਾਂਤ ਸਾਨੂੰ ਪ੍ਰਾਪਤ ਹੋਵੇ। ਮਨ ਦੀ ਪਰਮ ਮੋਨ ਅਵਸਥਾ ਸਾਨੂੰ ਪ੍ਰਾਪਤ ਹੋਵੇ। ਇਥੇ ਤਾਂ ਸਾਰਾ ਦਿਨ ਹੀ ਦੁਨੀਆਂ ਆਈ ਜਾਂਦੀ ਹੈ, ਕਿ ਮੇਰਾ ਆਹ ਹੋ ਗਿਆ ਜੀ, ਆਹ ਹੋ ਜਾਵੇ ਜੀ। ਨਵੇਂ ਤੋਂ ਨਵੇਂ ਆਉਂਦੇ ਨੇ, ਆਪਣਾ ਕੰਮ ਕੱਢ ਕੇ ਤੁਰ ਜਾਂਦੇ ਨੇ। ਮੁੜ ਕੇ 'ਨੈਂ ਲੰਘੀ ਖੁਆਜਾ ਵਿਸਰਿਆ' ਗੱਲ ਖਤਮ ਹੋ ਜਾਂਦੀ ਹੈ ਕਿਉਂਕਿ ਗਰਜ ਦੀ ਦੁਨੀਆਂ ਹੈ ਸਾਰੀ। ਕਹਿਣ ਲੱਗੇ, ਆਪਾਂ ਇਥੋਂ ਕਿਤੇ ਦੂਰ ਚੱਲੀਏ, ਚੱਲ ਕੇ ਗੁਪਤ ਵਾਸ, ਗੋਸ਼ਾ ਨਸ਼ੀਨੀ ਅਖਤਿਆਰ ਕਰੀਏ। ਪਹਿਲਾਂ ਸੰਤ ਗੋਸ਼ਾ ਨਸ਼ੀਨੀ ਅਖਤਿਆਰ ਕਰਦੇ ਸੀ। ਗੁਰੂ ਘਰ ਵਿਚ ਵੀ ਬਹੁਤ ਸਾਰਿਆਂ ਨੇ ਕਰੀ ਹੈ। ਪਰ ਸ੍ਰੀ ਗੁਰੂ ਨਾਨਕ ਸਾਹਿਬ ਦਾ ਇਹ ਹੁਕਮ ਹੈ ਕਿ –

*ਜਬ ਲਗੁ ਦੁਨੀਆ ਰਹੀਐ ਨਾਨਕ*
*ਕਿਛੁ ਸੁਣੀਐ ਕਿਛੁ ਕਹੀਐ ॥* *ਅੰਗ– ੬੬੧*

ਕਹਿੰਦੇ ਰਹੋ, ਆਪ ਸੁਚੇਤ ਰਹੋ ਇਨ੍ਹਾਂ ਉਲਝੇਵਿਆਂ 'ਚ ਆਪ ਫਸੋ ਨਾ –

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਅੰਗ– ੯੩੮*

ਜਿਵੇਂ ਕਮਲ ਫੁੱਲ ਹੁੰਦੈ ਪਾਣੀ ਦੇ ਅੰਦਰ, ਉਹ ਚਿਉਕਣਾ ਹੁੰਦੈ, ਉਹ ਉਤੇ ਹੀ ਰਹਿੰਦੈ, ਪਾਣੀ ਉਹਨੂੰ ਡੋਬ ਨਹੀਂ ਸਕਦਾ। ਨਾਲੀ ਉਹਦੀ ਓਨੀਓਂ ਵਧ ਜਾਂਦੀ ਹੈ, ਜਿੰਨਾਂ ਪਾਣੀ ਚੜ੍ਹ ਜਾਵੇ। ਜਿਹੜੀ ਮੁਰਗਾਬੀ ਹੈ ਉਹਦੇ ਫੰਘਾਂ ਨੂੰ ਪਾਣੀ ਨਹੀਂ ਪੋਹ ਸਕਦਾ, ਜਿਥੋਂ ਜੀਅ ਕਰਦੈ ਉਥੋਂ ਉਡਾਰੀ ਮਾਰ ਕੇ ਉਡ ਸਕਦੀ ਹੈ। ਬਾਕੀ ਕੋਈ ਹੋਰ ਪੰਛੀ ਕਾਂ ਵਾੜ ਦਿਓ ਜਾਂ ਹੋਰ ਵਾੜ ਦਿਓ, ਉਹਨਾਂ ਦੇ ਫੰਘ ਗਿੱਲੇ ਹੋ ਜਾਣਗੇ। ਉਡ ਹੀ ਨਹੀਂ ਸਕਦੇ, ਹੱਥਾਂ ਨਾਲ ਫੜ ਲਓ ਚਾਹੇ ਉਹਨਾਂ ਨੂੰ।

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸਾ ਦਸ ਦਿਤਾ –

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥* *ਅੰਗ– ੫੨੨*

ਬਈ ਅਪਕੜ 'ਚ ਰਹੋ ਪੂਰੀ ਤਰ੍ਹਾਂ, ਗ੍ਰਹਿਸਤੀ ਬਣੋ, ਬਾਲ–ਬੱਚੇ ਪਾਲੋ, ਪੜ੍ਹਾਓ, ਪਰ ਪਕੜ 'ਚ ਨਾ ਆਓ। ਫੇਰ ਕਹਿੰਦੇ, ਜੇ ਪਕੜ 'ਚ ਨਹੀਂ ਆਉਂਦੇ, ਫੇਰ ਬੱਚਿਆਂ ਨੂੰ ਕਿਵੇਂ ਪਾਲਾਂਗੇ। ਸਾਨੂੰ ਤਾਂ ਫੇਰ ਉਹਨਾਂ ਨਾਲ ਮੋਹ ਨਹੀਂ ਹੋਣਾ। ਮੋਹ ਤੋਂ ਬਗੈਰ ਬੱਚੇ ਨਹੀਂ ਪਲਦੇ। ਮਹਾਰਾਜ ਕਹਿੰਦੇ, ਇਹ ਤਾਂ ਮਨ ਦਾ ਰਵੱਈਆ (attitude of mind) ਹੈ ਇਹਨੂੰ ਬਦਲ ਲਓ। ਇਹਨੂੰ ਇਸ ਤਰ੍ਹਾਂ ਸਮਝੋ –

*ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ ॥* *ਅੰਗ – ੪੯੪*

ਇਹ ਤਾਂ ਮੇਰੇ ਪਿਆਰੇ ਵਾਹਿਗੁਰੂ ਨੇ ਮੈਨੂੰ ਦਿਤੇ ਨੇ। ਮੈਨੂੰ ਸੰਭਾਲਣ ਵਾਸਤੇ ਦਿਤੇ ਨੇ ਕਿ ਮੈਂ ਇਹਨਾਂ ਨੂੰ ਨੇਕ ਬਣਾਵਾਂ। ਦੁਨੀਆਂ ਨੂੰ ਦੁਖ ਦੇਣ ਵਾਲੇ ਨਾ ਬਣਾਵਾਂ। ਇਹਨਾਂ ਨੂੰ ਪੜ੍ਹਾਵਾਂ ਲਿਖਾਵਾਂ, ਸਿਆਣੇ ਬਣਾਵਾਂ। ਕੌਣ ਕਹਿੰਦਾ ਹੈ ਕਿ ਬੱਚਿਆਂ ਨੂੰ ਨਾ ਪਾਲੋ, ਸਿਰਫ ਮਨ ਦਾ ਰਵੱਈਆ ਬਦਲਣਾ ਪੈਂਦਾ ਹੈ। ਇਕ ਮੋਹ ਹੈ ਉਹਦੇ ਵਿਚ ਅਸੀਂ ਫਸਦੇ ਹਾਂ। ਇਕ ਡਿਊਟੀ ਹੈ, ਉਹਦੇ ਵਿਚ ਨਹੀਂ ਅਸੀਂ ਫਸਦੇ, ਕਿਉਂਕਿ ਵਾਹਿਗੁਰੂ ਨੇ ਦਿਤੇ ਹੋਏ ਨੇ, ਅਸੀਂ ਤਾਂ ਨਹੀਂ ਲਿਆਏ ਕਿਤੋਂ ਪੰਡ ਭਰ ਕੇ ਬੱਚਿਆਂ ਦੀ। ਉਹਨੇ ਦਿਤੀਆਂ ਨੇ ਰੂਹਾਂ, ਅਸੀਂ ਸੇਵਾ ਕਰ ਰਹੇ ਹਾਂ। ਆਪਣੇ ਜਾਣ ਕੇ ਨਹੀਂ, ਪ੍ਰਮੇਸ਼ਰ ਦੇ ਜਾਣ ਕੇ।

ਸੋ ਆਮ ਮਹਾਤਮਾ ਗੋਸ਼ਾਨਸ਼ੀਨੀ ਨੂੰ ਜ਼ਿਆਦਾ ਤਰਜੀਹ ਦਿੰਦੇ ਨੇ। ਇਹ ਨਹੀਂ ਹੁੰਦਾ ਕਿ ਗ੍ਰਹਿਸਥੀ ਨੂੰ ਗਿਆਨ ਨਹੀਂ ਹੁੰਦਾ। ਹੁੰਦਾ ਗ੍ਰਹਿਸਥੀ ਨੂੰ ਵੀ, ਸੰਨਿਆਸੀ ਨੂੰ ਵੀ ਹੈ ਪਰ ਉਹਨਾਂ ਦੇ ਆਤਮ ਅਨੰਦ ਵਿਚ ਫਰਕ ਰਿਹਾ ਕਰਦੈ ਥੋੜ੍ਹਾ। ਉਹ ਇਸ ਤਰ੍ਹਾਂ ਦੇ ਨਾਲ ਹੋਇਆ ਕਰਦੈ ਕਿ ਬਿਰਤੀ ਦੋਹਾਂ ਦੀ ਸੰਸਾਰ ਵਿਚ ਹੈ, ਜਦੋਂ ਗਿਆਨ ਹੋ ਗਿਆ ਤਾਂ ਜਿਹੜਾ ਸੰਨਿਆਸੀ ਹੈ, ਵਿਰਕਤ ਸਾਧੂ ਹੈ ਉਹ ਛੱਡ ਕੇ ਪਾਸੇ ਹੋ ਜਾਂਦਾ ਹੈ। ਨਿਵੇਕਲਾ ਹੋ ਜਾਂਦੈ। ***'ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ।'*** ਕਿਸੇ ਦੀ ਉਹਨੂੰ ਚਿੰਤਾ ਹੀ ਨਹੀਂ ਹੁੰਦੀ। ਨਾ ਕਿਸੇ ਨਾਲ ਪਕੜ ਪਾਉਂਦੈ। ਨਾ ਕਿਸੇ ਦੇ ਘਰ

ਟਿਕਦੈ, ਨਾ ਕੋਈ ਸੇਵਕ ਬਣਾਉਂਦੈ, ਉਦਾਸ ਹੀ ਰਹਿੰਦਾ ਹੈ ਸਾਰਿਆਂ ਤੋਂ। ਕਹਿੰਦੈ, ਕੀ ਅਲਸੇਟੇ 'ਚ ਪੈਣਾ, ਦੁਨੀਆਂ ਛੱਡੀ ਸਭ ਕੁਛ ਛੱਡ ਦਿਤਾ। ਫੇਰ ਵੀ ਉਥੇ ਹੀ ਰਹੇ।

ਜਿਹੜਾ ਗ੍ਰਿਹਸਥੀ ਹੁੰਦਾ, ਉਹਨੂੰ ਗਿਆਨ ਤਾਂ ਹੋ ਜਾਂਦੈ, ਪਰ ਵਿਸ਼ੇਸ਼ ਆਤਮ ਅਨੰਦ ਪ੍ਰਾਪਤ ਨਹੀਂ ਹੁੰਦਾ, ਨਿਰਵਿਰਤੀ ਵਾਲਾ ਉਹ ਇਸ ਤਰ੍ਹਾਂ ਰਹਿੰਦੈ ਜਿਵੇਂ ਦੋ ਬੰਦੇ ਬੈਠੇ ਨੇ ਤੇ ਕੋਲ ਗੰਦ-ਮੰਦ ਪਿਐ, ਗੋਹਾ ਵਗੈਰਾ ਪਿਐ। ਮੱਖੀਆਂ ਭਿਣ-ਭਿਣ ਕਰਦੀਆਂ ਨੇ, ਬਦਬੂ ਮਾਰਦੀ ਹੈ, ਇਕ ਤਾਂ ਛੱਡ ਕੇ ਪਾਸੇ ਹੋ ਜਾਂਦੈ। ਇਕ ਉਥੇ ਹੀ ਬੈਠਾ ਮੱਖੀਆਂ ਉਡਾਈ ਜਾਂਦੈ। ਦੋਹਾਂ ਦੇ ਵਿਚ ਇਹੀ ਫਰਕ ਹੈ। ਗਿਆਨ 'ਚ ਕੋਈ ਫਰਕ ਨਹੀਂ ਪਰਵਿਰਤੀ ਵਾਲਾ ਮੱਖੀਆਂ ਉਡਾਉਂਦੈ, ਪਰਿਵਾਰ ਵਿਚ ਉਹੀ ਦੁਖ, ਉਹੀ ਸੁਖ ਆਉਂਦੇ ਨੇ, ਆਪਣੇ ਗਿਆਨ ਦੇ ਬਲ ਕਰਕੇ ਬਚਿਆ ਰਹਿੰਦੈ। ਲੇਕਿਨ ਧੱਕਾ ਉਹਨੂੰ ਜ਼ਰੂਰ ਲਗਦੈ। ਨਿਰਵਿਰਤੀ ਵਾਲੇ ਨੂੰ ਨਹੀਂ ਲਗਦਾ।

ਸੋ ਇਹ ਦੋਵੇਂ ਰਾਜੇ ਗੋਪੀਚੰਦ ਤੇ ਭਰਥਰੀ ਇਹ ਨਿਰਵਿਰਤੀ ਦੇ ਵਿਚ ਖੁਸ਼ ਸੀਗੇ। ਇਹ ਇਥੋਂ ਤੁਰੇ, ਦੱਖਣ ਵਿਚ ਚਲੇ ਗਏ। ਉਥੇ ਆਸ਼ਰਮ ਬਣੇ ਹੋਏ ਨੇ, ਸ੍ਰੀ ਗੁਰੂ ਨਾਨਕ ਪਾਤਸ਼ਾਹ ਉਥੇ ਮਿਲੇ ਸੀ ਇਹਨਾਂ ਨੂੰ। ਗਿਆਨ ਉਥੇ ਕਰਾਇਆ ਸੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ।

ਉਥੇ ਇਕ ਮਾਈ ਸਬੱਬ ਨਾਲ ਮਿਲ ਗਈ, ਬੜੀ ਸ਼ਰਧਾਲੂ, ਪਛਾਣ ਲਿਆ ਇਹਨੇ। ਕਹਿੰਦੀ, ਮਹਾਂਪੁਰਸ਼ੋ! ਕੋਈ ਸੇਵਾ ਦੱਸੋ ਮੈਨੂੰ। ਉਹ ਕਹਿੰਦੇ, ਬੀਬੀ! ਸੇਵਾ ਤਾਂ ਅਸੀਂ ਲੈਣੀ ਹੈ ਤੇਰੇ ਤੋਂ ਬਹੁਤ, ਪਰ ਤੇਰੇ ਤੋਂ ਹੋਣੀ ਨਹੀਂ ਹੈ। ਕਹਿਣ ਲੱਗੀ, ਨਹੀਂ ਮਹਾਰਾਜ ਮੈਂ ਸੇਵਾ ਕਰਾਂਗੀ, ਦੱਸੋ ਤਾਂ ਸਹੀ। ਕਹਿੰਦੇ ਸੇਵਾ ਇਹ ਹੈ, ਕੋਈ ਕਮਰਾ ਹੈ ਤੇਰੇ ਕੋਲ ਵਾਧੂ? ਕਹਿੰਦੀ, ਹੈਗਾ ਮਹਾਰਾਜ, ਮੇਰੇ ਕੋਲ ਤਾਂ ਮਹਲ ਹੈ। ਕਹਿੰਦੇ, ਅਸੀਂ ਉਹਦੇ ਵਿਚ ਬੈਠ ਕੇ ਤਪ ਕਰਨਾ ਹੈ। ਦਿਨ ਵਿਚ ਅਸੀਂ ਬਾਹਰ ਨਹੀਂ ਆਉਣਾ, ਰਾਤ ਨੂੰ ਵੀ ਨਹੀਂ ਆਉਣਾ। ਅਸੀਂ ਛੇ-ਛੇ ਮਹੀਨੇ ਦੀਆਂ ਸਮਾਧੀਆਂ ਲਾਉਣੀਆਂ ਨੇ ਤੇ ਤੂੰ ਐਵੇਂ ਨਾ ਰੌਲਾ ਪਾ ਦੇਵੀਂ ਬਾਹਰ ਕਿ ਸਾਡੇ ਅੰਦਰ ਸੰਤ ਬੈਠੇ ਨੇ। ਅਸੀਂ ਤਾਂ ਡਰਦੇ ਮਾਰੇ ਨੱਠੇ ਹਾਂ ਮੱਖੀਆਂ ਤੋਂ। ਉਹ ਕਹਿੰਦੀ, ਇਹ ਮੇਰਾ, ਤੁਹਾਡਾ ਬਚਨ ਰਿਹਾ, ਮੈਂ ਨਹੀਂ ਦੱਸਾਂਗੀ। ਜਿਥੇ ਤਕ ਮੇਰਾ ਵਾਹ ਹੋਏਗਾ। ਸੋ ਇਸ ਤਰ੍ਹਾਂ ਕਰਕੇ ਕਈ ਮਹੀਨੇ ਜਦੋਂ ਉਹਨਾਂ ਨੂੰ ਲੰਘ ਗਏ, ਕਦੇ ਬਾਹਰ ਆ ਜਾਂਦੇ ਨੇ ਤੇ ਇਕ ਦਿਨ ਕਿਸੇ ਪੜੋਸਣ ਨੂੰ ਭਿਣਕ ਪੈ ਗਈ ਕਿ ਇਹਦੇ ਅੰਦਰ ਕੋਈ ਬੰਦੇ ਰਹਿੰਦੇ ਨੇ। ਪਤਾ ਹੈ ਕਿ ਮਾੜੇ ਬੰਦੇ ਨੇ ਜਾਂ ਚੰਗੇ ਬੰਦੇ ਨੇ। ਉਹ ਖਹਿੜੇ ਪੈ ਗਈ ਕਿ ਭੈਣ ਜੀ! ਤੇਰੇ ਅੰਦਰ ਕੋਈ ਬੰਦੇ ਰਹਿੰਦੇ ਨੇ, ਮੈਨੂੰ ਬੋਲ ਸੁਣਿਆ ਹੈ ਉਹਦਾ ਤੇ ਮੈਂ ਆ ਕੇ ਵੀ ਦੇਖਿਐ, ਜਿਹੜਾ ਤੁਸੀਂ ਕਮਰਾ ਬੰਦ ਰਖਦੇ ਹੋਂ, ਉਸ ਤੋਂ ਬਿਨਾਂ ਮੈਂ ਤੇਰੀ ਸਾਰੀ ਕੋਠੀ ਦੇਖ ਲਈ, ਉਥੇ ਤਾਂ ਹੈ ਨਹੀਂ, ਤੂੰ ਮੈਨੂੰ ਸੱਚ-ਸੱਚ ਦਸ ਕਿ ਚੰਗੇ ਬੰਦੇ ਰਹਿੰਦੇ ਨੇ ਕਿ ਮਾੜੇ ਰਹਿੰਦੇ ਨੇ, ਕਿਉਂਕਿ ਤੂੰ ਇਕੱਲੀ ਹੈਂ ਘਰ ਦੇ ਅੰਦਰ।

ਉਹ ਕਹਿੰਦੀ, ਮਾੜੇ ਬੰਦੇ ਵਾਲੀ ਤਾਂ ਕੋਈ ਗੱਲ ਹੀ ਨਹੀਂ ਹੈ। ਮੈਂ ਕੀ ਕਰਨੈ ਇਥੇ ਮਾੜਾ ਬੰਦਾ ਰੱਖ ਕੇ। ਕਹਿੰਦੀ, ਫੇਰ ਦਸ ਕਿਹੋ ਜਿਹੇ ਬੰਦੇ ਨੇ? ਸੱਚੋ ਸੱਚ ਦਸ ਦਿਤਾ ਕਿ ਦੋ ਸਾਧੂ ਨੇ, ਉਹ ਬਹੁਤ ਲੰਮੀਆਂ, ਸਵਾ-ਸਵਾ ਮਹੀਨੇ ਦੀ ਸਮਾਧੀ ਲਾ ਕੇ ਬੈਠੇ ਰਹਿੰਦੇ ਨੇ। ਕਦੇ-ਕਦੇ ਉਹਨਾਂ ਦੀ ਸਮਾਧੀ ਉਥਾਨ ਹੁੰਦੀ ਹੈ, ਫੇਰ ਕੁਛ ਛਕ-ਛਕਾ ਲੈਂਦੇ ਨੇ। ਫੇਰ ਜੇ ਬਾਹਰ ਨਿਕਲਣਾ ਹੁੰਦੈ ਤਾਂ ਰਾਤ ਨੂੰ ਨਿਕਲਦੇ ਨੇ, ਦਿਨ ਨੂੰ ਨਹੀਂ ਨਿਕਲਦੇ। ਜਦੋਂ ਸਭ ਸੌਂ ਜਾਂਦੇ ਨੇ, ਫੇਰ ਜਾਂਦੇ ਨੇ। ਉਹ ਵੀ ਬੜੀ ਪ੍ਰਭਾਵਿਤ ਹੋ ਗਈ, ਦਰਵਾਜ਼ੇ ਨੂੰ ਹੀ ਮੱਥੇ ਟੇਕਣੇ ਸ਼ੁਰੂ ਕਰ ਦਿਤੇ ਉਹਨੇ ਕਿ ਇਥੇ ਸੰਤ ਰਹਿੰਦੇ ਨੇ। ਗੱਲ ਚਲਦੀ-ਚਲਦੀ ਸਾਰੇ ਸ਼ਹਿਰ 'ਚ ਘੁੰਮ ਗਈ। ਵਜ਼ੀਰ ਤਕ ਚਲੀ ਗਈ, ਰਾਜੇ ਤਕ ਚਲੀ ਗਈ। ਰਾਜੇ ਨੂੰ ਜਦੋਂ ਪਤਾ ਲੱਗਿਆ ਕਿ ਮੇਰੇ ਰਾਜ ਵਿਚ ਐਸੇ ਮਹਾਂਪੁਰਸ਼ ਆਏ ਹੋਏ ਨੇ, ਉਸ ਵੇਲੇ ਉਸ ਨੇ ਜਾਣ ਦੀ ਤਿਆਰੀ ਕਰ ਲਈ। ਵਜ਼ੀਰ ਕਹਿੰਦਾ, ਮੈਂ ਵੀ ਚੱਲਾਂਗਾ, ਦੂਜਾ ਵਜ਼ੀਰ ਕਹਿੰਦਾ, ਮੈਂ ਵੀ ਚੱਲਾਂਗਾ। ਜਰਨੈਲ ਕਹਿੰਦਾ, ਮੈਨੂੰ ਵੀ ਲੈ ਚੱਲੋ ਮਹਾਰਾਜ। ਰਾਜਾ ਆਉਂਦਾ ਹੋਵੇ ਤਾਂ ਫੇਰ ਪਿੱਛੇ ਕਿਹੜਾ ਰਹਿੰਦੈ। ਬੈਂਡ ਵਾਜੇ ਵੱਜਣੇ ਸ਼ੁਰੂ ਹੋ ਗਏ। ਮੋਤੀਆਂ ਦੇ ਭਰੇ ਹੋਏ ਹਾਰ ਲੈ ਲਏ, ਪਦਾਰਥਾਂ ਦੇ ਭਰੇ ਹੋਏ ਟੋਕਰੇ ਲੈ ਲਏ ਤੇ ਬੈਂਡ ਵਾਜਾ ਵਜਦਾ ਆਉਂਦੈ। ਕੁਦਰਤੀ ਸਮਾਧੀ ਉਥਾਨ ਸੀ ਉਹਨਾਂ ਦੀ। ਗੋਪੀ ਚੰਦ ਕਹਿਣ ਲੱਗਿਆ, ਭਰਥਰੀ ਨੂੰ ਕਹਿੰਦੇ, ਸੰਤ ਜੀ! ਇਹ ਕੌਣ ਹੈ, ਇਹ ਕੀ ਹੋ

ਰਿਹੈ? ਦੇਖਿਆ ਕਿ ਸਿੱਧੇ ਹੀ ਤੁਰੇ ਆਉਂਦੇ ਨੇ। ਕਹਿੰਦੇ, ਮਾਈ ਨੇ ਕੋਈ, ਸਿਆਪਾ ਖੜ੍ਹਾ ਕਰਿਐ। ਕਹਿੰਦੇ, ਕਿਉਂ ਮਾਤਾ! ਤੂੰ ਕੋਈ ਗੱਲ ਕਰੀ ਹੈ ਸਾਡੀ? ਕਹਿੰਦੀ, ਮੈਂ ਤਾਂ ਨਹੀਂ ਗੱਲ ਕਰੀ। ਆਹ ਸਾਡੀ ਪੜੌਸਣ ਨੇ ਕਰੀ ਹੈ। ਕਹਿੰਦੇ, ਇਹਨੂੰ ਕਿਵੇਂ ਪਤਾ ਲਗ ਗਿਆ? ਕਹਿੰਦੀ, ਇਥੇ ਕਿਤੋਂ ਬਿੜਕ ਲਗ ਗਈ ਇਹਨੂੰ, ਕਹਿਣ ਲੱਗੀ, ਤੇਰੇ ਅੰਦਰ ਕੋਈ ਚੋਰ-ਚਕਾਰ ਲੁਕੇ ਹੋਏ ਨੇ। ਕਹਿੰਦੀ, ਮੈਂ ਆਪਣੀ ਇੱਜ਼ਤ ਤੋਂ ਡਰਦੀ ਮਾਰੀ ਨੇ ਸਹੀ-ਸਹੀ ਗੱਲ ਦਸ ਦਿਤੀ ਕਿ ਚੋਰ ਚਕਾਰ ਕੋਈ ਨਹੀਂ ਸੰਤ ਨੇ। ਕਹਿੰਦੇ, ਅਸੀਂ ਤਾਂ ਲੋਕਾਂ ਤੋਂ ਨੱਠੇ ਸੀ, ਓਹੀ ਗੱਲ ਫੇਰ ਹੋ ਗਈ। ਕਹਿੰਦੇ, ਫੇਰ ਸੰਤ ਜੀ, ਆਪਾਂ ਕੀ ਕਰੀਏ। ਕਹਿੰਦੇ, ਆਪਾਂ ਫੇਰ ਕੋਈ ਕੌਤਕ ਖੇਡ ਦਿੰਦੇ ਹਾਂ। ਆਪੇ ਹੀ ਮੁੜ ਜਾਣਗੇ ਇਹ, ਆਪਾਂ ਆਪਣੇ ਆਪ ਸੰਤ ਮੰਨ ਕੇ ਕਿਉਂ ਦਿਖਾਈਏ। ਆਪਣੀ ਨਿੰਦਿਆ ਕਰਾ ਲੈਂਦੇ ਹਾਂ, ਨਿੰਦਿਆ ਕਰਨਗੇ, ਆਪੇ ਨੱਠ ਜਾਣਗੇ। ਜਦੋਂ ਰਾਜਾ ਨੇੜੇ ਆਇਆ, ਬੈਂਡ ਵਾਜਾ ਤਾਂ ਉਹਨੇ ਬੰਦ ਕਰਾ ਲਿਆ ਤੇ ਮੋਤੀਆਂ ਦਾ ਥਾਲ ਚੁੱਕ ਕੇ, ਰਾਣੀਆਂ ਸਮੇਤ ਅੱਗੇ ਨੂੰ ਵਧਦਾ ਹੈ। ਜਦੋਂ ਦੇਹਲੀ ਦੇ ਕੋਲ ਆਇਆ, ਇਜਾਜ਼ਤ ਲੈਣ ਲੱਗਿਆ ਕਿ ਮਾਤਾ! ਮੈਂ ਅੰਦਰ ਆ ਜਾਵਾਂ। ਉਥੇ ਉਹ ਦੋਵੇਂ ਲੜ ਰਹੇ ਨੇ, ਗਾਲਮ-ਗਾਲੀ ਹੁੰਦੇ ਨੇ। ਉਹ ਕਹਿੰਦਾ, ਅੱਜ ਮੈਂ ਜਾਊਂ ਭਿਖਿਆ ਲੈਣ। ਦੂਜਾ ਕਹਿੰਦਾ, ਨਹੀਂ ਮੈਂ ਜਾਣੈ। ਉਹ ਕਹਿੰਦਾ, ਮੈਂ ਜਾਣੈ। ਕਹਿੰਦਾ, ਤੂੰ ਕਿਉਂ ਜਾਣੈ? ਕਹਿੰਦਾ, ਤੈਨੂੰ ਕਿਸੇ ਮਾਈ ਨੇ ਲੱਡੂ ਖਲਾਏ ਸੀ, ਕਹਿੰਦਾ ਮੈਨੂੰ ਨਹੀਂ ਤੂੰ ਲਿਆ ਕੇ ਦਿਤੇ। ਤੇਰੀ ਦਾੜ੍ਹੀ ਦੇ ਉਤੇ ਲੱਗੇ ਹੋਏ ਸੀ। ਉਹ ਕਹਿੰਦਾ, ਮੈਨੂੰ ਸੰਤ ਜੀ! ਤੁਸੀਂ ਐਵੇਂ ਕਹਿੰਦੇ ਹੋਂ, ਪਰਸੋਂ ਤੁਹਾਨੂੰ ਕਿਸੇ ਮਾਈ ਨੇ ਖੀਰ ਨੀਂ ਖਿਲਾਈ? ਤੁਹਾਡੀ ਦਾੜ੍ਹੀ ਨੂੰ ਲੱਗੀ ਹੋਈ ਸੀ, ਤੁਸੀਂ ਲਿਆਏ ਕੀ ਮੇਰੇ ਵਾਸਤੇ? ਐਨਾ ਕਹਿ ਕੇ ਦੋਵੇਂ ਜੱਫਮ-ਜੱਫੀ ਹੋ ਗਏ। ਰਾਜਾ ਦੇਖਦਾ ਹੈ ਕਿ ਆਹ ਸੰਤ ਵਾਹਵਾ ਨੇ, ਲੱਡੂਆਂ ਤੇ ਖੀਰ 'ਤੇ ਹੀ ਲੜੀ ਜਾਂਦੇ ਨੇ। ਰਾਜਾ ਉਥੋਂ ਹੀ ਮੁੜ ਗਿਆ ਕਿ ਕਿਸੇ ਨੇ ਗਲਤ ਇਤਲਾਹ ਦਿਤੀ ਹੈ, ਚਲੇ ਗਏ।

ਕਹਿੰਦੇ, ਮਾਈ! ਹੁਣ ਨਹੀਂ ਅਸੀਂ ਇਥੇ ਰਹਿੰਦੇ। ਹੁਣ ਅਸੀਂ ਅੱਗੇ ਚਲਦੇ ਹਾਂ। ਸੋ - ***'ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥'*** ਇਹਨੇ ਕਰਨਾ ਕੀ ਸੀ, ਰਾਜੇ ਨੇ ਆ ਕੇ ਬਹਿ ਜਾਇਆ ਕਰਨਾ ਸੀ। ਉਹ ਜਿਹੜਾ ਪ੍ਰਮੇਸ਼ਰ ਦੇ ਨਾਮ ਜਪਣ ਦਾ ਸਮਾਂ ਸੀ, ਉਹ ਸਾਰਾ ਖਰਾਬ ਹੋ ਜਾਣਾ ਸੀ-

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥*

*ਅੰਗ - ੧੪*

ਰਾਜਸੀ ਸ਼ਕਤੀ ਪ੍ਰਾਪਤ ਹੋ ਜਾਵੇ, ਸਾਰੇ ਸੰਸਾਰ ਦਾ ਬਾਦਸ਼ਾਹ ਬਣ ਜਾਵੇ। ਕਿੰਨਾ ਸਿਆਪਾ ਗਲ ਪੈਂਦੈ। ਰਾਜੇ ਨੂੰ ਕਦੇ ਨੀਂਦ ਨਹੀਂ ਆਉਂਦੀ। ਕੰਪੋਸਟ ਦੀਆਂ ਗੋਲੀਆਂ ਖਾ ਕੇ ਮਸਾਂ ਹੀ ਆਉਂਦੀ ਹੈ, ਟੀਕੇ ਲਵਾਉਂਦਾ ਹੈ, ਐਡੀਆਂ ਮੁਸ਼ਕਲਾਂ ਇਹਨੂੰ ਹੁੰਦੀਆਂ ਨੇ ਜਾਂ ਨਸ਼ੇ ਪੀਂਦਾ ਹੈ -

*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*

*ਅੰਗ- ੧੪*

ਕੀ ਹੈ ਹੁਕਮ? ਛੱਡ ਕੇ ਤਖ਼ਤ ਤੁਰ ਜਾਣੇ ਨੇ। ਉਹ ਕੰਮ ਨਹੀਂ ਕੀਤਾ ਜਿਹੜਾ ਕੰਮ ਕਰਨ ਵਾਸਤੇ ਇਥੇ ਆਇਆ ਸੀ -

*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*

*ਅੰਗ- ੧੪*

ਜਿਹੜਾ ਕੰਮ ਕਰਨ ਆਇਆ ਸੀ ਉਹ ਕੰਮ ਤਾਂ ਕਰਿਆ ਨਹੀਂ। ਉਸ ਕੰਮ ਨੂੰ ਛੱਡ ਕੇ ਉਹ ਕੰਮ ਕਰ ਲਏ ਜਿਹੜੇ ਕੰਮਾਂ ਦੇ ਕਰਨ ਦੇ ਨਾਲ ਦਰਗਾਹ ਵਿਚ ਜਾ ਕੇ ਕਟਹਿਰੇ 'ਚ ਖੜ੍ਹ ਕੇ ਜਵਾਬ ਦੇਣਾ ਪੈਣਾ ਹੈ। ਉਹ ਕੰਮ ਨਹੀਂ ਕਰਿਆ ਜਿਹਦੇ ਕਰਨ ਦੇ ਨਾਲ ਧੰਨ-ਧੰਨ ਹੁੰਦੀ ਜਾਂਦੀ ਹੈ -

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥* *ਅੰਗ- ੨੯੩*

ਮੁਖ ਉਜਲਾ ਕਰਨਾ ਸੀ ਦਰਗਾਹ ਵਿਚ, ਮੈਲਾ ਮੁਖ ਲੈ ਕੇ ਜਾ ਰਿਹਾ ਹੈ। ਕਿਸੇ ਦੀ ਨਿੰਦਿਆ ਕੀਤੀ ਹੈ, ਕਿਸੇ ਨਾਲ ਈਰਖਾ ਕਰੀ ਹੈ, ਕਿਸੇ ਦੀਆਂ ਚੁਗਲੀਆਂ ਕਰੀਆਂ ਨੇ, ਕਿਸੇ ਨਾਲ ਮਾੜਾ ਕਰਿਆ ਹੈ, ਕਿਸੇ ਨਾਲ ਧੱਕਾ ਕਰਿਆ ਹੈ, ਕਿਸੇ ਨਾਲ ਛਲ ਕਰਿਆ ਹੈ, ਕਿਸੇ ਨਾਲ ਕਪਟ ਕਰਿਆ ਹੈ। ਜੇ ਇਹਨਾਂ 'ਚੋਂ ਕੁਛ ਵੀ ਨਹੀਂ ਕਰਿਆ ਤਾਂ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ। ਜੇ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ, ਨਿਰੀ ਨੇਕੀ ਕੁਛ ਨਹੀਂ, ਹਉਮੈ ਦੀ

ਨੇਕੀ ਸਗੋਂ ਉਲਟਾ ਫਸਾਇਆ ਕਰਦੀ ਹੈ। ਨੇਕੀ ਵੀ ਉਹ ਹੁੰਦੀ ਹੈ ਜਿਹਦੇ ਵਿਚ - 'ਨੇਕੀ ਕਰ ਦਰਿਆ ਮੇਂ ਡਾਲ।' ਆਪਣੇ ਆਪ ਨੂੰ ਵੀ ਪਤਾ ਨਾ ਰਹੇ ਕਿ ਮੈਂ ਨੇਕੀ ਕਰੀ ਹੈ। ਜੇ ਨੇਕੀ ਕਰਕੇ ਮਾਣ ਕਰਦਾ ਹੈ -

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥*

*ਅੰਗ- ੧੪੨੮*

ਸੋ ਇਹ ਸਮਝੋ ਸਾਧਸੰਗਤ ਜੀ ਕਿ ਅਸੀਂ ਕਰਨ ਕੀ ਆਏ ਹਾਂ। ਧਿਆਨ ਨਾਲ ਸੋਚੋ। ਮਹਾਰਾਜ ਸਾਨੂੰ ਫੁਰਮਾਉਂਦੇ ਨੇ ਕਿ ਆਇਆ ਤਾਂ ਬੰਦਾ ਬਹੁਤ ਵਧੀਆ ਕੰਮ ਕਰਨ ਵਾਸਤੇ ਹੈ ਪਰ ਅਫ਼ਸੋਸ ਹੈ ਕਿ ਇਹ ਡੁਡਲੀ 'ਤੇ ਆ ਕੇ ਬਹਿ ਗਿਆ। ਡੁਡਲੀ ਬਹੁਤਿਆਂ ਨੂੰ ਨਹੀਂ ਪਤਾ ਕਿ ਕੀ ਹੁੰਦੀ ਹੈ, ਜਿਥੇ ਮਰੇ ਹੋਏ ਡੰਗਰ ਸੁੱਟੇ ਜਾਂਦੇ ਨੇ ਪਿੰਡ ਦੇ ਜਾਂ ਸ਼ਹਿਰ ਦੇ, ਉਥੇ ਗਿਲਝਾਂ ਆ ਕੇ ਬੈਠ ਜਾਂਦੀਆਂ ਨੇ। ਗਿਲਝਾਂ ਦਾ ਤਾਂ ਸੁਭਾਅ ਹੈਗਾ ਹੀ ਮਾਸ ਖਾਣਾ, ਕੁੱਤੇ ਵੀ ਆ ਜਾਣਗੇ, ਗਿਲਝਾਂ ਵੀ, ਕਾਂ ਵੀ, ਇੱਲ੍ਹਾਂ ਵੀ ਸਭ ਆ ਜਾਣਗੀਆਂ ਪਰ ਕਿਸੇ ਨੇ ਉਥੇ ਹੰਸ ਦੇਖਿਐ ਬੈਠਾ? ਹੰਸ ਹਮੇਸ਼ਾਂ ਹੀ ਮਾਨ ਸਰੋਵਰ ਝੀਲ 'ਤੇ ਜਿਥੇ ਮੋਤੀ ਹੋਣਗੇ, ਰਹੇਗਾ -

*ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥*

*ਅੰਗ- ੯੫੬*

ਇਹ ਮਨੁੱਖ ਜਿਹੜਾ ਹੈ ਸਾਰੀ ਪ੍ਰਕ੍ਰਿਤੀ ਦੇ ਵਿਚੋਂ 84 ਲੱਖ ਜੂਨੀਆਂ, ਜਿਹੜੀਆਂ ਇਸ ਧਰਤੀ 'ਤੇ ਨੇ, ਜਿਹੜੇ ਸੂਖਸ਼ਮ ਸੰਸਾਰ ਦੇ ਸਾਰੇ ਦੇਵਤੇ ਨੇ, ਕਾਰਨ ਸ੍ਰਿਸ਼ਟੀ ਦੀਆਂ ਜਿਹੜੀਆਂ ਸੂਖਸ਼ਮ ਸ਼ਕਤੀਆਂ ਨੇ, ਉਹਨਾਂ ਸਾਰਿਆਂ ਨਾਲੋਂ ਜੇ ਕੋਈ ਸਾਰੀ ਪ੍ਰਕਿਰਤੀ 'ਚ, ਤਿੰਨਾਂ ਸਥੂਲ, ਸੂਖਸ਼ਮ ਤੇ ਕਾਰਨ ਦੁਨੀਆਂ ਦੇ ਅੰਦਰ ਕੋਈ ਸ੍ਰੇਸ਼ਠ ਹੈ ਤਾ ਉਹ ਮਨੁੱਖ ਹੈ। ਇਹਦਾ ਕੰਮ ਸੀ ਨਾਮ ਰੂਪੀ ਹੀਰੇ ਚੁਗਣੇ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ-੮੧*

*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥*
*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥*

*ਅੰਗ- ੧੩੭੭*

ਇਹਦੇ ਅੰਦਰ ਹੀਰਾ ਸੀ। ਜਿਹਨੇ ਅੰਦਰਲੇ ਹੀਰੇ ਨੂੰ ਪ੍ਰਗਟ ਨਹੀਂ ਕੀਤਾ, ਰਤਨ ਨੂੰ ਪ੍ਰਗਟ ਨਹੀਂ ਕੀਤਾ, ਉਹ ਤਾਂ ਫੇਰ ਹੰਸ ਨਾ ਹੋਇਆ। ਕਹਿੰਦੇ, ਗਲਤੀ ਹੋ ਗਈ ਹੰਸ ਨੇ ਖਾਣੇ ਤਾਂ ਸੀ ਹੀਰੇ ਪਰ ਇਹ ਵਿਸ਼ੇ ਵਿਕਾਰ ਰੂਪੀ ਕਰੰਗਾ 'ਤੇ ਬਹਿ ਗਿਆ। ਸ਼ਰਾਬ ਪੀਣ ਲਗ ਗਿਆ, ਵਿਸ਼ੇ ਭੋਗ ਕਰਨ ਲਗ ਗਿਆ, ਬੇਅੰਤ ਵਿਸ਼ੇ ਇਹਦੇ ਮਨ ਵਿਚ ਸਮਾ ਗਏ। ਦੇਹ ਅਧਿਆਸ ਪੱਕ ਗਿਆ। ਕਹਿੰਦੇ, ਇਹ ਜਿਸ ਕੰਮ ਨੂੰ ਕਰਨ ਵਾਸਤੇ ਆਇਆ ਸੀ, ਉਸ ਦੇ ਉਲਟ ਹੋ ਗਿਆ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਹੰਸ ਮੋਤੀ ਚੁਗਣ ਨੂੰ ਆਇਆ,*
*ਆ ਕੇ ਬਹਿ ਗਿਆ ਕਰੰਗਾਂ 'ਤੇ।*

ਹੈਰਾਨੀ ਦੀ ਗੱਲ ਹੈ ਕਿ ਹੰਸ ਵਰਗਾ ਪੰਛੀ ਐਨੀ ਭੁੱਲ ਵਿਚ ਪੈ ਜਾਵੇ, ਜਿਸ ਦੇ ਅੰਦਰ ਇਹ ਗਿਆਨ ਹੈ ਕਿ ਜੇ ਦੁੱਧ ਰੱਖ ਦਿਓ ਉਹਦੇ ਸਾਮ੍ਹਣੇ, ਉਹ ਪਾਣੀ ਨਹੀਂ ਅੰਦਰ ਜਾਣ ਦਿੰਦਾ, ਕੇਵਲ ਦੁੱਧ ਅੰਦਰ ਜਾਣ ਦਿੰਦੈ। ਚੁੰਝ ਮਾਰ ਕੇ ਪਿੱਛੇ ਬੈਠ ਜਾਂਦਾ ਹੈ, ਥੋੜ੍ਹੀ ਦੇਰ 'ਚ ਦੁੱਧ ਫਟ ਜਾਂਦਾ ਹੈ। ਫਟੇ ਹੋਏ ਦੇ ਵਿਚੋਂ ਫੁੱਟੀਆਂ ਖਾ ਲਏਗਾ, ਪਾਣੀ ਉਸੇ ਤਰ੍ਹਾਂ ਛੱਡ ਜਾਂਦਾ ਹੈ। ਐਨੀ ਸੋਝੀ ਵਾਲਾ ਪੰਛੀ ਜੇ ਡੁਡਲੀ 'ਚ ਜਾ ਕੇ ਬਹਿ ਜਾਵੇ ਤੇ ਉਥੇ ਮਰੇ ਹੋਏ ਡੰਗਰਾਂ ਨੂੰ ਖਾਣਾ ਸ਼ੁਰੂ ਕਰ ਦੇਵੇ, ਫੇਰ ਕਿੱਡੀ ਅਸਚਰਜ ਬਾਤ ਹੈ। ਮਹਾਰਾਜ ਕਹਿੰਦੇ, ਠੀਕ ਇਸੇ ਤਰ੍ਹਾਂ ਦੇ ਨਾਲ ਆਦਮੀ ਨਾਲ ਬੀਤਦੀ ਹੈ। ਇਹ ਸਾਰੀ ਪ੍ਰਕ੍ਰਿਤੀ 'ਚੋਂ ਉੱਤਮ ਫਲ ਸੀ ਪਰ ਐਨਾ ਪ੍ਰਦੂਸ਼ਣ ਇਹਦੇ ਅੰਦਰ ਆ ਗਿਆ, ਐਨੀ ਗਿਰਾਵਟ ਆ ਗਈ ਕਿ ਵਿਸ਼ੇ-ਵਿਕਾਰ ਰੂਪੀ ਕਰੰਗਾਂ 'ਤੇ ਆ ਕੇ ਬਹਿ ਗਿਆ -

*ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥*
*ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥*

*ਅੰਗ- ੭੯੦*

ਹੰਸ ਕਹਿੰਦੇ ਕਰੰਗ ਖਾਂਦੈ, ਮਾਸ ਚੂੰਡ-ਚੂੰਡ ਕੇ ਖਾਂਦਾ ਹੈ। ਸ਼ਰਾਬ ਖਾਨਿਆਂ 'ਚ ਬੈਠਾ ਹੈ। ਹੋਟਲਾਂ 'ਚ ਬੈਠਾ ਹੈ ਕਿ ਮੁਰਗੇ ਦਾ ਮਾਸ ਲਿਆ, ਫਲਾਨੇ ਦਾ ਲੈ ਕੇ ਆ। ਇਹ ਤਾਂ ਆਇਆ ਸੀ, ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ। ਸਾਰੀ ਦੁਨੀਆਂ ਦਾ ਬਾਦਸ਼ਾਹ ਸੀ, ਜੇ ਬਾਦਸ਼ਾਹ ਹੀ ਆਪਣੀ ਰਿਆਇਆ ਨੂੰ ਖਾਣਾ ਸ਼ੁਰੂ ਕਰ ਦੇਵੇ, ਫੇਰ

ਬਾਦਸ਼ਾਹੀ ਉਹਦੀ ਕਾਹਦੀ ਰਹਿ ਗਈ। ਬਾਈਬਲ 'ਚ ਆਉਂਦੈ, ਜਦੋਂ ਪ੍ਰਮੇਸ਼ਰ ਨੇ ਛੇ ਦਿਨਾਂ ਦੇ ਅੰਦਰ ਸਾਰੀ ਸ੍ਰਿਸ਼ਟੀ ਬਣਾ ਦਿਤੀ, ਸਾਧਸੰਗਤ ਜੀ ਇਹ ਭੁਲੇਖਾ ਲਗਦੈ, ਇਹ ਸਾਡੇ ਵਾਲੇ ਦਿਨ ਨਹੀਂ, ਇਹ ਧਰਤੀ ਦੇ ਦਿਨ ਨੇ, ਜਿਹੜੇ ਪ੍ਰਮੇਸ਼ਰ ਦੇ ਦਿਨ ਨੇ ਖਬਰੇ ਕਿੱਡੇ-ਕਿੱਡੇ ਦਿਨ ਨੇ? ਬ੍ਰਹਮਾ ਦਾ ਇਕ ਦਿਨ 4 ਅਰਬ 32 ਕਰੋੜ ਸਾਲ ਦਾ ਹੈ। 4 ਅਰਬ 32 ਕਰੋੜ ਸਾਲ ਦੀ ਰਾਤ ਹੁੰਦੀ ਹੈ ਉਹਦੀ। ਇਸ ਤਰ੍ਹਾਂ ਦੇ ਦਿਨਾਂ ਵਿਚ ਧਰਤੀ ਬਣਾ ਦਿਤੀ, ਹੌਲੀ-ਹੌਲੀ ਬਣਦੀ ਗਈ। ਬਣ ਕੇ ਜਦੋਂ vegetation (ਬਨਸਪਤੀ) ਆ ਗਈ, ਸਮੁੰਦਰ ਦੇ ਵਿਚ ਜੀਵ ਆ ਗਏ, ਪੰਛੀ ਆ ਗਏ ਤੇ ਜੰਗਲਾਂ ਦੇ ਵਿਚ ਬੇਅੰਤ ਜੀਵ ਭਰ ਗਏ। ਤਾਂ ਉਸ ਵੇਲੇ ਮਨੁੱਖ ਦੀ ਉਤਪਤੀ ਹੋਈ। ਮਨੁੱਖ ਨੂੰ ਰੱਬ ਨੇ ਪਹਿਲੀ ਗੱਲ ਇਹ ਕਹੀ ਕਿ ਮੈਂ ਤੈਨੂੰ ਸਾਰਿਆਂ ਤੋਂ ਪਿਛੋਂ ਤਾਂ ਬਣਾਇਆ ਹੈ ਕਿ ਤੇਰੀਆਂ ਜ਼ਰੂਰਤਾਂ ਵਾਸਤੇ ਸਭ ਚੀਜ਼ਾਂ ਮੈਂ ਪੈਦਾ ਕਰ ਦੇਵਾਂ। ਇਹ ਜਿੰਨੀ ਬਨਸਪਤੀ ਹੈ, ਜਿੰਨਾਂ ਪਾਣੀ ਹੈ, ਜਿੰਨੇ ਮੈਂ ਦਰਿਆ ਚਲਾਏ ਨੇ, ਇਹ ਸਭ ਤੇਰੀ ਜ਼ਿੰਦਗੀ ਨੂੰ ਬਣਾਈ ਰੱਖਣ ਵਾਸਤੇ ਪਾਏ ਨੇ। ਵਾਤਾਵਰਣ ਹੈ ਤੇਰਾ ਇਹ। ਇਹਦੇ ਵਿਚ ਤੂੰ ਵਧੇ, ਫੁੱਲੇਂਗਾ। ਇਹਦੇ ਵਿਚ ਮੈਂ ਜਿਹੜੇ ਜਾਨਵਰ ਬਣਾਏ ਨੇ, ਉਹਨਾਂ ਦਾ ਕਾਲ ਮੈਂ ਜਾਨਵਰ ਬਣਾਏ ਨੇ। ਉਹਨਾਂ ਦਾ ਰਿਜ਼ਕ ਆਪਸ ਵਿਚ ਬਣਾ ਦਿਤਾ। ਉਹਨਾਂ ਨੂੰ ਇਸ ਗੱਲ ਦਾ ਕੋਈ ਪਾਪ ਨਹੀਂ ਲੱਗੇਗਾ। ਸ਼ੇਰ ਚਾਹੇ 100 ਗਊ ਮਾਰ ਦੇਵੇ, ਉਹਨੂੰ ਕੋਈ ਪਾਪ ਨਹੀਂ ਤੇ ਤੈਨੂੰ ਮੈਂ ਸਰਦਾਰ ਬਣਾਉਂਦਾ ਹਾਂ। ਸਰਦਾਰ ਬਣ ਕੇ ਰਹੀਂ, ਗਊ ਮੈਂ ਤੈਨੂੰ ਤਾਂ ਦਿੰਨਾਂ ਕਿ ਤੂੰ ਇਹਦਾ ਸ਼ੁੱਧ ਦੁੱਧ ਪੀਵੇਂ। ਇਹਦੇ ਬੱਚੇ ਤੇਰੇ ਹਲ ਖਿੱਚਿਆ ਕਰਨਗੇ। ਖੇਤੀਬਾੜੀ ਕਰਿਆ ਕਰਨਗੇ। ਘੋੜਾ ਮੈਂ ਪੈਦਾ ਕਰਿਆ ਹੈ ਤੇਰੀ ਸਵਾਰੀ ਵਾਸਤੇ, ਕਿਤੇ ਪੈਦਲ ਤੁਰਦਾ-ਤੁਰਦਾ ਥੱਕ ਨਾ ਜਾਈਂ। ਫੁੱਲ ਪੈਦਾ ਕਰੇ ਨੇ ਤੇਰੀਆਂ ਅੱਖਾਂ ਨੂੰ ਸੁੰਦਰਤਾ ਦੇਣ ਵਾਸਤੇ। ਤੇਰਾ ਦਿਲ ਰੰਗ-ਬਰੰਗੇ ਫੁੱਲ ਦੇਖ ਕੇ ਲੱਗੇਗਾ। ਲੇਕਿਨ ਫੁੱਲਾਂ ਦੇ ਵਿਚ ਮੈਂ ਰਸ ਪੈਦਾ ਕਰਿਆ ਹੈ। ਉਸ ਰਸ ਨੂੰ ਇਕੱਠਾ ਕਰਨ ਵਾਲੀਆਂ ਮੈਂ ਮੱਖੀਆਂ ਪੈਦਾ ਕਰੀਆਂ ਨੇ ਤੇ ਉਹਨਾਂ ਨੂੰ ਮੈਂ ਦਸ ਦਿਤਾ ਕਿ ਕਿਵੇਂ ਰਸ ਤੁਸੀਂ ਸਟੋਰ ਵਿਚ ਜਮ੍ਹਾਂ ਕਰਨਾ ਹੈ। ਕਿਵੇਂ ਇਹਨੂੰ ਸੀਲ ਕਰਨਾ ਹੈ, ਕਿਵੇਂ ਤੁਸੀਂ ਅਗਾਹਾਂ ਵਾਧਾ ਕਰਕੇ ਕਿੰਨੇ ਪ੍ਰਤੀਸ਼ਤ ਤੁਸੀਂ ਖਾਣਾ ਹੈ ਤੇ ਕਿੰਨਾ ਛੱਡ ਦੇਣਾ ਹੈ। ਤੂੰ ਇਸ ਤਰ੍ਹਾਂ ਨਾ ਕਰੀਂ ਕਿ ਕਿਤੇ ਮੁੱਢ (base) ਹੀ ਮੁਕਾ ਦੇਵੇਂ। ਦੁੱਧ ਪੀਣ ਵਾਲੀ ਗਾਂ ਨੂੰ ਹੀ ਨਾ ਕਿਤੇ ਖਾਣ ਲਗ ਜਾਵੀਂ। ਸੋ ਮਨੁੱਖ ਜੇ ਹੁਣ ਉਥੇ ਪਹੁੰਚ ਗਿਆ ਫੇਰ ਇਹ ਕਰੰਗ ਖਾਂਦਾ ਹੋਇਆ? ਕੀ ਕਰਦਾ ਹੋਇਆ। ਨਿੰਦਿਆ ਕਰਦੈ, ਚੁਗਲੀਆਂ ਕਰਦੈ, ਈਰਖਾ ਕਰਦੈ, ਬਖੀਲੀ ਕਰਦੈ, ਝਗੜੇ-ਝਾਟੇ ਕਰਦੈ, ਦਿਨ ਰਾਤ ਹਾਹਾਕਾਰ ਮਚੀ ਪਈ ਹੈ। ਅਖ਼ਬਾਰ ਪੜ੍ਹ ਲਓ, ਬੰਦਿਆਂ ਨੂੰ ਮਿਲ ਲਓ, ਉਹ ਗੱਲ ਹੀ ਨਹੀਂ ਰਹੀ, ਕਰੰਗਾਂ 'ਤੇ ਆ ਕੇ ਮਨੁੱਖ ਬਹਿ ਗਿਆ। ਮਹਾਰਾਜ ਕਹਿੰਦੇ, ਫੇਰ ਤੂੰ ਜਿਉਂਦਾ ਹੈਂ? ਕਹਿੰਦਾ, ਹਾਂ, ਜਿਉਂਦਾ ਹਾਂ ਮੈਂ। ਕਲੱਬਾਂ 'ਚ ਬੈਠ ਕੇ ਜਿਉਂਦਾ ਕਹਿੰਦਾ ਹੈਂ? ਕਹਿੰਦਾ ਹਾਂ। ਮਹਾਰਾਜ ਕਹਿੰਦੇ -

*ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥*

*ਅੰਗ- ੭੯੦*

ਫਿੱਟੇ ਮੂੰਹ ਤੇਰੇ ਜਿਉਣ ਦੇ। ਖਾ-ਖਾ ਕੇ ਪੇਟ ਵਧਾ ਲਿਆ -

*ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥ ਅੰਗ- ੭੯੦*

ਜਿਨ੍ਹਾਂ ਨੂੰ ਪਿਆਰ ਕਰਦਾ ਹੈਂ ਤੂੰ, ਇਹ ਨਾਮ ਤੋਂ ਬਗੈਰ ਕੋਈ ਨਹੀਂ ਤੇਰਾ ਹੈ। ਤੇਰੇ ਜਿਉਂਦੇ-ਜਿਉਂਦੇ ਕੱਪੜੇ ਲਾਹ ਲੈਣਗੇ। ਬੁੱਢਾ ਹੋ ਗਿਆ, ਉਸੇ ਵੇਲੇ ਕਹਿੰਦੇ ਨੇ ਬਾਪੂ ਕਿਸ ਤੋਂ ਲੈਣੇ ਨੇ, ਕਿਹੜੇ ਬੈਂਕ ਵਿਚ ਪੈਸੇ ਨੇ, ਤੂੰ ਹੁਣ ਚੜ੍ਹਾਈ ਕਰ ਜਾਏਂਗਾ, ਅਸੀਂ ਕੀ ਕਰਾਂਗੇ ਪਿੱਛੋਂ? ਜੇ ਬਜ਼ੁਰਗ ਕਰ ਦੇਵੇ ਦਸਤਖ਼ਤ, ਮੁੜ ਕੇ ਬੱਚੇ ਪੈਸੇ ਤਾਂ ਲੈਂਦੇ ਨੇ ਕਢਾ, ਕਹਿੰਦੇ ਨੇ, ਤੂੰ ਕੀ ਕਰਨੇ ਨੇ ਪੈਸੇ, ਤੂੰ ਰੋਟੀ ਖਾਈ ਜਾਹ। ਰੋਟੀ ਵੀ ਨਹੀਂ ਉਹਨੂੰ ਸਿੱਧੇ ਮੂੰਹ ਦਿੰਦੇ। ਉਹੀ ਜਿਹੜਾ ਹੇਤ ਸੀ, ਪਿਆਰ ਸੀ, ਦੁਸ਼ਮਣ ਬਣ ਗਿਆ। ਸੋ ਆਦਮੀ ਜਦੋਂ ਪ੍ਰਮੇਸ਼ਰ ਦੇ ਨਾਮ ਨੂੰ ਭੁੱਲਦਾ ਹੈ, ਉਸ ਵੇਲੇ ਉਹਦੇ ਰਸਤੇ ਦੇ ਵਿਚ ਬੇਅੰਤ ਰੁਕਾਵਟਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ। ਇਕ ਦੋ ਚਾਰ ਨਹੀਂ, ਮਹਾਰਾਜ ਕਹਿੰਦੇ, ਗਿਣਤੀ ਤੋਂ ਬਾਹਰ ਰੁਕਾਵਟਾਂ ਪੈਂਦੀਆਂ ਨੇ -

*ਧਾਰਨਾ - ਵਿਘਨ ਕਰੋੜਾਂ ਲਗਦੇ,*

*ਜਿਸ ਨੂੰ ਭੁੱਲ ਜਾਏ ਨਾਮ ਹਰੀ ਦਾ।*

ਇਕ, ਦੋ, ਚਾਰ, ਦਸ ਵਿਘਨ ਨਹੀਂ; ਕਰੋੜਾਂ

ਵਿਘਨ, ਕੀਹਨੂੰ ਲਗਦੇ ਨੇ?

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥*

*ਅੰਗ- ੫੨੪*

ਜਿਸਨੂੰ ਪ੍ਰਮੇਸ਼ਰ ਦਾ ਨਾਮ ਭੁੱਲ ਗਿਆ ਉਹਦੀ ਸਾਰੀ ਜ਼ਿੰਦਗੀ ਸਮਝੋ frustration (ਨਿਰਾਸ਼ਾ) ਦੀ, ਵਿਘਨਾਂ ਨਾਲ ਭਰੀ ਹੋਈ ਜ਼ਿੰਦਗੀ ਹੁੰਦੀ ਹੈ -

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥*
*ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥*

*ਅੰਗ- ੫੨੨*

ਕਾਉਂ ਬਹਿ ਜਾਵੇ ਸੁੰਨੇ ਘਰ 'ਚ ਆ ਕੇ, ਉਥੋਂ ਕੀ ਖਾ ਲਏਗਾ? ਸੋ ਇਸ ਤਰ੍ਹਾਂ ਇਹਦੀ ਕਲਪਨਾ ਵਧ ਜਾਂਦੀ ਹੈ। ਫੇਰ ਵਿਰਲਾਪ ਕਰਦੈ, ਸ਼ਾਂਤੀ ਨਹੀਂ ਰਿਹਾ ਕਰਦੀ। ਸੋ ਐਸੀ ਅਵਸਥਾ ਹੋ ਕੇ ਜਦੋਂ ਫੇਰ ਭੁੱਲਦਾ ਹੈ। ਫੇਰ ਗਲਤ ਕੰਮ ਕਰਦਾ ਹੈ। ਗਲਤ ਕੰਮ ਕਰਕੇ ਜਦੋਂ ਇਸ ਸੰਸਾਰ ਤੋਂ ਜਾਣਾ ਹੈ, ਫੇਰ ਹਰ ਕਾਰਜ (ਕੰਮ) ਦਾ ਜਵਾਬ ਦੇਣਾ ਪੈਂਦਾ ਹੈ -

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*

*ਅੰਗ- ੯੫੩*

ਸੱਚੀ ਗੱਲ ਕਹਿੰਦੇ ਹਾਂ, ਆਪ ਜਦੋਂ ਮੱਕੇ ਦੇ ਵਿਚ ਗਏ ਨੇ, ਉਥੇ ਇਕ ਕੌਤਕ ਵਰਤਿਆ। ਉਹ ਇਹ ਵਰਤਿਆ ਕਿ ਆਪ ਇਕ ਗੱਲ ਸਮਝਾਉਣ ਵਾਸਤੇ ਗਏ ਸੀ, ਜਿਹੜੀ ਭੁੱਲ ਚੁੱਕੇ ਸੀ ਇਸਲਾਮ ਵਾਲੇ ਕਿਉਂਕਿ ਕੁਰਾਨ ਸ਼ਰੀਫ 'ਚ ਇਹ ਜ਼ਿਕਰ ਆਉਂਦੈ ਕਿ ਜੋ ਅੱਲਾਹ ਤਾਲਾ ਹੈ, ਇਹ ਸਾਰੀ ਦੁਨੀਆਂ ਦੇ ਵਿਚ, ਹਰ ਥਾਂ ਦੇ ਵਿਚ ਇਹਦੀ ਪ੍ਰੀਪੂਰਨਤਾ ਹੈ। ਉਹਦੇ ਮੁਤਾਬਿਕ ਜਿਵੇਂ ਧਾਰਮਿਕ ਨਿਹਚੇ ਬਣ ਕੇ ਬਣ ਜਾਂਦਾ ਹੈ, ਸਾਡੇ ਵੀ ਬਣਿਆ ਹੋਇਐ, ਹਿੰਦੂਆਂ ਦੇ ਵੀ ਬਣਿਆ ਹੋਇਐ, ਇਸਲਾਮ ਵਾਲਿਆਂ ਦੇ ਵੀ ਬਣਿਆ ਹੋਇਆ ਹੈ। ਈਸਾਈਆਂ ਦੇ ਵੀ ਬਣਿਆ ਹੋਇਆ ਹੈ। ਈਸਾਈਆਂ 'ਚ ਯੂਰੋਸ਼ਿਲਮ ਨੂੰ ਤਰਜੀਹ ਦਿਤੀ ਜਾਂਦੀ ਹੈ। ਇਸਲਾਮ ਦੇ ਵਿਚ ਕਾਹਬਾ ਸ਼ਰੀਫ ਨੂੰ ਦਿਤੀ ਜਾਂਦੀ ਹੈ। ਇਸੇ ਤਰ੍ਹਾਂ ਹਿੰਦੂਆਂ ਦੇ ਅੰਦਰ ਬਹੁਤ ਸਾਰੇ ਮੰਦਰ ਨੇ, ਜਿਨ੍ਹਾਂ ਨੂੰ ਤਰਜੀਹ ਦਿਤੀ ਜਾਂਦੀ ਹੈ। ਸਾਡੇ ਵੀ ਤਰਜੀਹ ਦਿਤੀ ਜਾਂਦੀ ਹੈ। ਸਾਡੇ ਵੀ ਪ੍ਰੇਮੀ ਇਹ ਕਹਿੰਦੇ ਸੁਣੇ ਗਏ ਨੇ ਕਿ ਹਜ਼ੂਰ ਸਾਹਿਬ ਗੁਰੂ ਮਹਾਰਾਜ ਰਹਿੰਦੇ ਨੇ। ਕਈ ਕਹਿੰਦੇ ਨੇ ਕਿ ਹੇਮਕੁੰਟ ਸਾਹਿਬ ਰਹਿੰਦੇ ਨੇ। ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਕਿ ਉਹ ਤਾਂ ਸਾਰੇ ਪ੍ਰੀਪੂਰਨ ਨੇ, ਕੋਈ ਥਾਂ ਐਸਾ ਦਿਖਾਓ ਜਿਥੇ ਗੁਰੂ ਤੇ ਪ੍ਰਮੇਸ਼ਰ ਨਾ ਹੋਵੇ। ਗੁਰੂ ਤੇ ਪ੍ਰਮੇਸ਼ਰ ਇਕੋ ਹੀ ਹੁੰਦੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ- ੪੪੨*

ਗੁਰੂ ਮਹਾਰਾਜ ਕਹਿੰਦੇ, ਘਟ-ਘਟ 'ਚ ਵਿਆਪਕ ਹੈ। ਹਰੇਕ ਦੇ ਅੰਦਰ ਬਾਹਰ ਸਾਰੇ ਹੀ ਹੈ ਤੇ ਆਪ ਫੁਰਮਾਨ ਕਰਦੇ ਨੇ -

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥*

*ਅੰਗ- ੬੮੪*

ਉਹ ਤਾਂ ਤੇਰੇ ਨਾਲ ਹੀ ਰਹਿੰਦਾ ਹੈ, ਕਿਵੇਂ ਰਹਿੰਦਾ ਹੈ? -

*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥* *ਅੰਗ- ੬੮੪*

ਜਿਵੇਂ ਫੁੱਲ ਦੇ ਵਿਚ ਖੁਸ਼ਬੂ ਵਸਦੀ ਹੈ। ਸ਼ੀਸ਼ੇ ਵਿਚ ਜਿਵੇਂ ਤੇਰਾ ਹੀ ਪਰਛਾਵਾਂ ਵਰਤਦੈ -

*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥*

*ਅੰਗ- ੬੮੪*

ਜਿਹਨੂੰ ਟੋਲ੍ਹਣ ਵਾਸਤੇ ਤੂੰ ਦੌੜਿਆ ਫਿਰਦੈਂ -

*ਕਬੀਰ ਹਜ ਕਾਬੇ ਹਉ ਜਾਇ ਥਾ*
*ਆਗੈ ਮਿਲਿਆ ਖੁਦਾਇ ॥*
*ਸਾਂਈ ਮੁਝ ਸਿਉ ਲਰਿ ਪਰਿਆ*
*ਤੁਝੈ ਕਿਨ੍ਹਿ ਫੁਰਮਾਈ ਗਾਇ ॥* *ਅੰਗ - ੧੩੭੫*

ਕਬੀਰ ਜੀ ਲਿਖਦੇ ਨੇ ਕਿ ਮੈਂ ਹੱਜ ਚਲਿਆ ਗਿਆ, ਮੈਨੂੰ ਰੱਬ ਮਿਲ ਗਿਆ। ਕਹਿੰਦਾ, ਕਬੀਰਾ! ਤੂੰ ਕੀ ਕਰਨ ਆਇਆ ਹੈਂ ਇਥੇ? ਤੈਨੂੰ ਨਹੀਂ ਪਤਾ ਕਿ ਹਰੇਕ ਦੇ ਹਿਰਦੇ 'ਚ ਮੇਰਾ ਵਾਸਾ ਹੈ ਕੋਈ ਥਾਂ ਐਸਾ ਹੈ ਜਿਥੇ ਮੈਂ ਨਹੀਂ ਹਾਂ। ਤੂੰ ਮੈਨੂੰ ਭਾਲਣ ਵਾਸਤੇ ਇਥੇ ਪਹੁੰਚਿਆ ਹੈ। ਸੋ ਐਸੇ ਨਿਹਚੇ ਹੋਇਆ ਕਰਦੇ ਨੇ। ਮਹਾਰਾਜ ਕਹਿੰਦੇ -

*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥*
*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥*

*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥*

*ਅੰਗ- ੬੮੪*

ਸੋ ਉਹ ਨਿਹਚਾ ਹੋ ਗਿਆ ਸੀ ਕਿ ਇਹ ਰੱਬ ਦਾ ਘਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਸੀ ਕਿ ਰੱਬ ਦਾ ਘਰ ਆਹ ਸਾਰੀ ਸ੍ਰਿਸ਼ਟੀ ਹੈ –

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥*

*ਅੰਗ- ੪੬੩*

ਪ੍ਰਤੱਖ ਰੂਪ 'ਚ ਦਿਖਾਉਣ ਵਾਸਤੇ ਆਪ ਕਾਹਬਾ ਸ਼ਰੀਫ ਦੇ ਹੱਜ ਨੂੰ ਗਏ। ਉਥੇ ਜਿਵੇਂ ਆਮ ਯਾਤਰੂ ਪਏ ਸੀ ਸਾਰੇ ਜਾ ਕੇ ਭੁੰਝੇ ਪਏ ਹੁੰਦੇ ਨੇ, ਕਾਹਬਾ ਵਲ ਸਿਰ ਕਰੀਂ। ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਚਰਨ ਕਰ ਲਏ ਓਧਰ ਤੇ ਅੰਮ੍ਰਿਤ ਵੇਲੇ ਜੀਵਨ ਨਾਮ ਦਾ ਜਿਹੜਾ ਉਥੇ ਇੰਚਾਰਜ ਸੀ, ਸਵੇਰ ਵੇਲੇ ਜਿਹਨੇ ਆ ਕੇ ਸਾਰਾ ਖੋਲ੍ਹਣਾ ਸੀ। ਉਹ ਭਾਰਤ ਵਰਸ਼ ਦਾ ਸੀ। ਉਥੇ ਜਦੋਂ ਉਹਨੇ ਦੇਖਿਆ, ਹੈਰਾਨ ਹੋ ਗਿਆ ਕਿ ਬਾਕੀ ਸਾਰੇ ਹੀ ਤਾਂ ਸਿਰ ਕਰੀਂ ਪਏ ਨੇ ਤੇ ਇਹ ਕੌਣ ਆ ਗਿਆ, ਜੋ ਪੈਰ ਏਧਰ ਕਰੀਂ ਪਿਐ? ਕੋਈ ਕਾਫ਼ਰ ਆ ਗਿਆ ਇਥੇ ਜਿਹਨੇ ਪੈਰ ਕਰੇ ਨੇ। ਉਸ ਵੇਲੇ ਉਹਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲੱਤ ਮਾਰੀ। ਕਹਿੰਦਾ, ਤੂੰ ਕੌਣ ਹੈਂ? ਏਧਰ ਖੁਦਾ ਦੇ ਘਰ ਵਲ ਪੈਰ ਕਿਉਂ ਕਰੇ ਨੇ?

ਸ੍ਰੀ ਗੁਰੂ ਨਾਨਕ ਦੇਵ ਜੀ ਕਹਿਣ ਲੱਗੇ ਕਿ ਰਾਤ ਆਏ ਸੀ, ਸਾਨੂੰ ਪਤਾ ਨਹੀਂ ਲੱਗਿਆ ਕਿ ਖੁਦਾ ਦਾ ਘਰ ਕਿੱਧਰ ਹੈ। ਕਹਿੰਦੇ, ਜੀਵਨ! ਹੁਣ ਤੂੰ ਕ੍ਰਿਪਾ ਕਰਕੇ ਦੂਜੇ ਪਾਸੇ ਕਰ ਦੇ ਸਾਡੇ ਪੈਰ, ਜਿੱਧਰ ਖੁਦਾ ਦਾ ਘਰ ਨਹੀਂ ਹੈ। ਕਹਿੰਦੇ ਉਹ ਗੁੱਸੇ 'ਚ ਆਇਆ ਹੋਇਆ ਸੀ, ਚੁੱਕ ਕੇ ਉਹਨੇ ਦੂਜੇ ਪਾਸੇ ਪੈਰ ਮਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨੂੰ ਹੱਥ ਲਾਉਣਾ ਕੋਈ ਮਾਮੂਲੀ ਬਾਤ ਨਹੀਂ ਸੀ, ਸਾਧਸੰਗਤ ਜੀ! ਜਿਸ ਨੇ ਵੀ ਲਾਇਆ ਉਹਦੇ ਅੰਦਰ ਗਿਆਨ ਪੈਦਾ ਹੋ ਗਿਆ।

ਤੁਲਸਾਂ ਘਰੋਗੀ ਨੌਕਰ ਸੀ। ਮਾਤਾ ਤ੍ਰਿਪਤਾ ਜੀ ਨੇ ਪ੍ਰਸ਼ਾਦਾ ਬਣਾ ਲਿਆ। ਕਹਿਣ ਲੱਗੀ, ਬੇਟੀ! ਜਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਾ ਲਿਆ, ਮੈਨੂੰ ਲਗਦਾ ਸੁੱਤੇ ਪਏ ਨੇ ਤੇ ਤੂੰ ਜਾ ਕੇ ਹੌਲੀ ਜਿਹੀ ਅਵਾਜ਼ ਦੇ ਕਿ ਆ ਕੇ ਚੌਕੇ 'ਚ ਬਹਿ ਕੇ ਪ੍ਰਸ਼ਾਦਾ ਛਕ ਲੈਣ।

ਤੁਲਸਾਂ ਸ਼ਰਧਾ ਵਾਲੀ ਸੀ, ਨਿਹਚਾ ਸੀ ਕਿ ਮਹਾਂਪੁਰਸ਼ਾਂ ਨੂੰ ਕਦੇ ਜਗਾਈਦਾ ਨਹੀਂ ਹੁੰਦਾ, ਪਤਾ ਨਹੀਂ ਕਿਸ ਲੋਕ 'ਚ ਗਏ ਹੋਣ, ਕਿਹੜੇ ਬ੍ਰਹਿਮੰਡ 'ਚ ਗਏ ਹੋਣ। ਕਿਸ ਦੁਨੀਆਂ 'ਚ ਗਏ ਹੋਣ ਤੇ ਉਥੋਂ ਇਕ ਸਿਲਵਰ ਕੋਡ ਦੇ ਨਾਲ ਸਰੀਰ ਦੇ ਨਾਲ ਜੁੜੇ ਹੁੰਦੇ ਨੇ। ਜੇ ਕਿਤੇ ਇਕ ਦਮ ਧਮਾਕਾ ਹੋ ਜਾਏ ਤਾਂ ਸਿਲਵਰ ਕੋਡ ਟੁੱਟ ਵੀ ਜਾਂਦੀ ਹੈ।

ਬਾਬਾ ਰਾਮ ਰਾਏ ਬਾਹਰ ਗਏ ਹੋਏ ਸੀ। ਸਰੀਰ ਅੰਦਰ ਕੋਠੇ 'ਚ ਰੱਖਿਆ ਹੋਇਆ ਸੀ। ਮਸੰਦ ਜਾਣਦੇ ਤਾਂ ਸੀ ਪਰ ਉਹਨਾਂ ਦੇ ਮਨ ਵਿਚ ਸੀ ਕਿ ਅਸੀਂ ਜੇ ਇਹਨਾਂ ਦਾ ਸਸਕਾਰ ਕਰ ਦੇਈਏ ਤਾਂ ਫੇਰ ਇਹ ਆ ਹੀ ਨਹੀਂ ਸਕਦੇ। ਉਹਨਾਂ ਨੇ ਚੁੱਕ ਕੇ ਸਸਕਾਰ ਕਰ ਦਿਤਾ। ਸਿਲਵਰ ਕੋਡ ਜਿਹੜੀ ਸੀ ਉਹ ਟੁੱਟ ਗਈ। ਉਹਨਾਂ ਦੀ ਰੂਹ ਜਿਹੜੀ ਉਹ ਗੁਰੂ ਦਸਮੇਸ਼ ਪਿਤਾ ਜੀ ਦੇ ਪਾਸ ਪੁੱਜ ਗਈ, ਕਹਿਣ ਲੱਗੇ ਕਿ ਮਹਾਰਾਜ! ਬੜਾ ਮਾੜਾ ਕੰਮ ਕਰਿਆ ਕਿ ਮੇਰਾ ਸਰੀਰ ਜਲਾ ਦਿਤਾ ਉਹਨਾਂ ਨੇ ਤੇ ਅਸੀਂ ਬਾਹਰ ਗਏ ਹੋਏ ਸੀ, ਕੁਛ ਸ਼ਰਧਾਲੂ ਸੀ, ਉਪਰਲੇ ਲੋਕਾਂ 'ਚ ਮੈਂ ਪਹੁੰਚਿਆ ਹੋਇਆ ਸੀ।

ਸੋ ਇਸ ਤਰ੍ਹਾਂ ਜਦੋਂ ਤੁਲਸਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਗਈ ਤਾਂ ਇਸ ਨੇ ਬਜਾਇ ਇਸ ਦੇ ਕਿ ਅਵਾਜ਼ ਦੇਵੇ, ਆਪਣਾ ਮਸਤਕ ਗੁਰੂ ਮਹਾਰਾਜ ਦੇ ਚਰਨਾਂ ਦੇ ਅਗੂੰਠੇ ਨਾਲ ਲਾ ਦਿਤਾ। ਲਗਣ ਦੀ ਦੇਰ ਸੀ ਉਸੇ ਵੇਲੇ ਤੜੱਕ ਕਰਕੇ ਬਜਰ ਕਪਾਟ ਖੁੱਲ੍ਹ ਗਏ। ਅਗਮ ਨਿਗਮ ਦੀ ਸੋਝੀ ਹੋ ਗਈ। ਗਿਆਨ ਆ ਗਿਆ, ਝੱਲਿਆ ਨਾ ਗਿਆ। ਕੀ ਦੇਖਦੀ ਹੈ, ਸ੍ਰੀ ਗੁਰੂ ਨਾਨਕ ਪਾਤਸ਼ਾਹ ਲੰਕਾ ਦੇ ਨੇੜੇ, ਭਾਈ ਮਨਸੁਖ ਨਾਮ ਦਾ ਗੁਰਸਿੱਖ ਸੀ, ਉਹਦਾ ਜਹਾਜ਼ ਡਾਵਾਂਡੋਲ ਹੋਇਆ ਅਰਦਾਸ ਵਿਚ ਸੀਗਾ ਕਿ ਹੇ ਸ੍ਰੀ ਗੁਰੂ ਨਾਨਕ ਪਾਤਸ਼ਾਹ! ਮੇਰਾ ਜਹਾਜ਼ ਬੰਨੇ ਲਾ ਦਿਓ। ਸਾਰੀ ਜ਼ਿੰਦਗੀ ਦੀ ਕਮਾਈ ਇਹਦੇ ਵਿਚ ਲੱਦੀ ਹੋਈ ਹੈ। ਜੇ ਡੁੱਬ ਗਿਆ, ਬੜਾ ਨੁਕਸਾਨ ਹੋਏਗਾ। ਦੂਸਰਾ ਮੈਂ ਆਪ ਜੀ ਦਾ ਸਿੱਖ ਹਾਂ, ਆਪਣੇ ਨਾਉਂ ਦੀ ਲਾਜ ਰੱਖੋ। ਸ੍ਰੀ ਗੁਰੂ ਨਾਨਕ

ਦੇਵ ਜੀ ਉਥੇ ਜਹਾਜ਼ ਕੱਢਦੇ ਨਜ਼ਰ ਆ ਗਏ।

ਤੁਲਸਾਂ ਵਾਪਸ ਆ ਗਈ। ਮਾਤਾ ਜੀ ਨੇ ਕਿਹਾ ਕਿ ਜਗਾਏ ਨੀਂ ਤੂੰ?

ਕਹਿਣ ਲੱਗੀ ਕਿ ਉਹ ਤਾਂ ਇਥੇ ਹੈ ਹੀ ਨਹੀਂ। ਬੜੀ ਨਰਾਜ਼ੀ ਹੋਈ ਮਾਤਾ ਜੀ ਨੂੰ ਕਿ ਇਹ ਕੀ ਗੱਲਾਂ ਕਰਦੀ ਹੈ ਕਿ ਇਥੇ ਨਹੀਂ ਹੈਗੇ। ਕਹਿੰਦੀ ਤੂੰ ਕਿਵੇਂ ਦੀਆਂ ਗੱਲਾਂ ਕਰਦੀ ਹੈਂ? ਉਹ ਤਾਂ ਪਏ ਨੇ। ਕਹਿੰਦੀ, ਇਹ ਤਾਂ ਸਰੀਰ ਪਿਆ ਹੈ, ਉਹ ਤਾਂ ਇਕ ਗੁਰਸਿੱਖ ਹੈ ਭਾਈ ਮਨਸੁਖ ਉਹਦਾ ਡੁਬਦਾ ਜਹਾਜ਼ ਕੱਢ ਰਹੇ ਨੇ। ਮਾਤਾ ਜੀ ਨੇ ਨਰਾਜ਼ੀ ਮੰਨੀ ਕਹਿਣ ਲੱਗੀ, ਲੋਕ ਤਾਂ ਬਣਾਉਂਦੇ ਹੀ ਸੀ ਗੱਲਾਂ, ਇਹ ਘਰ ਦੇ ਨੌਕਰਾਂ ਨੇ ਵੀ ਗੱਲਾਂ ਬਣਾਉਣੀਆਂ ਸ਼ੁਰੂ ਕਰ ਦਿਤੀਆਂ।

ਉਸ ਵੇਲੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਮਾਤਾ ਜੀ ਨੇ ਅਵਾਜ਼ ਮਾਰੀ ਜਾ ਕੇ। ਮਹਾਰਾਜ ਜੀ ਉੱਠ ਬੈਠੇ, ਕਹਿੰਦੀ, ਪੁੱਤਰ! ਤੇਰੀਆਂ ਮਸਤਾਨੀਆਂ ਹਾਲਤਾਂ ਦੇਖ ਕੇ, ਲੋਕ ਤਾਂ ਸਾਨੂੰ ਮਿਹਣੇ-ਤਾਹਨੇ ਮਾਰੀ ਜਾਂਦੇ ਨੇ। ਹੁਣ ਤਾਂ ਘਰ ਦੇ ਨੌਕਰ ਵੀ ਮਾਰਨ ਲਗ ਗਏ।

ਕਹਿੰਦੇ, ਮਾਤਾ ਜੀ! ਘਰ ਦਾ ਬੰਦਾ ਕਿਹੜਾ ਮਾਰਦਾ ਹੈ?

ਕਹਿੰਦੇ, ਆਹ ਤੁਲਸਾਂ! ਐਡੀ ਮੂੰਹ ਫੱਟ ਹੋਈ, ਕਹਿੰਦੀ ਹੈ ਕਿ ਤੁਹਾਡਾ ਪੁੱਤਰ ਤਾਂ ਭਾਈ ਮਨਸੁਖ ਦਾ ਜਹਾਜ਼ ਕੱਢਣ ਗਿਆ ਹੋਇਆ ਹੈ।

ਮਹਾਰਾਜ ਕਹਿੰਦੇ, ਇਹ ਤਾਂ ਝੱਲੀ ਹੈ। ਉਸੇ ਵੇਲੇ ਬੇਬੇ ਨਾਨਕੀ ਜੀ ਨੇ ਚਰਨ ਫੜ ਲਏ। ਵੀਰ ਜੀ! ਕ੍ਰਿਪਾ ਕਰੋ। ਦੇਖਿਓ।

ਕਹਿੰਦੇ, ਬੀਬਾ! ਹੁਣ ਇਹ ਜਰ ਜਾਏਗੀ। ਐਡੀ ਵੱਡੀ ਅਵਸਥਾ ਪ੍ਰਾਪਤ ਹੋਈ ਹੈ, ਮਸਤ ਰਹੇਗੀ। ਪਰ ਆਪਣੇ ਸਰੀਰ ਤੋਂ, ਕ੍ਰਿਆ ਤੋਂ ਖਬਰਦਾਰ ਰਹੇਗੀ।

ਸਿਰਫ ਮਸਤਕ ਚਰਨ ਨਾਲ ਲੱਗਿਆ ਸੀ। ਆਹ ਬਿਜਲੀ ਹੈ ਇਹਨੂੰ ਚਾਹੇ ਗੁੱਸੇ ਹੋ ਕੇ ਹੱਥ ਲਾ ਦਿਓ, ਚਾਹੇ ਪਿਆਰ ਨਾਲ ਲਾ ਦਿਓ ਇਹਨੇ ਤਾਂ ਮਾਰ ਹੀ ਦੇਣੈ।

ਮਹਾਂਪੁਰਸ਼ਾਂ ਦੇ ਚਰਨਾਂ ਨੂੰ ਚਾਹੇ ਸ਼ਰਧਾ ਨਾਲ ਹੱਥ ਲਾ ਦਿਓ, ਚਾਹੇ ਉਵੇਂ ਹੀ ਲਾ ਦਿਓ। ਉਹਦਾ ਅਸਰ ਹੋ ਹੀ ਜਾਣਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਚਰਨਾਂ ਨੂੰ ਹੱਥ ਲਾਉਂਦੇ ਸਾਰ ਅੰਦਰਲੀ ਅਗਿਆਨਤਾ ਦੂਰ ਹੋ ਗਈ। ਅਗਿਆਨਤਾ ਦੂਰ ਹੁੰਦੇ ਹੀ ਕੀ ਦੇਖਦਾ ਹੈ ਹਰ ਪਾਸੇ ਹੀ ਕਾਹਬਾ ਹੈ। ਰੱਬ ਹਰ ਪਾਸੇ ਨਜ਼ਰ ਆ ਗਿਆ। ਦੁਹਾਈ ਮਚਾ ਦਿਤੀ ਉਹਨੇ, ਕਹਿਣ ਲੱਗਿਆ, ਓ ਹਾਜ਼ੀਓ! ਕੋਈ ਬਹੁਤ ਵੱਡਾ ਮਹਾਂਪੁਰਸ਼ ਆ ਗਿਆ, ਚਰਨਾਂ ਛੂੰਹਦੇ ਸਾਰ, ਮੈਨੂੰ ਹਰ ਪਾਸੇ ਕਾਹਬਾ ਨਜ਼ਰ ਆਉਣ ਲਗ ਗਿਆ। ਜਿੱਧਰ ਵੀ ਮੈਂ ਪੈਰ ਕਰਦਾ ਹਾਂ ਓਧਰ ਕਾਹਬਾ ਦਿਸਦੈ, ਜਿਧਰ ਕਰਦਾਂ ਓਧਰ ਹੀ ਕਾਹਬਾ। ਉਹਨੇ ਮੇਰੇ ਅੰਦਰਲੇ ਛੌੜ ਕਟ ਦਿਤੇ ਕਿ ਰੱਬ ਸਾਰੇ ਹੀ ਪਾਸੇ ਹੈ। ਕੋਈ ਥਾਂ ਐਸਾ ਨਹੀਂ ਜਿਥੇ ਪ੍ਰਮੇਸ਼ਰ ਨਹੀਂ ਹੈ ਤੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਤੋਂ ਕੁਛ ਬਾਤਾਂ ਪੁੱਛੀਆਂ ਗਈਆਂ, ਬੜੀ ਲੰਮੀ ਗੋਸ਼ਟ ਹੈ। ਜਿਹਦੇ ਕੋਈ-ਕੋਈ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦੇ ਨੇ। ਬਾਕੀ ਫਾਰਸੀ 'ਚ ਕਿਸੇ ਨੇ ਰਿਕਾਰਡ ਕਰੀ ਹੋਣੀ ਹੈ। ਸੁਣ ਸੁਣਾ ਕੇ ਕੇ ਉਸ ਵੇਲੇ ਰਿਕਾਰਡ ਕਰੀ ਹੋਣੀ। ਉਹਦੇ 'ਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਿਆ ਕਿ ਇਹ ਸਾਨੂੰ ਸੱਚ-ਸੱਚ ਦਸੋ ਕਿ ਅੱਗੇ ਜਾ ਕੇ ਰੂਹ ਦਾ ਕੀ ਹਾਲ ਹੁੰਦੈ? ਜਦੋਂ ਰੂਹ ਸਰੀਰ ਛੱਡ ਕੇ ਚਲੀ ਜਾਂਦੀ ਹੈ ਕਿ ਉਥੇ ਫੇਰ ਕੀ ਹੁੰਦੈ ਹਾਲ?

ਮਹਾਰਾਜ ਜੀ ਕਹਿਣ ਲੱਗੇ ਕਿ -

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥ ਅੰਗ - ੯੫੩*

ਕਹਿੰਦੇ, ਹਰੇਕ ਬੰਦੇ ਦੇ ਕਰਮਾਂ ਦਾ ਹਿਸਾਬ ਉਥੇ ਰੱਖਿਆ ਜਾਂਦਾ ਹੈ। ਹਰ ਬੰਦੇ ਦੇ ਨਾਲ ਗੁਪਤ ਫੋਟੋਗ੍ਰਾਟਰ ਨੇ। ਜਿਹਨੂੰ ਚਿਤ੍ਰ ਤੇ ਗੁਪਤ ਕਹਿੰਦੇ ਨੇ, ਗੁਪਤ ਹੁੰਦੈ secret, ਚਿਤ੍ਰ ਹੁੰਦੈ ਫੋਟੋ। ਹਰ ਬੰਦੇ ਦੇ ਕਰਤੱਬ ਦੀ, ਕਿਰਦਾਰ ਦੀ ਫੋਟੋ ਇਕ ਫਿਲਮ ਬਣ ਰਹੀ ਹੈ। ਜਿਵੇਂ ਆਹ ਦੀਵਾਨ ਦੀ ਫਿਲਮ ਬਣ ਰਹੀ ਹੈ। ਚੁੱਪ ਕਰਕੇ ਕੈਮਰਾ ਆਪਣਾ ਕੰਮ ਕਰ ਰਿਹਾ ਹੈ। ਕੋਈ ਰੌਲਾ ਨਹੀਂ ਰੱਪਾ ਨਹੀਂ, ਅਗਲਾ ਕਹੇਗਾ ਪਤਾ ਨਹੀਂ ਆਹ ਕੀ ਰੱਖਿਆ ਹੋਇਐ। ਇਹ ਫੋਟੋ ਲਈ ਜਾਂਦੈ, ਫਿਲਮ ਬਣਾਉਂਦੈ। ਜਦੋਂ ਇਹਨੂੰ ਟੈਲੀਵੀਜ਼ਨ 'ਚ ਦੇਖਾਂਗੇ, ਫੇਰ ਪਤਾ

ਲਗਦੈ ਕਿ ਇਹੋ ਜਿਹਾ ਸੀ। ਇਸੇ ਤਰ੍ਹਾਂ ਸਾਡੇ ਸਾਰੇ ਐਕਸ਼ਨ ਰਿਕਾਰਡ ਹੋ ਜਾਂਦੇ ਨੇ ਦਰਗਾਹ ਦੇ ਵਿਚ। ਮਹਾਰਾਜ ਕਹਿੰਦੇ, ਉਥੇ ਜਾ ਕੇ ਫੇਰ ਵਹੀ ਖੋਲ੍ਹ ਲੈਂਦੇ ਨੇ। ਸਾਨੂੰ ਸਮਝਾਉਣ ਵਾਸਤੇ ਵਹੀ ਕਹੀ। ਮਹਾਰਾਜ ਨੇ ਆਹੀ ਦਸਣਾ ਸੀ, ਜੋ ਕੁਛ ਮੈਂ ਤੁਹਾਨੂੰ ਦੱਸਿਆ ਹੈ। ਕਿਉਂਕਿ ਗੱਲ ਖੋਲ੍ਹ ਕੇ ਸਮਝ ਵਿਚ ਆ ਜਾਂਦੀ ਹੈ। ਉਥੇ ਕਿਵੇਂ ਆਉਂਦੈ, ਉਹ ਵਾਹਿਗੁਰੂ ਜਾਣਦੈ -

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥*
*ਅੰਗ- ੯੫੩*

ਜਿਹੜੇ ਮਨਮੁੱਖ ਨੇ ਇਥੇ, ਜਿਨ੍ਹਾਂ ਨੇ ਨਹੀਂ ਗੁਰੂ ਪੀਰਾਂ ਦੀ ਗੱਲ ਮੰਨੀ। ਕਿਸੇ ਮੁਰਸ਼ਦੇ ਕਾਮਲ ਦੀ ਬਾਤ ਨਹੀਂ ਮੰਨੀ। ਕਿਸੇ ਸਾਧੂ ਦੀ ਬਾਤ ਨਹੀਂ ਮੰਨੀ। ਕਹਿੰਦੇ ਉਹਨਾਂ ਦੇ ਫੇਰ ਵਰੰਟ ਆਉਂਦੇ ਨੇ। ਤਲਬਾ ਆਉਂਦੀਆਂ। ਉਹਨਾਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਜਾਂਦਾ ਹੈ ਧਰਮਰਾਜ ਦੇ -

*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥ ਅੰਗ- ੯੫੩*

ਜਿਹੜਾ ਇਨਸਾਫ ਦਾ ਦੇਵਤਾ ਰੱਬ ਨੇ ਬਿਠਾਇਆ ਹੈ -

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*
*ਅੰਗ- ੩੮*

ਤੇਰੇ ਕੋਲ ਓਹੀ ਆਉਣਗੇ, ਜਿਹੜੇ ਦੋਸ਼ੀ ਬੰਦੇ ਹੋਣਗੇ। ਉਥੇ ਆ ਕੇ ਮਹਾਰਾਜ ਕਹਿੰਦੇ -

*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਅੰਗ- ੯੫੩*

ਜਦੋਂ ਫੇਰ ਸਜ਼ਾ ਮਿਲੀ ਤੇ ਉਥੇ ਜਿਹੜੀ ਗਲੀ ਹੈ ਉਹਦੇ ਵਿਚੀਂ ਰੂਹ ਵੀ ਲੰਘਣੀ ਔਖੀ ਹੋ ਜਾਂਦੀ ਹੈ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਓਥੇ ਭੀੜੀਆਂ ਸੁਣੀਦੀਆਂ ਗਲੀਆਂ,*
*ਜਿਥੋਂ ਦੀ ਜਮ ਲੈ ਕੇ ਜਾਣਗੇ।*

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਅੰਗ- ੪੭੦*

ਇਥੇ ਦੀ ਸਹੁੱਪਣਤਾ ਇਥੇ ਹੀ ਰਹਿ ਜਾਣੀ ਹੈ-

*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥ ਅੰਗ - ੪੭੧*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਅੰਗ- ੯੫੩*

ਹੁਣ ਕਹਿੰਦੇ, ਨੱਠ ਨਹੀਂ ਸਕਦਾ ਉਥੋਂ।

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ਅੰਗ- ੯੫੩*

ਸੋ ਇਸ ਤਰ੍ਹਾਂ ਦੇ ਨਾਲ ਇਸ ਜੀਵ ਦਾ ਸਫ਼ਰ ਇਵੇਂ ਜਿਵੇਂ ਚਲਦਾ ਹੈ ਜਾਂ ਤਾਂ ਇਹ ਸ਼ੁੱਭ ਲੋਕਾਂ ਨੂੰ ਜਾਂਦਾ ਹੈ ਜਾਂ ਫੇਰ ਆ ਕੇ ਇਹਨੇ ਜੇ ਕੰਮ ਸਹੀ ਨਹੀਂ ਕਰਿਆ, ਗਲਤ ਕੰਮ ਕੀਤੇ ਨੇ ਫੇਰ ਧਰਮਰਾਜ ਦੇ ਕਟਹਿਰੇ 'ਚ ਇਹਨੂੰ ਖੜ੍ਹਾ ਹੋਣਾ ਪੈਂਦੈ। ਉਥੇ ਫੇਰ ਬਹੁਤ ਪਛਤਾਵਾ ਹੁੰਦੈ ਇਸ ਨੂੰ ਤੇ ਬੇਨਤੀ ਕਰਦੈ ਕਿ ਜੇ ਤੁਸੀਂ ਹੁਣ ਮੈਨੂੰ ਮਨੁੱਖ ਬਣਾ ਦੇਵੋਂ, ਇਕ ਵਾਰੀ ਮੈਨੂੰ ਤੁਸੀਂ ਮੌਕਾ ਦੇ ਦਿਓ, ਮੈਂ ਕਦੇ ਨਹੀਂ ਇਹੋ ਜਿਹੀ ਗੱਲ ਮੁੜ ਕੇ ਕਰਾਂਗਾ। ਮੈਨੂੰ ਪਤਾ ਨਹੀਂ ਸੀਗਾ, ਜੇ ਮੈਨੂੰ ਪਤਾ ਹੁੰਦਾ ਕਿ ਸੱਚਮੁੱਚ ਹੀ ਦਰਗਾਹ ਹੈਗੀ, ਜਿਥੇ ਜਾ ਕੇ ਹਿਸਾਬ-ਕਿਤਾਬ ਹੋਣੈ ਤਾਂ ਫੇਰ ਮੈਂ ਤਾਂ ਭੁੱਲ ਕੇ ਵੀ ਪਾਪ ਨਾ ਕਰਦਾ। ਇਸ ਤਰ੍ਹਾਂ ਨਾਲ ਪੜ੍ਹ ਲਓ -

*ਧਾਰਨਾ - ਜੇ ਮੈਂ ਜਾਣਦਾ ਨਰਕਾਂ ਦੇ ਦੁਖੜੇ,*
*ਭੁੱਲ ਕੇ ਨਾ ਪਾਪ ਕਰਦਾ।*

ਬੇਨਤੀਆਂ ਕਰਦੈ। ਹੁਣ ਸੁਣਦੈ ਕੋਈ? ਕੋਈ ਨਹੀਂ ਸੁਣਦਾ। ਕਈ ਪ੍ਰੇਮੀਆਂ ਦੇ ਮਨ ਵਿਚ ਇਹ ਖਿਆਲ ਹੁੰਦੈ ਕਿ ਇਹ ਡਰਾਉਣ ਵਾਲੀਆਂ ਗੱਲਾਂ ਨੇ ਕਿ ਸੱਚਮੁੱਚ ਹੀ ਸਾਡਾ ਵਾਸਤਾ ਪੈਣੈ, ਸਾਡੀ ਜਿੰਦ ਨੂੰ।

ਇਕ ਸੰਤ ਹੋਏ ਨੇ ਸੁੰਦਰ ਸਿੰਘ ਜੀ। ਆਪ ਪਹਿਲਾਂ ਮਿਲਟਰੀ 'ਚ ਹੋਇਆ ਕਰਦੇ ਸੀ। ਉਥੋਂ ਰੀਜ਼ਰਵ ਲਿਸਟ 'ਤੇ ਆ ਗਏ। ਘਰ ਆ ਗਏ। ਜਵਾਨ ਸੀਗੇ। ਇਕ ਦਿਨ ਅਚਾਨਕ ਬਿਮਾਰ ਹੋ ਕੇ ਚੜ੍ਹਾਈ ਕਰ ਗਏ। ਉਹਨਾਂ ਦੀ ਰੂਹ ਨੂੰ ਧਰਮਰਾਜ ਦੇ ਪਾਸ ਲੈ ਗਏ। ਉਹਨੇ ਦੇਖਦੇ ਸਾਰ ਕਹਿ ਦਿਤਾ ਕਿ ਇਹ ਤਾਂ ਸੁੰਦਰ ਸਿੰਘ ਜੱਟ ਨੂੰ ਲੈ ਆਏ

ਤੁਸੀਂ। ਰਾਮਗੜ੍ਹੀਆ ਲਿਆਉਣਾ ਸੀ। ਗਲਤੀਆਂ ਉਹਨਾਂ ਤੋਂ ਵੀ ਹੋ ਜਾਂਦੀਆਂ ਸੀ। ਲਿਜਾਣਾ ਹੁੰਦੈ ਹੋਰ ਨੂੰ ਲੈ ਜਾਂਦੇ ਨੇ ਕਈ ਵਾਰ ਹੋਰ ਨੂੰ। ਸੋ ਕਹਿਣ ਲੱਗੇ, ਇਹਨੂੰ ਜਲਦੀ ਛੱਡ ਦਿਓ। ਇਹਦਾ ਸਰੀਰ ਨਾ ਜਾਲ ਦੇਣ। ਜੇ ਜਾਲ ਦੇਵੇ ਫੇਰ ਰੂਹ ਭਟਕਦੀ ਰਹਿੰਦੀ ਹੈ ਉਹਦੀ। ਕਿਉਂਕਿ ਸਰੀਰ ਮਿਲਦਾ ਨਹੀਂ ਹੈ, ਵਾਸ਼ਨਾਵਾਂ ਓਹੀ ਹੁੰਦੀਆਂ ਨੇ। ਪਛਾਣ ਹੁੰਦੀ ਨਹੀਂ।

ਇਥੇ ਰਾਮਪੁਰ 'ਚ ਇਕ ਕੇਸ ਹੋਇਐ। ਬੰਦਾ ਲਿਜਾਣਾ ਸੀ ਹੋਰ। ਲੈ ਗਏ ਹੋਰ। ਉਹ ਹਰੀਜਨ ਸੀ ਤੇ ਉਹ ਬ੍ਰਾਹਮਣ ਸੀ। ਬ੍ਰਾਹਮਣ ਨੂੰ ਲੈ ਗਏ। ਉਹ ਕਹਿਣ ਲੱਗੇ, ਇਸੇ ਨਾਮ ਦਾ ਹਰੀਜਨ ਲਿਆਉਣਾ ਸੀ। ਜਦ ਨੂੰ ਇਹਨਾਂ ਨੇ ਕਾਹਲੀ ਕਰੀ, ਸਰੀਰ ਨੂੰ ਅੱਗ ਲਾ ਦਿਤੀ। ਉਹਨਾਂ ਨੇ ਕੀ ਕਰਿਆ, ਉਹਦੀ ਰੂਹ ਤਾਂ ਕੱਢ ਲਈ, ਬ੍ਰਾਹਮਣ ਦੀ ਰੂਹ ਉਹਦੇ ਵਿਚ ਪਾ ਦਿਤੀ। ਜਦੋਂ ਉਹ ਉਠਿਆ ਇਕ ਦਮ ਕਹਿੰਦਾ, ਇਹ ਤਾਂ ਨਹੀਂ ਮੇਰਾ ਘਰ ਹੈ। ਮੇਰਾ ਘਰ ਤਾਂ ਹੋਰ ਹੈ। ਮੇਰੇ ਬੱਚੇ ਹੋਰ ਨੇ, ਮੈਂ ਕਿੱਥੇ ਆ ਗਿਆ। ਮੈਨੂੰ ਇਥੇ ਕੌਣ ਲੈ ਆਇਆ। ਉਹ ਕਹਿੰਦੇ ਇਹਦਾ ਦਿਮਾਗ ਹਿੱਲ ਗਿਆ। ਕਹਿੰਦਾ, ਦਿਮਾਗ ਨਹੀਂ ਸੀ ਹਿੱਲਿਆ, ਘਰ ਚਲਿਆ ਗਿਆ ਆਪ ਦੇ। ਹੁਣ ਉਹਦੇ ਘਰ ਦੇ ਤਾਂ ਪਛਾਨਣ ਨਾ, ਕਿਉਂਕਿ ਸਰੀਰ ਬਦਲ ਗਿਆ, ਰੂਹ ਓਹੀ।

ਸੋ ਇਸ ਤਰ੍ਹਾਂ ਦੇ ਨਾਲ ਇਹਨੂੰ ਲੈ ਗਏ, ਲਿਜਾ ਕੇ ਕਹਿਣ ਲੱਗੇ, ਬਈ ਇਹ ਤਾਂ ਗਲਤ ਲੈ ਆਂਦੈ। ਜਾਓ ਇਹਨੂੰ ਜਲਦੀ ਛੱਡ ਆਓ। ਜਦੋਂ ਮੁੜਨ ਲੱਗੇ, ਉਹ ਕਹਿੰਦੇ, ਦੇਖੋ ਹੁਣ ਮੈਨੂੰ ਲੈ ਤਾਂ ਆਏ, ਅਚਾਨਕ ਮੈਂ ਆ ਗਿਆ ਤੇ ਆਹ ਗੁਪਤ ਦੁਨੀਆਂ ਦਾ ਮੈਨੂੰ ਲਗ ਗਿਆ ਪਤਾ। ਹੁਣ ਸਾਡੇ ਰੌਲਾ-ਗੌਲਾ ਬਹੁਤ ਹੈ ਕਿ ਨਰਕ ਹੈਗੇ ਕਿ ਨਹੀਂ, ਮੈਂ ਤਾਂ ਦੇਖੇ ਨਹੀਂ। ਤੁਸੀਂ ਮੈਨੂੰ ਪਤਾ ਨਹੀਂ ਕਿਵੇਂ ਲੈ ਆਏ, ਕਿੱਥੋਂ ਦੀ ਲੈ ਆਏ। ਉਹ ਕਹਿੰਦੇ ਪਹਿਲਾਂ ਤਾਂ ਅਸੀਂ ਲਿਆ ਕੇ ਤਸਦੀਕ ਕਰਾਉਂਦੇ ਹਾਂ। ਦੂਜਾ ਜਦੋਂ ਫੇਰ ਲਿਆਉਂਦੇ ਹਾਂ, 12-13 ਦਿਨ ਉਥੇ ਛਡਦੇ ਹਾਂ ਸਰੀਰ ਕੋਲ, ਉਥੇ ਫੇਰ ਦੇਖਦਾ ਹੈ ਕਿ ਆਹ ਰੋਂਦਾ ਹੈ, ਆਹ ਰੋਂਦੈ। ਸਾਰਿਆਂ ਦੇ ਮੋਡੇ ਹਿਲਾ-ਹਿਲਾ ਕਹਿੰਦਾ ਹੈ ਕਿ ਮੈਂ ਮਰਿਆ ਨਹੀਂ, ਮੈਂ ਤੁਹਾਡੇ ਕੋਲ ਹਾਂ। ਤਾਕਤ ਹੁੰਦੀ ਨਹੀਂ, ਮੋਢਾ ਹਿਲਦਾ ਨਹੀਂ ਹੈ। ਕੋਲ ਹੀ ਉਹ ਰੋਈ ਜਾਂਦੇ ਬੈਠਾ। ਫੇਰ ਜਿਸ ਤਰ੍ਹਾਂ ਦੇ ਨਾਲ ਸਾਸ਼ਤਰਾਂ 'ਚ ਲਿਖਿਆ ਹੈ, ਉਹੋ ਜਿਹਾ ਹੀ ਰਸਤਾ ਆ ਜਾਂਦਾ ਹੈ ਪਾਪੀ ਲੋਕਾਂ ਵਾਸਤੇ। ਗਰੁੜ ਪੁਰਾਣ 'ਚ ਸਭ ਲਿਖਿਆ ਹੋਇਆ ਹੈ। ਉਹ ਕਹਿਣ ਲੱਗੇ ਕਿ ਉਥੇ ਨਰਕ ਦੀ ਬਾਤ ਚਲਦੀ ਹੈ ਸਾਡੇ। ਕਹਿੰਦਾ, ਮੈਨੂੰ ਦਿਖਾ ਤਾਂ ਦਿਓ? ਉਹ ਕਹਿੰਦੇ ਕਿ ਥੱਲੇ ਤੇਰਾ ਸਰੀਰ ਜਾਲ ਦਿਤਾ ਜੇ? ਕਹਿੰਦੇ, ਤੁਸੀਂ ਦੇਖ ਲਓ। ਕਹਿਣ ਲੱਗੇ ਕਿ ਅਜੇ ਤਾਂ ਰਿਸ਼ਤੇਦਾਰਾਂ ਨੂੰ ਉਡੀਕਦੇ ਨੇ ਚਲੋ ਦਿਖਾ ਦਿੰਦੇ ਹਾਂ। ਉਤੇ ਦੀ ਜਿਵੇਂ ਹੈਲੀਕਾਪਟਰ ਦੇ ਲੰਘਾਈਦੈ, ਇਸ ਤਰ੍ਹਾਂ ਲੈ ਕੇ ਚਲੇ ਗਏ। ਉਥੇ ਕੀ ਦੇਖਦੈ ਕਿ ਜਿਹੜਾ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਹੈ, ਉਹ ਬਿਲਕੁਲ ਸੱਚ ਹੈ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*

*ਅੰਗ- ੧੪੨੫*

ਕਹਿੰਦੇ, ਇਹ ਤਾਂ ਮਧਾਣੀਆਂ 'ਚ ਪੀੜੇ ਜਾ ਰਹੇ ਨੇ ਤੇ ਹਾਏ-ਹਾਏ ਬੂ ਦੀ ਅਵਾਜ਼ ਆ ਰਹੀ ਹੈ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*

*ਅੰਗ- ੧੨੮੧*

ਕੋਈ ਹੋਵੇ ਤਾਂ ਕੱਢੇ। ਜੇ ਬਣਾਇਆ ਹੀ ਨਹੀਂ ਕੋਈ ਆਪਣਾ, ਫੇਰ ਕੀਹਨੇ ਕੱਢਣੈ।

ਕਹਿੰਦੇ, ਮੈਨੂੰ ਸਵਰਗ ਵੀ ਦਿਖਾ ਦਿਓ। ਨਰਕ ਦੇਖ ਕੇ ਤਾਂ ਬਹੁਤ ਕੰਬ ਗਿਆ। ਦੱਸਾਂਗਾ ਦੁਨੀਆਂ ਦੇ ਲੋਕਾਂ ਨੂੰ ਜਾ ਕੇ। ਕਹਿੰਦੇ, ਤੇਰੇ ਸਰੀਰ ਨੂੰ ਜਾਲ ਦੇਣਗੇ। ਉਹਨਾਂ ਨੇ ਥੋੜ੍ਹਾ ਜਿਹਾ ਦਿਖਾ ਕੇ ਉਤੋਂ ਦੀ ਲੰਘਾ ਦਿਤਾ। ਜਿਹੋ ਜਿਹਾ ਸੁਣਿਆ ਸੀ ਉਸੇ ਤਰ੍ਹਾਂ ਦਾ ਨਜ਼ਰ ਆਇਆ।

ਏਧਰ ਸਰੀਰ ਇਹਦਾ ਲਿਆ ਕੇ ਚਿਖਾ 'ਤੇ ਰੱਖ ਦਿਤਾ ਤੇ ਅੱਗ ਦੇ ਦਿਤੀ। ਇਧਰੋਂ ਇਹਨਾਂ ਨੇ ਜਾਨ ਪਾ ਦਿਤੀ। ਉਹ ਜਾਨ ਪੈਂਦੇ ਸਾਰ ਸੁਚੇਤ ਹੋ ਗਿਆ, ਤਕੜਾ ਬੰਦਾ ਸੀ, ਝਟਕਾ ਮਾਰਿਆ, ਇਕ ਦਮ ਅੱਗ ਦੇ ਵਿਚੋਂ ਨਿਕਲ ਕੇ ਬਾਹਰ ਆ ਗਿਆ। ਉਸ ਵੇਲੇ ਇਹਦੀ ਲੱਤ ਨੂੰ ਅੱਗ ਪੈ ਗਈ। ਬੁਝਾ ਲਈ। ਬੁਝਾ ਕੇ ਕਹਿਣ ਲੱਗੇ ਕਿ ਜਿਉਂਦਾ ਹੋ ਗਿਆ ਦੇਖੋ ਦੋ ਸਕਿੰਟ ਹੋਰ ਨਾ ਉਠਦਾ, ਇਹ ਤਾਂ ਜਲ ਗਿਆ ਸੀ, ਅੱਗ ਪੈ ਗਈ

ਸੀ ਪੈਰਾਂ ਵਲ। ਉਹ ਬੋਲਦਾ ਨਹੀਂ, ਕਹਿੰਦਾ, ਮੈਨੂੰ ਬੁਲਾਓ ਨਾ। ਕਹਿੰਦਾ, ਮੈਨੂੰ ਤਾਂ ਗਏ ਛੱਡ, ਸੁੰਦਰ ਸਿੰਘ ਰਾਮਗੜ੍ਹੀਏ ਨੂੰ ਲੈਣ ਗਏ ਨੇ। ਕਹਿੰਦੇ, ਉਹ ਤਾਂ ਲੱਕੜਾਂ ਪਾੜਦਾ ਸੀ ਤੇਰੀ ਚਿਖਾ ਦੀਆਂ। ਇਕ ਮੁੰਡਾ ਕਹਿੰਦਾ, ਔਹ ਦੇਖੋ ਉਹ ਕਿੱਕਰ 'ਤੇ ਚੜ੍ਹ ਗਿਆ। ਉਧਰੋਂ ਕੁਹਾੜਾ ਮਾਰ ਕੇ ਟਾਹਣਾ ਵੱਢਣ ਲੱਗਿਆ, ਜਮਦੂਤਾਂ ਨੇ ਮਾਰਿਆ ਧੱਕਾ, ਗਰਦਨ ਪਰਨੇ ਥੱਲੇ ਆ ਗਿਆ। ਉਹਨੂੰ ਲੈ ਗਏ। ਸਾਰਿਆਂ ਨੇ ਸੱਚ ਮੰਨ ਲਿਆ ਕਿ ਇਹ ਜਿਹੜੀ ਗੱਲ ਕਹਿੰਦਾ ਹੈ ਉਹ ਸੱਚੀ ਹੈ।

ਉਹ ਕਹਿੰਦਾ, ਦੇਖੋ ਆਹ ਤਾਂ ਗੱਲ ਮੰਨ ਲਈ ਨਾ ਮੇਰੀ, ਉਥੇ ਜਾ ਕੇ ਲੇਖੇ ਦੇਣੇ ਪੈਂਦੇ ਨੇ, ਮੈਂ ਅੱਖਾਂ ਨਾਲ ਦੇਖ ਕੇ ਆਇਆ ਹਾਂ। ਹੁਣ ਮੈਂ ਘਰ ਨਹੀਂ ਜਾਣਾ। ਇਹ ਤਾਂ ਦੁਨੀਆਂ ਝੂਠੀ ਹੈ। ਉਥੇ ਜਾ ਕੇ ਤਾਂ ਬੁਰਾ ਹਾਲ ਹੁੰਦੈ। ਉਥੇ ਪਹੁੰਚੇ ਹੋਂ ਤੁਸੀਂ ਕੋਈ? ਮਹਾਰਾਜ ਕਹਿੰਦੇ, ਕੋਈ ਨਹੀਂ ਪਹੁੰਚ ਸਕਦਾ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਜਦੋਂ ਬੰਨ੍ਹ ਕੇ ਜਮਾਂ ਨੇ ਤੈਨੂੰ ਮਾਰਿਆ,*
*ਦਰਦੀ ਤੇਰਾ ਕੌਣ ਬਣੂੰ।*

ਐਨੀ ਮਾਰ ਪਈ, ਫੇਰ ਕੌਣ ਹੈ ਜਿਹੜਾ ਤੈਨੂੰ ਛੁਡਾ ਦੇਵੇਗਾ। ਦੁਨੀਆਂ 'ਚ ਪੁਲਿਸ ਲੈ ਜਾਂਦੀ ਹੈ, ਪਤਾ ਹੀ ਨਹੀਂ ਲਗਦਾ ਕਿੱਥੇ ਲੈ ਗਏ। ਘਰਵਾਲੇ, ਸਿਫਾਰਸ਼ੀ ਤੁਰੇ ਫਿਰਦੇ ਨੇ, ਕਹਿੰਦੇ ਨੇ ਜੀ ਇਥੇ ਤਾਂ ਆਇਆ ਨਹੀਂ। ਉਹ ਇਕੱਲਾ ਰਹਿ ਜਾਂਦੈ। ਇਥੇ ਤਾਂ ਫੇਰ ਵੀ ਪਹੁੰਚ ਹੋ ਜਾਂਦੀ ਹੈ। ਚਲੋ, ਵੱਡੇ ਤੋਂ ਵੱਡੇ ਕੋਲ ਚਲੇ ਜਾਓ। ਟੈਲੀਫੋਨ ਖੜਕਾ ਦਏਗਾ ਕਿ ਦੱਸੋ ਕਿੱਥੇ ਹੈ ਉਹ। ਦਰਗਾਹ 'ਚ ਤਾਂ ਕਿਸੇ ਦੀ ਪਹੁੰਚ ਹੀ ਨਹੀਂ –

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*

*ਅੰਗ – ੧੨੮੧*

ਜਿਹਦੀ ਉਥੇ ਪਹੁੰਚ ਹੈ ਉਹਦੇ ਨਾਲ ਸਾਡਾ ਪਿਆਰ ਨਹੀਂ।

*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*

*ਅੰਗ– ੧੨੮੧*

ਉਹਨੂੰ ਅਸੀਂ ਆਪਣਾ ਬਣਾਇਆ ਨਹੀਂ, ਮਾਇਆ ਨੂੰ ਆਪਣਾ ਬਣਾਇਆ ਹੈ। ਦੁਨੀਆਂ ਨੂੰ ਆਪਣਾ ਬਣਾਇਆ ਹੈ। ਸੋ ਮਹਾਰਾਜ ਕਹਿੰਦੇ –

*ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥*

*ਅੰਗ– ੧੨੪੭*

ਨਾਮ ਤਾਂ ਜਪਿਆ ਨਹੀਂ ਹੈ, ਨਾਮ ਨੂੰ ਤਾਂ ਭੁੱਲਿਆ ਰਿਹਾ। ਹੋਰ ਕਰਮ ਕਰੀ ਜਾਂਦੈ –

*ਨਾਨਕ ਜਮ ਪੁਰਿ ਬਧੇ ਮਾਰੀਅਹਿ*
*ਜਿਉ ਸੰਨ੍ਹੀ ਉਪਰਿ ਚੋਰ ॥* *ਅੰਗ– ੧੨੪੭*

ਸੰਨ੍ਹ ਦੇ ਵਿਚ ਚੋਰ ਅੜਿੱਕੇ ਆ ਜਾਏ ਤਾਂ ਕੁੱਟ-ਕੁੱਟ ਕੇ ਮਾਰ ਦਿੰਦੇ ਨੇ। ਬਹੁਤ ਬੁਰੀ ਮਾਰ ਪੈਂਦੀ ਹੈ। ਕਹਿੰਦੇ, ਇਵੇਂ ਜਿਵੇਂ ਜਮਦੂਤਾਂ ਦੀ ਮਾਰ ਬਹੁਤ ਬੁਰੀ ਹੈ। ਉਹਨਾਂ ਦੇ ਉਤੇ ਜਿਹੜੇ ਪ੍ਰਮੇਸ਼ਰ ਦੇ ਨਾਮ ਨੂੰ ਭੁੱਲੇ ਹੋਏ ਨੇ।

ਸੋ ਇਕ ਪਾਸੇ ਤਾਂ 'ਨਾਮ' ਦੀ ਬਾਤ ਆਪਾਂ ਕਰੀ ਹੈ ਕਿ ਵੱਡੀ ਤੋਂ ਵੱਡੀ ਪ੍ਰਾਪਤੀ ਹੈ ਨਾਮ ਦੀ। ਜੇ ਭੁੱਲ ਜਾਈਏ ਤਾਂ ਫੇਰ ਸਾਰਾ ਸੰਸਾਰ ਹੀ ਭੁੱਲਿਆ ਹੋਇਆ ਹੈ ਤੇ ਫੇਰ ਕਹਿੰਦੇ, ਆਪਣੇ ਆਪ ਨੂੰ ਸੁਚੇਤ ਕਰ ਪ੍ਰੇਮੀਆਂ। ਇਥੇ ਹੀ ਨਹੀਂ ਬੈਠਾ ਰਹਿਣਾ, ਇਸ ਸੰਸਾਰ ਤੋਂ ਜਾਣਾ ਹੈ, ਉਸ ਵੇਲੇ ਫੇਰ ਲੇਖਾ ਦੇਣਾ ਔਖਾ ਹੋ ਜਾਏਗਾ –

*ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥*
*ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥*

*ਅੰਗ – ੧੩੭੫*

ਲੇਖਾ ਦੇਣਾ ਤਾਂ ਸੁਖਾਲਾ ਹੈ ਜੇ ਦਿਲ ਸੁੱਚਾ ਹੈ। ਸਾਰੇ ਕਰਮ ਸੱਚੇ ਕਰੇ ਨੇ। ਜੇ ਇਥੇ ਗਲਤ ਬੀਜਦਾ ਰਿਹਾ, ਫੇਰ ਤਾਂ ਹਰ ਕਰਮ ਦਾ ਪ੍ਰਤੀਕਰਮ ਹੋਣੈ। ਉਹਦੇ ਵਾਸਤੇ ਸਾਨੂੰ ਖਬਰਦਾਰ ਰਹਿਣਾ ਚਾਹੀਦਾ ਹੈ। ਸੋ ਮਹਾਰਾਜ ਨੇ ਜਿੰਨਾਂ ਵੀ ਸਾਨੂੰ ਬਾਨੀ ਰਾਹੀਂ ਉਪਦੇਸ਼ ਦਿਤਾ ਹੈ। ਬਹੁਤ ਵਿਸਥਾਰ ਦੇ ਨਾਲ ਸਮਝਾਉਣ ਦਾ ਯਤਨ ਕੀਤਾ ਹੈ। ਸੋ ਮੈਂ ਬੇਨਤੀ ਕੀਤੀ ਸੀ ਕਿ ਜਦੋਂ ਅਸੀਂ ਬੁੱਧੀ ਦੇ ਨਾਲ ਵਿਚਾਰਦੇ ਹਾਂ ਤੇ ਹਿਰਦੇ ਦੇ ਵਿਚ ਉਪਦੇਸ਼ ਧਾਰਨ ਕਰਦੇ ਹਾਂ, ਅੰਤਸ਼ਕਰਣ 'ਚ ਜਾ ਕੇ ਇਹ ਟਿਕਦੇ ਨੇ, ਉਥੋਂ ਫੇਰ ਜਿਹੜੀ ਮੈਲ ਹੈ ਉਹ ਨਿਕਲਣੀ ਸ਼ੁਰੂ ਹੋ ਜਾਂਦੀ ਹੈ। ਸੋ ਸਤਿਸੰਗ ਦੇ ਵਿਚ ਇਹ ਚੀਜ਼ਾਂ ਪ੍ਰਾਪਤ ਹੁੰਦੀਆਂ ਨੇ। ਆਪ ਹਿੰਮਤ ਕਰਕੇ ਆਹ ਜਲਦੇ-ਬਲਦੇ ਕਲਜੁਗ ਦੇ ਅੰਦਰ ਸਮੇਂ ਸਿਰ ਪਹੁੰਚੋ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

*ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।*

'ਚਲਦਾ.........।'

***(ਵੀਡੀਓ ਫਿਲਮ ਦੀਵਾਨ ਨੰ: 115)***

# ਨਿਮਾਣਿਆਂ ਦੇ ਮਾਣ-ਨਿਤਾਣਿਆਂ ਦੇ ਤਾਣ.....
## (ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ)

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥*
*ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥*
*ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥*
*ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥*
*ਅਨਹਤ ਬਾਣੀ ਗੁਰ ਸਬਦਿ ਜਾਣੀ*
*ਹਰਿ ਨਾਮੁ ਹਰਿ ਰਸੁ ਭੋਗੋ ॥*
*ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥*
*ਅੰਗ- ੯੨੧*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਗੁਰੂ ਪਾਤਸ਼ਾਹ ਜੀ ਨੇ ਰਹਿਮਤ ਕੀਤੀ ਹੈ ਆਪਾਂ ਸਾਰਿਆਂ ਨੂੰ ਸਤਿਸੰਗ ਕਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਬਹੁਤ ਹੀ ਰਮਣੀਕ ਅਸਥਾਨ ਹੈ ਜਿਥੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਮਹਾਰਾਜ ਜੀ ਨੇ ਸਾਢੇ 29 ਸਾਲ ਸਰੀਰਕ ਸਮੇਂ ਦੇ ਸ੍ਰੀ ਅਨੰਦਪੁਰ ਸਾਹਿਬ ਵਿਚ ਬਤੀਤ ਕੀਤੇ ਹਨ। ਕ੍ਰਿਪਾ ਹੈ ਸਾਨੂੰ ਹਰ ਮਹੀਨੇ ਚੜ੍ਹਦੀ ਪੂਰਨਮਾਸ਼ੀ ਦਾ ਸਤਿਸੰਗ ਪ੍ਰਾਪਤ ਹੁੰਦਾ ਹੈ।

ਧੰਨ-ਧੰਨ ਗੁਰੂ ਅਮਰਦਾਸ ਪਾਤਸ਼ਾਹ ਜੀ ਮਹਾਰਾਜ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ, ਨਿਗਤਿਆਂ ਦੀ ਗਤ, ਨਿਪੱਤਿਆਂ ਦੀ ਪਤ, ਨਿਲਜਿਆਂ ਦੀ ਲੱਜ; ਐਸੇ ਸਤਿਗੁਰੂ ਪਾਤਸ਼ਾਹ ਜੀ ਦੇ ਪ੍ਰਕਾਸ਼ ਦਿਹਾੜੇ ਹਨ। ਬਾਸਰਕੇ ਨਗਰ ਕਿੰਨਾਂ ਭਾਗਾਂ ਵਾਲਾ ਹੈ ਜਿਥੇ ਅੰਮ੍ਰਿਤਸਰ ਪੰਜਾਬ ਦੇ ਵਿਚ ਆਪ ਜੀ ਨੇ ਅਵਤਾਰ ਧਾਰਨ ਕੀਤਾ। ਮਾਤਾ ਸੁਲੱਖਣੀ ਜੀ, ਜਿਨ੍ਹਾਂ ਦਾ ਨਾਂ ਲੱਛਮੀ ਜੀ ਵੀ ਲਿਖਿਆ ਹੈ। ਪਿਤਾ ਜੀ ਤੇਜ ਭਾਨ ਜੀ ਬਹੁਤ ਹੀ ਸਤਿਕਾਰਯੋਗ, ਉਹਨਾਂ ਦੇ ਘਰ ਆਪ ਜੀ ਨੇ ਭਾਗ ਲਾਏ। ਐਸੀਆਂ ਪਵਿੱਤਰ ਆਤਮਾਵਾਂ ਜਨਮ ਮਰਨ ਤੋਂ ਉਪਰ ਹੁੰਦੀਆਂ ਹਨ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ- ੭੪੯*

ਉਹ ਤਾਂ ਇਕ ਅਵਤਾਰ ਧਾਰਨ ਕਰਦੇ ਹਨ, ਉਹਨਾਂ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਂਦੈ। ਅੱਜ ਕਿੰਨੀ ਖੁਸ਼ੀ ਦਾ ਦਿਨ ਹੈ -

*ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥ਅੰਗ - ੯੨੧*

ਇਹ ਆਗਮਨ ਸੁਣ ਕੇ ਸੰਗਤਾਂ ਖੁਸ਼ੀਆਂ ਮਨਾਉਂਦੀਆਂ ਹਨ।

ਤਾਰੇ ਚਮਕ ਰਹੇ ਹਨ। ਇਕਾਂਤ ਸ਼ਾਂਤ ਵਾਤਾਵਰਣ ਦੇ ਵਿਚ ਕੌਣ ਜਾਗ ਰਿਹਾ ਹੈ। ਆਪ ਜੀ ਤਾਂ ਨੀਂਦ ਇਸ ਗੱਲ ਕਰਕੇ ਨਾ ਆਈ ਕਿ ਜਿਹੜੇ ਸ਼ਬਦ ਦੇ ਬਾਣ ਉਸ ਬ੍ਰਹਮਚਾਰੀ ਨੇ ਮਾਰੇ ਸੀ। ਨਿਗੁਰਿਆਂ ਰਹਿ ਕੇ ਜਨਮ ਬਰਬਾਦ ਹੋ ਰਿਹਾ ਹੈ। ਐਨਾ ਸਮਾਂ ਲੰਘ ਗਿਆ -

*ਸਤਿਗੁਰ ਬਾਝਹੁ ਗੁਰੁ ਨਹੀ ਕੋਈ*
*ਨਿਗੁਰੇ ਕਾ ਹੈ ਨਾਉ ਬੁਰਾ ॥ ਅੰਗ - ੪੩੫*

ਅੰਦਰੋਂ ਧਿਰਕਾਰ ਪੈ ਰਹੀ ਹੈ ਦੂਜੇ ਪਾਸੇ ਸ਼ਾਂਤ ਵਾਤਾਵਰਣ ਦੇ ਵਿਚ ਮਿੱਠੀ-ਮਿੱਠੀ ਬਾਣੀ ਦੀ ਅਵਾਜ਼ ਆ ਰਹੀ ਹੈ। ਪਤਾ ਲਗ ਰਿਹਾ ਹੈ ਕਿ ਕੋਈ ਗੁਰੂ ਵਾਲਾ ਹੈ। ਉਸ ਸਮੇਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਸ਼ਬਦ ਸੁਣੇ ਕਿ ਗੁਰੂ ਤੋਂ ਬਿਨਾਂ ਤਾਂ ਐਸੀ ਹਾਲਤ ਹੁੰਦੀ ਹੈ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ੨ ॥*
*ਮਃ ੧ ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥*
*ਅੰਗ - ੪੬੩*

ਹਾਲਤ ਐਸੀ ਹੈ, ਬੁਆੜ ਤਿਲ ਵਰਗੀ ਹੈ। ਬਾਕੀ ਤਿਲਾਂ ਦੀ ਤਾਂ ਸੰਭਾਲ ਹੋ ਜਾਂਦੀ ਹੈ ਬੁਆੜ ਤਿਲ ਖੇਤ 'ਚ ਹੀ ਛੱਡ ਦਿਤਾ ਜਾਂਦਾ ਹੈ, ਉਹਦੀ ਦੁਰਦਸ਼ਾ ਹੁੰਦੀ ਹੈ। ਇਸੇ ਤਰ੍ਹਾਂ ਦੀ ਹਾਲਤ ਉਸ ਇਨਸਾਨ ਦੀ ਹੈ ਜਿਹੜਾ ਗੁਰੂ ਤੋਂ ਗੁਰਮੰਤਰ ਨਹੀਂ

ਲੈਂਦਾ। ਨਾਮ ਨਾਲ ਨਹੀਂ ਜੁੜਦਾ। ਜੀਵਨ ਦਾ ਅਸਲ ਪਰਮ ਮਨੋਰਥ ਇਹੀ ਹੈ –

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ*
*ਸਰਪਨਹ ਤੁਲਿ ਖਲਹ ॥* ਅੰਗ – ੧੩੫੬

ਐਸੀਆਂ ਨਖਿੱਧ ਜੂਨੀਆਂ 'ਚ ਪੈਣਾ ਪੈਂਦਾ ਹੈ। ਇਹ ਮਾਨਸ ਜਨਮ ਮਿਲਿਆ ਹੈ –

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥* ਅੰਗ– ੧੩੬੬

ਇਹ ਮਨੁੱਖਾ ਜਨਮ ਬਾਰ–ਬਾਰ ਨਹੀਂ ਮਿਲਣਾ। ਅੱਗੇ ਫੇਰ ਸੁਣਿਆ –

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥*
*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥*
ਅੰਗ– ੪੬੯

ਫੇਰ ਆਵਾਜ਼ ਆਉਣੀ ਬੰਦ ਹੋ ਗਈ। ਦੇਖਿਆ ਕਿ ਘਰ ਦੇ ਵਿਚ ਹੀ ਬੱਚੀ ਜੋ ਭਤੀਜੇ ਨੂੰ ਵਿਆਹੀ ਹੈ। ਉਹ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਬੈਠੀ ਹੈ। ਉਸ ਬੱਚੀ ਦੀ ਰਸਨਾ ਤੋਂ ਧੰਨ ਗੁਰੂ ਅੰਗਦ ਸਾਹਿਬ ਦੀ ਜਿਨ੍ਹਾਂ ਦੀ ਬੱਚੀ ਬੀਬਾ ਅਮਰੋ ਜੀ, ਮਿੱਠੀ ਅਵਾਜ਼ ਆਉਂਦੀ ਸੀ।

ਦਿਨ ਚੜ੍ਹਿਆ, ਆਪ ਨੇ ਅਵਾਜ਼ ਦਿਤੀ ਕਿ ਬੀਬਾ ਜੀ! ਕਿਸ ਦੇ ਬਿਸਨਪਦੇ ਆਪ ਜੀ ਗਾ ਰਹੇ ਸੀ। ਕਹਿੰਦੇ, ਇਹ ਸ੍ਰੀ ਗੁਰੂ ਨਾਨਕ ਪਾਤਸ਼ਾਹ ਮਹਾਰਾਜ ਜੀ ਦੀ ਧੁਰ ਕੀ ਬਾਣੀ ਦੇ ਇਹ ਸ਼ਬਦ ਪੜ੍ਹੇ ਜਾ ਰਹੇ ਸਨ। ਆਪ ਨੇ ਪੁੱਛਿਆ ਕਿ ਕੀ ਮੈਂ ਉਹਨਾਂ ਦੇ ਦਰਸ਼ਨ ਕਰ ਸਕਦਾ ਹਾਂ? ਬੀਬਾ ਨੇ ਦਸਿਆ ਕਿ ਉਹ ਤਾਂ ਸਰੀਰ ਤਿਆਗ ਗਏ ਹਨ ਉਹਨਾਂ ਦੀ ਜਗ੍ਹਾ 'ਤੇ ਮੇਰੇ ਪਿਤਾ ਗੁਰੂ ਅੰਗਦ ਦੇਵ ਪਾਤਸ਼ਾਹ ਜੀ ਬਿਰਾਜਮਾਨ ਹਨ। ਜੋ ਖਡੂਰ ਸਾਹਿਬ ਜੋਤ ਜਗਾ ਰਹੇ ਹਨ।

ਫੇਰ ਆਪ ਨੇ ਕਿਹਾ ਕਿ ਬੀਬਾ! ਚਲ ਮੇਰੇ ਨਾਲ ਮੈਨੂੰ ਉਹਨਾਂ ਨਾਲ ਮਿਲਾ ਕੇ ਲਿਆ।

ਬੀਬਾ ਕਹਿਣ ਲੱਗੀ ਕਿ ਪਿਤਾ ਜੀ ਮੈਨੂੰ ਤਾਂ ਇਹ ਹੁਕਮ ਹੈ ਕਿ ਪੇਕੇ ਘਰ ਤੋਂ ਤੇਰੀ ਡੋਲੀ ਚੱਲੀ ਹੈ, ਸਹੁਰੇ ਘਰ ਤੋਂ ਅਰਥੀ ਜਾਵੇਗੀ। ਬਿਨਾਂ ਬੁਲਾਇਆਂ ਤੋਂ ਆਪਣੇ ਆਪ ਨਹੀਂ ਆਉਣਾ ਇਥੇ।

ਕਹਿਣ ਲੱਗੇ, ਮੈਂ ਵੀ ਤੇਰੇ ਪਿਤਾ ਸਮਾਨ ਹਾਂ। ਚਲ, ਮੈਂ ਤੇਰੇ ਵਲੋਂ ਭੁੱਲ ਬਖਸ਼ਾ ਲਵਾਂਗਾ। ਦਰਸ਼ਨ ਕਰਨ ਚਲੇ ਜਾਂਦੇ ਹਨ। ਉਥੇ ਜਦੋਂ ਬੀਬਾ ਅੰਦਰ ਜਾਂਦੀ ਹੈ ਤਾਂ ਸ੍ਰੀ ਗੁਰੂ ਅੰਗਦ ਪਾਤਸ਼ਾਹ ਪੁੱਛਦੇ ਹਨ ਕਿ ਬੀਬਾ! ਜਿਹਨਾਂ ਨੂੰ ਨਾਲ ਲੈ ਕੇ ਆਈ ਹੈਂ, ਉਹਨਾਂ ਨੂੰ ਬਾਹਰ ਕਿਉਂ ਛੱਡ ਕੇ ਆਈ ਹੈਂ। ਸਤਿਕਾਰ ਦਿਤਾ ਕੁੜਮਚਾਰੀ ਹੋਣ ਦੇ ਨਾਤੇ। ਪਰ ਆਪ ਜੀ ਨੇ ਨਮਸ਼ਕਾਰ ਕੀਤੀ, ਦਿਲਾਂ ਦੇ ਸੌਦੇ ਹੋ ਗਏ। ਉਥੇ ਹੀ ਆਪ ਸੇਵਾ ਵਿਚ ਲਗ ਗਏ। ਬਹੁਤ ਸੇਵਾ ਕੀਤੀ। 12 ਸਾਲ ਆਪ ਬਿਆਸ ਦਰਿਆ 'ਤੇ ਜਾਂਦੇ, ਗਾਗਰ ਭਰ ਕੇ ਉਥੋਂ ਜਲ ਦੀ ਲਿਆਉਂਦੇ, ਗੁਰੂ ਪਾਤਸ਼ਾਹ ਜੀ ਦੇ ਇਸ਼ਨਾਨ ਕਰਵਾਉਂਦੇ। ਲੰਗਰ ਵਿਚ ਜਲ ਦੀ ਸੇਵਾ ਕਰਦੇ। 12 ਸਾਲ ਲੰਘ ਗਏ, 72 ਸਾਲ ਦੀ ਆਪ ਦੀ ਉਮਰ ਹੈ। ਸਰੀਰ ਬਿਰਧ ਹੈ।

ਅੱਜ ਕੁਦਰਤ ਦੀ ਨੇਤ, ਮੀਂਹ ਪੈ ਰਿਹਾ ਹੈ, ਹਨ੍ਹੇਰਾ ਹੀ ਹਨ੍ਹੇਰਾ ਹੈ ਸਾਰੇ ਪਾਸੇ। ਜਲ ਦੀ ਭਰੀ ਗਾਗਰ ਲੈ ਕੇ ਆ ਰਹੇ ਨੇ, ਜੁਲਾਹੇ ਦੀ ਖੱਡੀ ਵਿਚ ਆਪ ਜੀ ਦੀ ਜਦੋਂ ਠੋਕਰ ਵੱਜੀ ਤਾਂ ਖੜਕਾ ਸੁਣ ਕੇ ਜੁਲਾਹੇ ਨੇ ਪੁੱਛਿਆ ਕੌਣ ਹੈ? ਘਰੋਂ ਬੀਬੀ ਕਹਿਣ ਲੱਗੀ, ਕੌਣ ਹੋਣੈ ਇਸ ਸਮੇਂ ਉਹੀ ਅਮਰੂ ਨਿਥਾਵਾ ਹੈ, ਸਹੁਰਿਆਂ ਦੇ ਘਰ ਟੁਕੜ ਖਾਂਦਾ ਫਿਰਦਾ ਹੈ, ਸੱਤਰੇ–ਬਹੱਤਰੇ, ਇਹਨੂੰ ਰਾਤ ਨੂੰ ਵੀ ਚੈਨ ਨਹੀਂ। ਗੁਰੂ ਪਾਤਸ਼ਾਹ ਜੀ ਦੇ ਬਾਰੇ ਵਿਚ ਵੀ ਐਸੇ ਬੋਲ ਬੋਲ ਦਿਤੇ। ਜਦੋਂ ਬਾਬਾ ਅਮਰਦਾਸ ਜੀ ਨੇ ਸੁਣੇ ਤਾਂ ਆਪ ਨੇ ਕਿਹਾ ਕਿ ਜਿਸਦੀ ਥਾਂ ਗੁਰੂ ਜੀ ਦੇ ਚਰਨਾਂ 'ਚ ਹੋਵੇ, ਉਹ ਨਿਥਾਵਾ ਨਹੀਂ ਹੋ ਸਕਦਾ। ਜਿਹਦਾ ਮਾਣ ਗੁਰੂ ਹੋਵੇ ਉਹ ਨਿਮਾਣਾ ਕਿਵੇਂ ਹੋ ਸਕਦੈ। ਕਹਿਣ ਦੀ ਦੇਰ ਸੀ, ਜੁਲਾਹੀ ਕਮਲੀ ਹੋ ਗਈ।

ਏਧਰ ਜਦੋਂ ਸ੍ਰੀ ਗੁਰੂ ਅੰਗਦ ਪਾਤਸ਼ਾਹ ਜੀ ਕੋਲ ਉਸ ਨੂੰ ਲੈ ਕੇ ਆਏ। ਕੱਪੜੇ ਪਾੜ ਰਹੀ ਹੈ, ਕਮਲੀ ਹੋਈ–ਹੋਈ ਹੈ। ਗੁਰੂ ਮਹਾਰਾਜ ਨੇ ਕਿਹਾ, ਕਿਉਂ ਬਾਬਾ ਅਮਰਦਾਸ ਜੀ ਨੂੰ ਕੁਬੋਲ ਬੋਲੇ। ਬਾਬਾ ਅਮਰਦਾਸ ਜੀ ਨੂੰ ਐਸੇ ਵਰ ਦਿਤੇ ਕਿ ਇਹ ਨਿਮਾਣਿਆਂ ਦੇ ਮਾਣ ਹਨ, ਨਿਥਾਵਿਆਂ ਦੇ ਥਾਂ ਹਨ, ਨਿਗਤਿਆਂ ਦੀ ਗਤਿ, ਨਪੱਤਿਆਂ ਦੀ ਪੱਤ ਹਨ, ਨਿਲੱਜਿਆਂ ਦੀ ਲੱਜ ਹਨ ਤੂੰ ਇਹਨਾਂ ਬਾਰੇ ਐਸੇ ਬਚਨ ਨਹੀਂ ਸੀ ਬੋਲਣੇ।

ਫੇਰ ਬਾਬਾ ਜੀ ਨੂੰ ਗੁਰੱਤਾ ਗੱਦੀ ਪ੍ਰਾਪਤ ਹੋਈ। ਗੁਰੱਤਾ ਗੱਦੀ ਦੇ ਉਤੇ ਬਿਰਾਜਮਾਨ ਹੋ ਕੇ, ਆਪ ਜੀ ਨੇ ਗੋਇੰਦਵਾਲ ਸਾਹਿਬ ਜਿਥੇ 84 ਪੌੜੀਆਂ ਤੇ ਬਉਲੀ ਸਾਹਿਬ ਬਣਾਈ। ਵਿਸਾਖੀ ਵਾਲੇ ਦਿਨ ਬਉਲੀ ਦਾ ਕੜ ਟੁੱਟਿਆ। 84 ਪੌੜੀਆਂ ਜਿਵੇਂ 84 ਲੱਖ

ਜੂਨੀਆਂ ਇਹ ਪ੍ਰਤੀਕ ਹੈ ਕਿ -

*ਲਖ ਚਉਰਾਸੀਹ ਜੋਨਿ ਸਬਾਈ ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ ॥*
*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥* *ਅੰਗ- ੧੦੭੫*

ਉਹਨਾਂ ਪੌੜੀਆਂ 'ਤੇ 84 ਜਪੁਜੀ ਸਾਹਿਬ ਜੀ ਦੇ ਪਾਠ ਕਰ ਲਏ ਜਾਣ ਤਾਂ ਉਸ ਦੀ ਚੌਰਾਸੀ ਕੱਟੀ ਜਾਏਗੀ। ਪਾਠ ਤਾਂ ਇਕ ਵਾਰੀ ਕਰ ਲਿਆ, ਬਹੁਤ ਵੱਡੀ ਗੱਲ ਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਚੌਰਾਸੀ ਕੱਟਣ ਵਾਸਤੇ ਗੁਰੂ ਪਾਤਸ਼ਾਹ ਜੀ ਦੇ ਐਸੇ ਬਚਨ ਆਏ। ਨਿਰਮਲ ਜਲ ਬਉਲੀ ਸਾਹਿਬ ਦਾ ਪ੍ਰਗਟ ਹੋਇਆ। ਗੋਇੰਦਵਾਲ ਸਾਹਿਬ ਨੂੰ ਸੰਗਤਾਂ ਵਹੀਰਾਂ ਘੱਤ ਕੇ ਜਾਂਦੀਆਂ ਹਨ। ਕਾਰਸੇਵਾ ਚਲਦੀ ਹੈ। ਬ੍ਰਹਮ ਮਹੂਰਤ ਦੇ ਵਿਚ ਸੰਗਤਾਂ ਸ਼ਬਦ ਪੜ੍ਹਦੀਆਂ ਜਾਂਦੀਆਂ ਹਨ। ਰਾਤ ਦੇ ਸਮੇਂ ਕੌਣ ਜਾਗਦੇ ਨੇ -

*ਪਹਿਲੇ ਪਹਿਰੇ ਹਰ ਕੋਈ ਜਾਗੇ,*
*ਦੂਜੇ ਪਹਿਰੇ ਭੋਗੀ।*
*ਤੀਜੇ ਪਹਿਰੇ ਤਸਕਰ ਜਾਗੇ,*
*ਚੌਥੇ ਪਹਿਰੇ ਜੋਗੀ।*

ਰੋਗੀ ਨੂੰ ਵੀ ਨੀਂਦ ਨਹੀਂ ਆਉਂਦੀ। ਓਧਰ ਉਹ ਰੋਗ ਦੇ ਵਿਚ ਕਰਰਹਾ ਰਿਹਾ ਹੈ। ਇਕ ਐਸਾ ਨੌਜਵਾਨ ਜਿਸ ਨੇ ਆਪਣੀ ਉਮਰ ਨਸ਼ਿਆਂ ਦੇ ਵਿਚ ਗਾਲ੍ਹ ਦਿਤੀ। ਮਾਤਾ ਪਿਤਾ ਦਾ ਵੀ ਸਾਇਆ ਉਠ ਗਿਆ, ਅਮੀਰ ਘਰ ਸੀ। ਸਾਰਾ ਪੈਸਾ ਬਰਬਾਦ ਹੋ ਗਿਆ, ਤਨ ਵੀ ਬਰਬਾਦ ਕਰ ਲਿਆ। ਕੋਹੜੀ ਹੋ ਗਿਆ। ਖੂਹ 'ਤੇ ਉਹਦੀ ਕੁਟੀਆ ਪਾ ਦਿਤੀ। ਜੇ ਕਿਸੇ ਨੂੰ ਤਰਸ ਆ ਗਿਆ ਤਾਂ ਦੂਰੋਂ ਹੀ ਬਾਂਸ ਨਾਲ ਬੰਨ੍ਹ ਕੇ ਪ੍ਰਸ਼ਾਦਾ ਦੇ ਦਿੰਦੇ। ਇਸ ਡਰ ਤੋਂ ਕਿ ਛੂਤ ਦਾ ਰੋਗ ਕਿਤੇ ਸਾਨੂੰ ਨਾ ਲਗ ਜਾਵੇ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ- ੧੪੨੫*

ਭੋਗਾਂ ਦੀ ਜ਼ਿੰਦਗੀ ਰੋਗ ਦੀ ਜ਼ਿੰਦਗੀ ਬਣ ਜਾਂਦੀ ਹੈ।

*ਆਪੀਨ੍ਹੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥* *ਅੰਗ- ੪੬੪*

ਕੀਤੇ ਹੋਏ ਕੁਕਰਮਾਂ ਦਾ ਫਲ ਰੋਗ ਬੀਜ ਲਿਆ। ਤਨ ਰੋਗੀ ਹੋ ਗਿਆ, ਮਨ ਪਹਿਲਾਂ ਹੀ ਰੋਗੀ ਸੀ ਕਿਉਂਕਿ ਮਨ ਅੰਧੇ ਪਿੱਛੇ ਲਗ ਕੇ ਕਿੰਨਾ ਕੁਛ ਕੀਤਾ ਤੇ ਉਸ ਕੀਤੇ ਹੋਏ ਕਰਮਾਂ ਦਾ ਫਲ ਕੀ ਮਿਲਿਆ ਰੋਗ? ਸਰੀਰ ਕੋਹੜੀ ਹੋ ਗਿਆ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਅੰਗ- ੧੩੫*

*ਦੇਇ ਕਿਵਾੜ ਅਨਿਕ ਪੜਦੇ ਮਹਿ*
*ਪਰ ਦਾਰਾ ਸੰਗਿ ਫਾਕੈ ॥*
*ਚਿਤ੍ਰ ਗੁਪਤੁ ਜਬ ਲੇਖਾ ਮਾਗਹਿ*
*ਤਬ ਕਉਣੁ ਪੜਦਾ ਤੇਰਾ ਢਾਕੈ ॥* *ਅੰਗ- ੬੧੬*

ਐਸੀ ਬਿਪਤਾ ਵਿਚ ਸੰਗੀ ਸਾਥੀ ਸਭ ਸਾਥ ਛੱਡ ਜਾਂਦੇ ਹਨ। ਜਦ ਸਾਰੇ ਸਾਥ ਛੱਡ ਗਏ। ਉਸ ਸਮੇਂ ਅੰਮ੍ਰਿਤ ਵੇਲੇ ਸੰਗਤ ਗੋਇੰਦਵਾਲ ਸਾਹਿਬ ਨੂੰ ਜਾਂਦੀ, ਇਹਦੇ ਕੰਨਾਂ ਵਿਚ ਅਵਾਜ਼ ਪੈਂਦੀ ਤੇ ਇਸ ਨੂੰ ਸ਼ਾਂਤੀ ਮਿਲਦੀ। ਸਰੀਰ ਕੋਹੜ ਨਾਲ ਤੜਫ ਰਿਹਾ ਹੈ -

*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ ॥* *ਅੰਗ- ੬੬੧*

ਐਸੀ ਹਾਲਤ ਹੋਈ ਕਿ ਇਸ ਦੀ ਅਵਾਜ਼ ਉਹਨਾਂ ਜਾਣ ਵਾਲਿਆਂ ਦੇ ਕੰਨਾਂ ਵਿਚ ਪਈ। ਪਰਉਪਕਾਰੀ ਮਹਾਂਪੁਰਸ਼ ਗੁਰਮੁਖ ਪਿਆਰਿਆਂ ਨੇ ਜਦੋਂ ਸੁਣਿਆਂ ਤਾਂ ਅਵਾਜ਼ ਆ ਰਹੀ ਸੀ ਕਿ ਗੁਰੂ ਵਲ ਜਾਣ ਵਾਲਿਓ! ਮੈਨੂੰ ਦੁਖਿਆਰੇ ਨੂੰ ਵੀ ਨਾਲ ਲੈ ਜਾਓ। ਉਹਨਾਂ ਦੇ ਚਰਨਾਂ ਦੇ ਉਤੇ ਢਹਿ ਕੇ ਮਾਫੀ ਮੰਗਣ ਦਾ ਮੈਨੂੰ ਵੀ ਸਮਾਂ ਮਿਲ ਜਾਵੇ। ਸਰੀਰ 'ਚ ਤਾਕਤ ਨਹੀਂ ਸੀ। ਅਵਾਜ਼ ਕੰਨਾਂ ਵਿਚ ਪੈਂਦੀ ਹੈ। ਜਥਾ ਜਿਹੜਾ ਜਾ ਰਿਹਾ ਸੀ, ਉਸ ਵੇਲੇ ਉਸ ਖੂਹ ਦੇ ਉਤੇ ਪਹੁੰਚਦਾ ਹੈ। ਹਾਲਤ ਐਸੀ ਹੈ ਕਿ ਸਰੀਰ ਸਾਰਾ ਕ੍ਰਿਸ ਹੋ ਗਿਆ। ਸਰੀਰ ਦੇ ਵਿਚ ਜਗ੍ਹਾਂ-ਜਗ੍ਹਾਂ 'ਤੇ ਪਾਕ ਪਈ ਹੋਈ ਹੈ, ਬਦਬੂ ਆ ਰਹੀ ਹੈ। ਪਰ ਉਹ ਗੁਰਮੁਖ ਪਿਆਰਾ ਉਸ ਨੇ ਜੋ ਚਾਦਰਾ ਲਿਆ ਹੋਇਆ ਸੀ, ਉਸ ਦੇ ਵਿਚ ਇਸ ਨੂੰ ਪਾ ਕੇ, ਗਿਲਟੀ ਮਾਰ ਕੇ ਚੁੱਕ ਲਿਆ। ਪਿੱਠ ਪਿੱਛੇ ਬੰਨ੍ਹ ਲਿਆ। ਕਿੱਡਾ ਪਰਉਪਕਾਰ ਹੈ ਇਹ। ਕਿਉਂਕਿ ਜਿਹੜੀ ਦੁਨੀਆਂ ਹੈ ਉਨ੍ਹਾਂ ਤਾਂ ਸਾਥ ਛੱਡ ਦਿਤੀ ਹੈ, ਪਰ ਜਿਹੜੇ ਨਾਮ ਜਪਣ ਵਾਲੇ ਨੇ ਗੁਰਮੁਖ ਪਿਆਰੇ, ਉਹ ਸਾਥ ਨਹੀਂ ਛੱਡਦੇ -

*ਨਾਨਕ ਕਚੜਿਆ ਸਿਉ ਤੋੜਿ*
*ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ*
*ਓਇ ਮੁਇਆ ਨ ਜਾਹੀ ਛੋੜਿ ॥* *ਅੰਗ- ੧੧੦੨*

*ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥*
*ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥*
*ਕੇਸ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥*
*ਅੰਗ- ੭੪੯*

ਹੁਣ ਜਿਹੜੀ ਮੁਖ ਧੂੜ ਬਾਣੀ ਪੜ੍ਹਦੇ ਜਾਂਦੇ ਨੇ, ਉਹ ਅਵਾਜ਼ ਇਹਦੇ ਕੰਨਾਂ 'ਚ ਪੈ ਰਹੀ ਹੈ। ਅੱਗੇ ਜਦੋਂ ਗਏ ਕਿਉਂਕਿ ਪਰਉਪਕਾਰੀ ਮਹਾਂਪੁਰਸ਼ ਗੁਰੂ ਨਾਲ ਜੋੜਦੇ ਹਨ।

ਗੁਰੂ ਪਾਤਸ਼ਾਹ ਜੀ ਦੇ ਮਨ ਵਿਚ ਹੁੰਦਾ ਕਿ ਜਿਹੜੇ ਗੋਇੰਦਵਾਲ ਸਾਹਿਬ ਦੇ ਬਾਹਰ ਕੋਹੜੀ, ਰੋਗੀ ਬੈਠੇ ਹਨ ਉਹਨਾਂ ਸਭ 'ਤੇ ਦ੍ਰਿਸ਼ਟੀ ਪਾ ਕੇ ਜਾਣਾ ਹੈ। ਕਿਉਂਕਿ ਦ੍ਰਿਸ਼ਟੀ ਦੇ ਵਿਚ ਅੰਮ੍ਰਿਤ ਵਰਤਦਾ ਹੈ, ਸ਼ਾਂਤੀ ਵਰਤਦੀ ਹੈ।

ਸੋ ਉਸ ਨੇ ਜੋ ਗੁਰੂ ਘਰ ਦੀ ਸੋਭਾ ਕੰਨਾਂ ਨਾਲ ਸੁਣੀ ਹੋਈ ਸੀ ਅੱਜ ਅੱਖਾਂ ਨਾਲ ਦੇਖ ਲਈ ਕਿ ਇਸ ਦਰਬਾਰ ਵਿਚ ਤਾਂ ਨਿਆਸਰਿਆਂ ਨੂੰ ਆਸਰਾ ਮਿਲਦਾ ਹੈ। ਰੋਗੀਆਂ ਨੂੰ ਨਾਲ ਦਵਾਈਆਂ ਵੀ ਦਿਤੀਆਂ ਜਾਂਦੀਆਂ ਨੇ ਤੇ ਨਾਲ -

*ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਅੰਗ- ੧੦੧*

ਨਾਮ ਦੀ ਦਵਾਈ ਜੋ ਸਭ ਦੇ ਅੰਦਰ ਪਈ ਹੈ-

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਅੰਗ- ੨੫੯*

ਪਰ ਅੱਜ ਵਿਧੀ ਬਣ ਗਈ ਕਿ ਇਹ ਉਥੇ ਪਹੁੰਚ ਗਿਆ -

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ ॥ ਅੰਗ- ੯੫੭*

ਹੁਣ ਐਸਾ ਸੰਜੋਗ ਬਣਿਆ 'ਤੇ ਗੁਰੂ ਦੀ ਦ੍ਰਿਸ਼ਟੀ ਪਈ। ਗੁਰੂ ਪਾਤਸ਼ਾਹ ਜੀ ਨੇ ਕਿਉਂਕਿ -

*ਸੇਵਕ ਕਉ ਸੇਵਾ ਬਨਿ ਆਈ ॥ ਅੰਗ- ੨੯੨*

ਸਰੀਰ ਤਾਂ ਐਨਾ ਤਾਕਤਵਰ ਨਹੀਂ ਸੀ। ਕਿਹਾ ਕਿ ਤੂੰ ਬਰਤਨਾਂ ਦੀ ਸੇਵਾ ਕਰਿਆ ਕਰ। ਮੂੰਹ ਬੰਨ੍ਹ ਲੈਂਦਾ ਹੈ, ਸੇਵਾ ਕਰਦਾ ਹੈ, ਬਚਨ ਕਮਾਉਂਦਾ ਹੈ। ਗੁਰੂ ਘਰ ਦੇ ਵਿਚ ਸੇਵਾ ਤੇ ਸਿਮਰਨ ਨੂੰ ਪ੍ਰਧਾਨਤਾ ਮਿਲੀ ਹੈ। ਸੇਵਾ ਤੇ ਸਿਮਰਨ ਨਾਲ ਬਹੁਤ ਛੇਤੀ ਰੂਹਾਨੀ ਪੈਂਡਾ ਤਹਿ ਹੋ ਜਾਂਦਾ ਹੈ। ਇਸ ਤਰ੍ਹਾਂ ਅੱਜ ਕਲ੍ਹ ਕਰਦਿਆਂ ਸਰੀਰ ਨੂੰ ਫਰਕ ਪੈਣਾ ਸ਼ੁਰੂ ਹੋ ਗਿਆ। ਹੁਣ ਮੁਖ ਧੂੜ ਵੀ ਮਿਲਦੀ ਹੈ, ਚਰਨਾਂ ਦੀ ਧੂੜੀ ਵੀ ਮੱਥੇ 'ਤੇ ਲਾਉਂਦਾ ਹੈ। ਸੇਵਾ ਕਰਦਾ ਹੈ, ਸਿਮਰਨ ਕਰਦਾ ਹੈ। ਗੁਰੂ ਨੇ ਮੰਤ੍ਰ ਦਿਤਾ, ਮੰਤ੍ਰ ਦੀ ਕਮਾਈ ਕਰਦਾ ਹੈ -

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ- ੧੧੯੫*

ਕਿੰਨੇ ਕੁਕਰਮ ਕੀਤੇ ਹੋਣੇ, ਜਿਨ੍ਹਾਂ ਦੀ ਸਜ਼ਾ ਕਿਹੋ ਜਿਹੀ ਸੀ। ਅੱਜ ਉਹ ਸਜ਼ਾ ਖਤਮ ਹੋ ਕੇ ਕਿਹੋ ਜਿਹੀਆਂ ਬਖਸ਼ਿਸ਼ਾਂ ਮਿਲੀਆਂ ਇਸ ਦਰ ਤੋਂ ਕਿਉਂਕਿ ਗੁਰੂ ਦਾ ਇਹ ਦਰ ਐਸਾ ਹੈ ਜਿਥੋਂ ਇਹ ਬਖਸ਼ਿਸ਼ ਪ੍ਰਾਪਤ ਹੁੰਦੀ ਹੈ - ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਆਸਰਿਆ ਦੇ ਆਸਰੇ -

*ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥*
*ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ ॥*
*ਅੰਗ- ੨੬੪*

ਗੁਰੂ ਦੀ ਸ਼ਰਨ ਦੇ ਵਿਚ ਰਹਿ ਸਰੀਰ ਨਵਾਂ ਨਰੋਆ ਹੋ ਗਿਆ। ਕ੍ਰਿਪਾ ਹੋ ਗਈ ਤੇ ਗੁਰਮੰਤ੍ਰ ਬਲ ਦੇ ਨਾਲ ਸਾਰੇ ਦੁਖ ਰੋਗ ਦੂਰ ਹੋ ਗਏ -

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥*
*ਅੰਗ- ੯੨੨*

ਐਸੀ ਬਾਣੀ ਜਿਹੜੀ ਸਾਰੇ ਦੁਖਾਂ ਦਾ, ਰੋਗਾਂ ਦਾ ਨਾਸ਼ ਕਰ ਦਿੰਦੀ ਹੈ। ਅੱਜ ਜਦੋਂ ਗੁਰੂ ਚਰਨਾਂ ਦੇ ਵਿਚ ਠੀਕ ਹੋ ਕੇ ਆਉਂਦਾ ਹੈ, ਗੁਰੂ ਬਖਸ਼ਿਸ਼ਾਂ ਕਰਦੇ ਹਨ। ਨਾਮ ਵੀ ਉਹਦਾ ਮੁਰਾਰੀ ਰਖ ਦਿੰਦੇ ਨੇ। ਫੇਰ ਸੰਗਤ ਵਿਚ ਕਿਹਾ ਕਿ ਆਪਣੀ ਬੱਚੀ ਦਾ ਕੋਈ ਇਸ ਨਾਲ ਵਿਆਹ ਕਰ ਦੇਵੇ। ਇਕ ਗੁਰੂ ਦਾ ਸਿੱਖ ਜਿਸ ਨੇ ਗੁਰੂ ਦੇ ਬਚਨਾਂ ਨੂੰ ਸੰਭਾਲਿਆ। ਉਸ ਨੇ ਆਪਣੀ ਬੱਚੀ ਦਾ ਰਿਸ਼ਤਾ ਦੇ ਦਿਤਾ।

ਸਮਾਂ ਪਾ ਕੇ 22 ਮੰਜੀਆਂ ਸਥਾਪਿਤ ਹੋਈਆਂ ਪ੍ਰਚਾਰ ਵਾਸਤੇ, ਉਹਨਾਂ ਦੇ ਵਿਚੋਂ ਇਕ ਮੰਜੀ ਇਹਨਾਂ ਦੇ ਹਿੱਸੇ ਆਈ। ਉਸ ਬੀਬੀ ਦਾ ਨਾਉਂ ਮੱਥੋ ਰੱਖਿਆ ਤੇ ਨਾਲ ਬਚਨ ਕੀਤਾ ਕਿ ਕਿੰਨਿਆਂ ਨੂੰ ਹੀ ਇਹ ਨਾਮ ਜਪਾਉਣਗੇ ਤੇ ਆਪ ਵੀ ਜਪਣਗੇ। ਕਿੰਨਿਆਂ ਦੇ ਹੀ ਰੋਗ ਦੂਰ ਹੋਣਗੇ।

ਸੋ ਇਸ ਤਰ੍ਹਾਂ ਦੇ ਨਾਲ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਕਿੰਨੇ ਵੀ ਗੁਣ ਗਾਈਏ, ਥੋੜ੍ਹੇ ਹਨ।

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

# ਕਲਗੀਧਰ ਜੀ ਦੇ 52 ਬਚਨ

*ਸ. ਬਲਵਿੰਦਰ ਸਿੰਘ*

## ਤੀਜਾ ਬਚਨ:

## ਕੰਠ ਕਰਨੀ ਗੁਰਬਾਣੀ

ਕਿਸੇ ਧਨਾਢ ਮਨੁੱਖ ਕੋਲ ਬੇਅੰਤ ਜਾਇਦਾਦ, ਜ਼ਮੀਨ, ਮਕਾਨ, ਧਨ ਦੌਲਤ, ਰੁਪਿਆ ਪੈਸਾ, ਕਿਤਨਾ ਕੁਝ ਵੀ ਹੋਵੇ ਪਰ ਉਹ ਇਸ ਸਭ ਕਾਸੇ ਨੂੰ ਨਾਲ ਨਹੀਂ ਲਈ ਫਿਰਦਾ। ਮੰਨ ਲਓ, ਇਕ ਧਨੀ ਮਨੁੱਖ ਕਿਧਰੇ ਦੇਸ਼ਾਵਰ ਜਾਂਦਾ ਹੈ ਤੇ ਉਥੇ ਜਾ ਕੇ ਕਿਸੇ ਵਪਾਰੀ, ਦੁਕਾਨਦਾਰ ਜਾਂ ਆੜ੍ਹਤੀ ਨੂੰ ਕਹੇ ਕਿ ਮੈਨੂੰ ਫਲਾਂਅ-ਫਲਾਂਅ ਮਾਲ ਦੇ-ਦੇ ਤਾਂ ਉਹ ਇਹੀ ਪ੍ਰਸ਼ਨ ਕਰੇਗਾ ਕਿ ਤੁਹਾਡੇ ਕੋਲੇ ਪੈਸੇ ਹਨ ਇਸ ਦੀ ਅਦਾਇਗੀ ਲਈ? ਇਹ ਤਾਂ ਗੱਲ ਹੋ ਗਈ ਵਪਾਰ ਦੀ। ਜੇ ਉਹ ਧਨੀ ਮਨੁੱਖ ਕਿਸੇ ਦੁਕਾਨਦਾਰ ਕੋਲੋਂ ਜਾਂ ਹੋਟਲ ਵਾਲੇ ਕੋਲੋਂ ਆਪਣੀ ਭੁੱਖ ਮਿਟਾਉਣ ਲਈ ਕੁਝ ਖਾਣ ਵਾਸਤੇ ਮੰਗੇ ਪਰ ਉਸ ਨੂੰ ਪੈਸੇ ਨਾ ਦੇ ਸਕੇ ਤੇ ਕਹੇ ਕਿ ਮੇਰੇ ਕੋਲ ਕਰੋੜਾਂ ਦੀ ਜਾਇਦਾਦ ਹੈ, ਤਾਂ ਉਹ ਦੁਕਾਨਦਾਰ ਝੱਟ ਕਹੇਗਾ ਕਿ ਹੋਵੇਗੀ, ਮੈਨੂੰ ਇਹਦੇ ਨਾਲ ਕੋਈ ਮਤਲਬ ਨਹੀਂ, ਮੈਨੂੰ ਤਾਂ ਇਹ ਦੱਸੋ ਕਿ ਤੁਹਾਡੇ ਖੀਸੇ ਵਿਚ ਪੈਸੇ ਹਨ? ਬਿਲਕੁਲ ਏਸੇ ਤਰ੍ਹਾਂ ਜੇ ਕਿਸੇ ਵਿਦਵਾਨ ਕੋਲ ਵੱਡੇ ਭਵਨ ਵਿਚ ਰਖਿਆ ਪੁਸਤਕਾਲਾ ਹੋਵੇ, ਉਸ ਦੇ ਸੌਣ ਵਾਲੇ ਕਮਰੇ ਵਿਚ ਆਲੇ-ਦੁਆਲੇ, ਪੁਸਤਕਾਂ ਦਾ ਢੇਰ ਲਗਾ ਹੋਵੇ, ਘਰ ਵਿਚ ਵੀ ਥਾਂ-ਥਾਂ ਪੁਸਤਕਾਂ, ਬੈਠਕ ਤੇ ਦੂਜੇ ਕਮਰਿਆਂ ਦੀਆਂ ਅਲਮਾਰੀਆਂ ਵਿਚ ਸਜੀਆਂ ਹੋਣ ਤੇ ਜਦ ਕਿਧਰੇ ਬਾਹਰ ਜਾਏ, ਤਾਂ ਕੀ ਉਹ ਆਪਣੇ ਨਾਲ ਬਕਸਿਆਂ ਵਿਚ ਕਿਤਾਬਾਂ ਭਰ ਕੇ ਲੈ ਜਾਏਗਾ? ਇਸ ਸਾਰੇ ਦਾ ਲਾਭ ਉਸ ਨੂੰ ਸ਼ਾਇਦ ਇਸ ਤੋਂ ਵੱਧ ਨਹੀਂ ਹੋ ਸਕਦਾ ਕਿ ਉਸ ਕੋਲ ਬਹੁਤ ਕਿਤਾਬਾਂ ਹਨ। ਗੱਲ ਤਾਂ ਉਸ ਗਿਆਨ ਦੀ ਹੋਵੇਗੀ ਜਿਹੜਾ ਉਸ ਨੇ ਹਾਸਲ ਕੀਤਾ ਹੈ, ਹਿਰਦੇ ਵਸਾਇਆ ਹੈ, ਕੰਠਾਗਿਰ ਕੀਤਾ ਹੈ। ਇਕ ਪੁਰਾਤਨ ਮੁਹਾਵਰਾ ਇਥੇ ਕਿਤਨਾ ਢੁਕਦਾ ਹੈ ਕਿ 'ਪੈਸਾ ਗੰਠ ਤੇ ਬਾਣੀ ਕੰਠ।'

ਅੱਜ-ਕੱਲ੍ਹ ਇਕ ਅਜੀਬ ਰਿਵਾਜ ਜਿਹਾ ਬਣ ਗਿਆ ਹੈ, ਇਸ ਮਸ਼ੀਨੀ ਯੁੱਗ ਵਿਚ ਮਨੁੱਖ ਮਸ਼ੀਨਾਂ ਦਾ ਏਨਾ ਗੁਲਾਮ ਹੋ ਗਿਐ ਕਿ ਆਪ ਵੀ ਅੱਧ-ਪਚੱਧੀ ਮਸ਼ੀਨ ਹੀ ਬਣ ਕੇ ਰਹਿ ਗਿਆ ਹੈ। ਅੱਜ ਤੋਂ ਚੌਥਾਈ ਅੱਧੀ ਸਦੀ ਪਹਿਲਾਂ ਸਕੂਲਾਂ-ਪਾਠਸ਼ਾਲਾਵਾਂ ਵਿਚ ਪਹਾੜੇ ਯਾਦ ਕਰਾਉਣ ਦਾ ਰਿਵਾਜ ਸੀ। ਮੈਂ ਨਹੀਂ ਕਹਿ ਸਕਦਾ ਕਿ ਇਸ ਦਾ ਕਿਤਨਾ ਕੁ ਲਾਭ ਹੁੰਦਾ ਸੀ ਜੀਵਨ ਵਿਚ। ਪਰ ਇਕ ਗੱਲ ਤਾਂ ਜ਼ਰੂਰ ਹੈ ਕਿ ਦਿਮਾਗ ਦੀ ਗ੍ਰਹਿਣ ਕਰਨ ਦੀ ਸਮਰੱਥਾ ਜ਼ਰੂਰ ਵਧਦੀ ਸੀ। ਹੁਣ ਇਮਤਿਹਾਨਾਂ ਵਿਚ ਨਕਲ ਤਾਂ ਭਾਵੇਂ ਅਜੇ ਜਾਇਜ਼ ਕਰਾਰ ਨਹੀਂ ਦਿਤੀ ਗਈ ਪਰ ਕੈਲਕੂਲੇਟਰ ਅਤੇ ਸਾਇੰਸ ਕੈਲਕੂਲੇਟਰ ਦੀ ਆਗਿਆ ਦੇ ਦਿਤੀ ਗਈ ਹੈ। ਬਾਹਰਲੇ ਦੇਸ਼ਾਂ ਵਿਚ ਤਾਂ ਵਿਦਿਆਰਥੀ ਇਨ੍ਹਾਂ ਦਾ ਇਸਤੇਮਾਲ ਖੁਲ੍ਹੇ ਆਮ ਕਰ ਰਹੇ ਹਨ, ਭਾਵ ਇਹ ਹੈ ਕਿ ਯਾਦ ਕਰਨ ਦੀ ਆਦਤ ਜਿਵੇਂ ਘਟਦੀ ਤੇ ਹਟਦੀ ਜਾ ਰਹੀ ਹੈ।

ਸਾਡੇ ਸਮੇਂ ਜਦੋਂ ਅਸੀਂ ਸਕੂਲ ਪੜ੍ਹਦੇ ਵਿਦਿਆਰਥੀ ਸਾਂ ਤਾਂ ਸਕੂਲਾਂ ਵਿਚ ਵੀ ਬਾਣੀ ਕੰਠ ਕਰਾਈ ਜਾਂਦੀ ਸੀ ਤੇ ਬਾਣੀ ਕੰਠ ਮੁਕਾਬਲੇ ਹੁੰਦੇ ਸਨ। ਘਰਾਂ ਵਿਚ ਮਾਪੇ, ਖਾਸ ਕਰਕੇ ਮਾਵਾਂ ਤੇ ਦਾਦੀਆਂ ਬੱਚਿਆਂ ਨੂੰ ਇਸ ਤਰ੍ਹਾਂ ਦੀਆਂ ਵਾਦੀਆਂ ਪਾਉਂਦੀਆਂ ਸਨ, ਲਾਲਚ ਦੇਂਦੀਆਂ ਸਨ, ਉਤਸ਼ਾਹਿਤ ਕਰਦੀਆਂ ਸਨ ਕਿ ਉਹ ਬਾਣੀ ਕੰਠਾਗਿਰ ਕਰਨ। ਪਰ ਹੁਣ ਜੰਮਦਾ ਤੇ ਹੋਸ਼ ਸੰਭਾਲਦਾ ਬੱਚਾ ਕਿਤਾਬਾਂ ਦੇ ਬੋਝ ਹੇਠਾਂ ਇਤਨਾ ਆ ਗਿਆ ਹੈ ਕਿ ਮਾਪੇ ਮਸਾਂ ਉਹਨਾਂ ਤੋਂ ਹੋਮ ਵਰਕ ਹੀ ਕਰਾ ਸਕਦੇ ਹਨ, ਬਾਕੀ ਤੇ ਸਭ ਕੁਝ ਜਿਵੇਂ 'ਹੋਮ' ਕਰ ਦਿਤਾ ਜਾ ਰਿਹਾ ਹੈ, ਸੁਆਹ ਕਰ ਦਿਤਾ ਜਾ ਰਿਹਾ ਹੈ।

ਪਿੱਛੇ ਜਿਹੇ ਇਕ ਬਹੁਤ ਨਾਮਵਰ ਵੱਡੇ ਪਬਲਿਕ ਸਕੂਲ ਦਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਸੀ, ਜਿਸ ਦੇ ਵਿਚ ਬਾਣੀ ਕੰਠ ਦੇ ਇਨਾਮ ਵੰਡਣੇ ਸਨ। ਮੈਂ ਸਰੋਤਿਆਂ 'ਚ ਬੈਠਾ ਪੋਟਿਆਂ 'ਤੇ ਗਿਣਦਾ ਰਿਹਾ, ਢਾਈ ਹਜ਼ਾਰ ਦੀ ਗਿਣਤੀ ਵਿਚੋਂ ਕੁਲ 47 ਬੱਚੇ ਸਨ ਜਿਨ੍ਹਾਂ ਨੂੰ ਜਪੁਜੀ ਸਾਹਿਬ ਜ਼ਬਾਨੀ ਯਾਦ ਸੀ ਤੇ ਇਕ-ਇਕ, ਦੋ-ਦੋ, ਚਾਰ ਐਸੇ ਸਨ ਜਿਨ੍ਹਾਂ ਨੂੰ ਪੰਜ ਬਾਣੀਆਂ ਜਾਂ ਇਸ ਤੋਂ ਵੱਧ ਕੁਝ ਹੋਰ ਆਉਂਦਾ ਸੀ। ਸਾਨੂੰ ਤਾਂ ਡਰ ਭਾਸਦਾ ਹੈ ਕਿ ਸਾਡੀਆਂ ਆਤਮਾਵਾਂ ਹੀ ਤਾਂ ਨਹੀਂ ਬਦਲਦੀਆਂ ਜਾਂਦੀਆਂ? ਕੁਝ ਕੁ ਭਉ ਤੇ ਭਾਉ ਵਾਲੇ ਮਾਪੇ ਤੇ ਸਿਆਣੇ ਬੱਚੇ ਇਹ ਕਹਿੰਦੇ ਹਨ ਕਿ ਕੋਈ ਨਹੀਂ ਜੀ, ਅਸੀਂ ਗੁਟਕੇ ਤੋਂ ਪਾਠ ਕਰ ਲੈਂਦੇ ਹਾਂ। ਗੱਲ ਠੀਕ ਹੈ, ਜੇ ਨੇਮ ਨਾਲ ਪਾਠ ਗੁਟਕੇ ਤੋਂ ਕੀਤਾ ਜਾਵੇ ਤਾਂ ਵੀ ਯਾਦ ਹੋ ਜਾਂਦਾ ਹੈ ਪਰ ਜਦੋਂ ਇਹੀ ਬੱਚੇ ਜਵਾਨ ਹੋ ਕੇ ਜ਼ਿੰਮੇਵਾਰ ਅਹੁਦਿਆਂ ਅਤੇ ਅਸਥਾਨਾਂ ਤੇ ਲੱਗਦੇ ਹਨ ਤਾਂ ਉਹਨਾਂ ਨੂੰ ਆਲੇ-

ਦੁਆਲੇ ਦਾ ਖਲਜਗਣ ਬਾਣੀ ਤੋਂ ਟੁੱਟਣ ਤੇ ਬਾਣੀ ਨੂੰ ਭੁਲਾਉਣ ਵਿਚ ਪੂਰੀ ਮਦਦ ਕਰਦਾ ਹੈ। ਜੇ ਉਹਨਾਂ ਨੇ ਪਹਿਲਾਂ ਗੁਰੂ ਕ੍ਰਿਪਾ ਦੁਆਰਾ ਬਖਸ਼ੇ ਉੱਦਮ ਨਾਲ ਬਾਣੀ ਕੰਠ ਕੀਤੀ ਹੈ ਤਾ ਉਸ ਵੇਲੇ ਉਹ ਇਸ ਤੋਂ ਲਾਭ ਪ੍ਰਾਪਤ ਤਾਂ ਕਰਨਗੇ ਹੀ, ਸਗੋਂ ਬਾਣੀ ਨਾਲ ਜੁੜੇ ਰਹਿਣਗੇ ਤੇ ਟੁੱਟਣਗੇ ਨਹੀਂ। ਇਹ ਠੀਕ ਹੈ ਕਿ ਸਾਨੂੰ ਪਾਠ ਬੈਠ ਕੇ, ਠਹਿਰਾ ਕੇ ਅਤੇ ਵਿਚਾਰ ਕੇ ਕਰਨਾ ਚਾਹੀਦਾ ਹੈ, ਪਰ ਜੇ ਕਦੀ ਐਸਾ ਸਮਾਂ ਆ ਜਾਏ ਕਿ ਪਾਠ ਦਾ ਸਮਾਂ ਸਫ਼ਰ ਜਾਂ ਡਿਊਟੀ ਆਦਿ ਦੌਰਾਨ ਆ ਜਾਏ ਤਾਂ ਇਹ ਪਵਿੱਤਰ ਨੇਮ ਟੁੱਟੇਗਾ ਨਹੀਂ।

ਬਾਣੀ ਕੰਠ ਕਰਨ ਦਾ ਇਕ ਹੋਰ ਮਹਾਤਮ ਹੈ। ਇਕ ਤਰੀਕਾ ਹੈ ਵਸਤਾਂ ਨੂੰ ਭੌਤਿਕ ਤਰੀਕੇ ਨਾਲ ਆਪਣੇ ਅੰਦਰ ਲਿਜਾਣ ਦਾ, ਭਾਵ, ਜਿਸ ਵਸਤੂ ਨੂੰ ਸੇਵਨਾ ਹੈ, ਖਾਣਾ ਹੈ, ਉਹ ਮੂੰਹ ਵਿਚ ਪਾਈ ਜਾਏ, ਗਲੇ ਤੋਂ ਲੰਘਾਈ ਜਾਏ ਤੇ ਫੇਰ ਅੰਦਰ ਪੁੱਜ ਕੇ ਸੰਮਿਲਤ ਹੋ ਕੇ ਰਚ-ਮਿਚ ਕੇ ਖ਼ੂਨ ਦਾ ਹਿੱਸਾ ਬਣ ਜਾਏ। ਬਿਲਕੁਲ ਏਸੇ ਤਰ੍ਹਾਂ ਮੂੰਹੋਂ ਪੜ੍ਹੀ ਬਾਣੀ, ਕੰਠ ਤੋਂ ਉਤਰੀ ਬਾਣੀ, ਅੰਦਰ ਗਈ ਬਾਣੀ, ਖ਼ੂਨ ਵਿਚ ਰਚੀ ਬਾਣੀ ਸਾਡੇ ਚਾਲ-ਚਲਨ ਦਾ ਕੇਵਲ ਹਿੱਸਾ ਹੀ ਨਹੀਂ ਬਣ ਜਾਏਗੀ ਸਗੋਂ ਸਾਡਾ ਸੰਚਾਲਨ ਵੀ ਕਰੇਗੀ। ਸੋ, ਬਾਣੀ ਕੰਠ ਕਰਨਾ ਇਸ ਲਈ ਹੀ ਸਤਿਗੁਰੂ ਨੇ ਬਖਸ਼ਿਸ਼ ਕਰ ਕੇ ਹੁਕਮਾਂ ਵਿਚ ਸ਼ਾਮਲ ਕੀਤਾ ਹੈ।

ਇਹ ਬਹਾਨੇ ਹਨ ਕਿ ਬਾਣੀ ਯਾਦ ਨਹੀਂ ਹੁੰਦੀ ਜੀ, ਸਮਾਂ ਨਹੀਂ ਹੈ ਜੀ। ਦਰਅਸਲ ਗੱਲ ਇਹ ਹੈ ਕਿ ਅਜੋਕਾ ਮਾਨਵੀ ਮਨ ਜਾਂ ਬਾਲਕ ਦਾ ਮਨ, ਉਧਰ ਝੁਕਾਅ ਹੀ ਨਹੀਂ ਰਖਦਾ, ਉਹਦੇ ਵਾਸਤੇ ਉਹਨੂੰ ਪ੍ਰੇਰਿਆ ਹੀ ਨਹੀਂ ਜਾਂਦਾ। ਅੱਜ ਦੇ ਸਾਇੰਸਦਾਨ ਜੋ ਜੈਨੇਟਿਕ ਇੰਜੀਨੀਅਰਿੰਗ ਤੇ ਕੰਮ ਕਰ ਰਹੇ ਹਨ, ਉਹ ਕਹਿੰਦੇ ਹਨ ਕਿ ਵਸਤ ਅਕਾਲ ਪੁਰਖ ਵੱਲੋਂ ਅੰਦਰ ਹੀ ਰੱਖੀ ਹੋਈ ਹੈ ਤੇ ਇਸ ਸਬੰਧੀ 80 ਪ੍ਰਤੀਸ਼ਤ ਕਾਰਜ ਪ੍ਰਕ੍ਰਿਤੀ ਨੇ ਪਹਿਲਾਂ ਹੀ ਸੰਪੰਨ ਕੀਤਾ ਹੋਇਆ ਹੈ। 10-20 ਪ੍ਰਤੀਸ਼ਤ ਕੋਸ਼ਿਸ਼ ਅਸਾਂ ਕਰਨੀ ਹੈ। ਇਸ ਦਾ ਮਤਲਬ ਹੈ ਜੇ ਬਾਣੀ ਕੰਠ ਨਹੀਂ ਕੀਤੀ ਜਾ ਰਹੀ ਤਾਂ ਅਸੀਂ ਅਵੇਸਲੇ ਹਾਂ, ਵਿਹਲ-ਪਸੰਦ ਹਾਂ, ਬੇਧਿਆਨੇ ਹਾਂ। ਗੁਰਬਾਣੀ ਤਾਂ ਬੜੇ ਪਿਆਰ ਨਾਲ ਸਾਨੂੰ 'ਹਰਾਮਖੋਰ' ਤਕ ਕਹਿੰਦੀ ਹੈ। ਜੇ ਇਕ ਪੰਜਵੀਂ ਸਤਵੀਂ ਜਮਾਤ 'ਚ ਪੜ੍ਹਦੇ ਬੱਚੇ ਨੂੰ ਪਤਾ ਹੈ ਕਿ ਫ਼ਿਲਮ ਐਕਟਰ ਗੁਲਜ਼ਾਰ ਜਿਹਲਮ ਦਾ ਜੰਮਪਲ ਹੈ, ਉਸ ਦੀ ਵਹੁਟੀ ਰਾਖੀ ਬੰਗਾਲ ਦੀ ਹੈ ਅਤੇ ਉਹਨਾਂ ਤੋਂ ਜੰਮੀ ਬੇਟੀ ਮੇਘਨਾ ਦਾ ਨਾਂ ਉਹਨਾਂ ਨੇ ਬੰਗਲਾ ਦੇਸ਼ ਵਿਚ ਰਹਿ ਗਈ ਨਦੀ ਦੇ ਨਾਮ ਉਤੇ ਰੱਖਿਆ ਹੈ ਤਾਂ ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਨੂੰ ਆਪਣੇ ਬਹੁਮੁੱਲੇ ਵਿਰਸੇ ਬਾਰੇ ਕੁਝ ਵੀ ਨਹੀਂ ਪਤਾ। ਹੋਰ ਧਾਰਮਿਕ ਸਾਹਿਤ ਤੇ ਇਤਿਹਾਸ ਤਾਂ ਦੂਰ ਦੀ ਗੱਲ, ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਵੀ ਨਹੀਂ ਆਉਂਦੀਆਂ।

ਇਹ ਤੱਥ ਬੜਾ ਚਕ੍ਰਿਤ ਕਰਦੇ ਹਨ, ਭੁਚੱਕਾ ਕਰ ਦਿੰਦੇ ਹਨ। ਪਰ ਫਿਰ ਵੀ ਇਹੀ ਕਹਿਣਾ ਬਣਦਾ ਹੈ ਕਿ ਇਹ ਬਹਾਨੇ ਬਾਜ਼ੀ ਹੈ, ਸਿਰਫ਼ ਬਹਾਨੇਬਾਜ਼ੀ! ਜੇ ਕੁਝ ਹੋਰ ਹੈ ਤਾਂ ਉਹ ਧੋਖਾਦੇਹੀ ਹੈ ਜੋ ਅਸੀਂ ਕਿਸੇ ਨੂੰ ਨਹੀਂ, ਆਪਣੇ ਆਪ ਨੂੰ ਦੇ ਕੇ, ਆਪਣੇ ਆਪ ਨੂੰ, ਆਪਣੇ ਅਸਲੇ ਤੋਂ ਦੂਰ ਕਰ ਰਹੇ ਹਾਂ।

ਇਕ ਬੜੀ ਮਜ਼ੇਦਾਰ ਗੱਲ ਹੈ ਕਿ ਜਿਹੜੇ ਅਸਲੇ ਨੂੰ ਛੱਡ ਕੇ ਔਝੜ ਪਏ ਜਾਂ ਗਵਾਚੇ ਹੋਏ ਹਨ, ਉਨ੍ਹਾਂ ਦਾ ਹਾਲ ਇੰਜ ਹੀ ਹੈ ਜਿਵੇਂ ਗਲ ਵਿਚ ਫਾਹੀ ਪਈ ਹੋਵੇ ਜਾਂ ਗੁਲਾਮੀ ਦੀਆਂ ਜ਼ੰਜੀਰਾਂ ਪਈਆਂ ਹੋਣ ਪਰ ਜਿਨ੍ਹਾਂ ਗਲਿਆਂ ਵਿਚ, ਜਿਨ੍ਹਾਂ ਕੰਠਾਂ ਵਿਚ ਬਾਣੀ ਹੈ, ਉਹਨਾਂ ਦੇ ਕੰਠਾਂ ਵਿਚ ਇਹ ਜੰਜੀਰਾਂ ਨਹੀਂ ਪੈ ਸਕਦੀਆਂ। ਕੰਠ ਇਕੋ ਹੀ ਹੈ ਭਾਵੇਂ ਉਸ ਕੰਠ ਵਿਚ ਗੁਰਬਾਣੀ ਰੱਖ ਲਈ ਜਾਵੇ ਤੇ ਭਾਵੇਂ ਉਸ ਕੰਠ ਵਿਚ ਜੰਜੀਰਾਂ ਪਾ ਲਈਆਂ ਜਾਣ। ਗੁਰੂ ਉਹਨਾਂ ਦੇ ਬਲਿਹਾਰਨੇ ਜਾਂਦਾ ਹੈ ਜਿਨ੍ਹਾਂ ਨੇ ਗੁਰਬਾਣੀ ਕੰਠ ਵਿਚ ਰੱਖ ਕੇ ਉਸ ਨੂੰ ਹਿਰਦੇ ਵਿਚ ਧਾਰਨ ਦਾ ਧਿਆਨ ਕੀਤਾ ਹੈ -

*ਕੰਠੇ ਮਾਲਾ ਜਿਹਵਾ ਰਾਮੁ ॥*
*ਸਹੰਸ ਨਾਮੁ ਲੈ ਲੈ ਕਰਉ ਸਲਾਮੁ ॥* *ਅੰਗ- ੪੭੯*

ਹਿਰਦੇ ਵਿਚ ਵਸਿਆ ਨਾਮ ਜੀਭਾ 'ਤੇ ਆਏਗਾ। ਜੀਭ ਉਤੇ ਜੋ ਨਾਮ ਹੈ ਇਹੀ ਗਲੇ ਦੀ ਮਾਲਾ ਵਾਂਗ ਹੈ।

ਹਰੀ ਰਾਏ ਦੇ ਕੰਠ ਲੱਗਣ ਲਈ, ਮੋਤੀਆਂ, ਮਣੀਆਂ, ਹੀਰਿਆਂ, ਰੁਦਰਾਖ ਜਾਂ ਉੱਨ ਦੀ ਮਾਲਾ ਪਾਉਣ ਦੀ ਲੋੜ ਨਹੀਂ, ਬਲਕਿ ਬਾਣੀ ਹੀ ਕੰਠ ਵਿਚ ਰੱਖਣ ਦੀ ਲੋੜ ਹੈ। ਜਦੋਂ ਬਾਣੀ ਸਾਡਾ ਅੰਗ ਬਣ ਕੇ ਸਾਡੇ ਕੰਠ ਪਵੇਗੀ ਤਾਂ ਗੁਰੂ ਪਾਤਸ਼ਾਹ ਸਾਨੂੰ ਆਪਣੇ ਕੰਠ ਲਾ ਦੇਣਗੇ -

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥*
*ਅੰਗ - ੧੩੫*

ਮਹੀਨੇ ਪੋਹ ਵਰਗੀ ਸਿਥਲਤਾ ਜ਼ਿੰਦਗੀ ਵਿਚੋਂ ਹਟ ਜਾਂਦੀ ਹੈ, ਜਦੋਂ ਹਰੀ ਅਕਾਲ-ਰੂਪੀ ਗੁਰੂ-ਸਰੂਪ ਗੁਰਬਾਣੀ ਕੰਠ ਵਿਚ ਹੁੰਦੀ ਹੈ।

ਗੁਰੂ ਕ੍ਰਿਪਾ ਕਰੇ, ਉੱਦਮ ਬਖਸ਼ੇ, ਬਾਣੀ ਕੰਠਾਗਿਰ ਹੋਵੇ, ਹਿਰਦੇ ਧਾਰਨ ਹੋਵੇ ਤੇ ਸਹਿਜ ਸੁੱਖ ਪ੍ਰਾਪਤ ਹੋਵੇ।

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

*ਸਿੰਘ ਸਾਹਿਬ ਗਿਆਨੀ ਮਨੀ ਸਿੰਘ*

ਵਾਰ ੪

੪. (ਚੀਚੀ ਅੰਗੁਲੀ ਆਦਿ ਦਾ ਦ੍ਰਿਸ਼ਟਾਂਤ)

੧. ਲਹੁੜੀ ਹੋਇ ਚੀਚੁੰਗਲੀ ਪੇਧੀ ਛਾਪਿ ਮਿਲੀ ਵਡਿਆਈ।
੨. ਲਹੁੜੀ ਘਨਹਰ ਬੂੰਦ ਹੋਇ ਪਰਗਟੁ ਮੋਤੀ ਸਿਪ ਸਮਾਈ।
੩. ਲਹੁੜੀ ਬੂਟੀ ਕੇਸਰੈ ਮਥੈ ਟਿਕਾ ਸੋਭਾ ਪਾਈ।
੪. ਲਹੁੜੀ ਪਾਰਸ ਪਥਰੀ ਅਸਟ ਧਾਤੁ ਕੰਚਨ ਕਰਵਾਈ।
੫. ਜਿਉ ਮਣਿ ਲਹੁੜੇ ਸਪ ਸਿਰਿ ਦੇਖੈ ਲੁਕਿ ਲੁਕਿ ਲੋਕ ਲੁਕਾਈ।
੬. ਜਾਣਿ ਰਸਾਇਣ ਪਾਰਿਅਹੁ ਰਤੀ ਮੁਲਿ ਨ ਜਾਇ ਮੁਲਾਈ।
੭. ਆਪੁ ਗਵਾਇ ਨ ਆਪੁ ਗਣਾਈ॥

ਪਦਾਰਥ - ਲਹੁੜੀ=ਨਿੱਕੀ। ਸੋਭਾ=ਵਡਿਆਈ। ਪੱਥਰੀ=ਗੀਟ੍ਹੀ। ਲੁਕਾਈ=ਸ੍ਰਿਸ਼ਟੀ।

ਅਰਥ - 1. ਜਿਵੇਂ ਨਿੱਕੀ ਚੀਚੀ ਅੰਗੁਲੀ ਨੂੰ ਛਾਪਾ ਪਾਉਣ ਦੀ ਵਡਿਆਈ ਮਿਲਦੀ ਹੈ। 2. ਨਿੱਕੀ ਬੱਦਲ ਦੀ ਬੂੰਦ ਹੋ ਕੇ ਸਿੱਪ ਵਿਚ (ਜਦ) ਸਮਾਉਂਦੀ ਹੈ, ਪ੍ਰਗਟ ਮੋਤੀ ਹੋ ਕੇ (ਨਿਕਲਦੀ) ਹੈ। 3. ਕੇਸਰ ਦੀ ਬੂਟੀ ਨਿੱਕੀ ਹੋਈ ਤਾਂ ਮੱਥੇ ਵਿਚ ਟਿੱਕਾ ਹੋ ਕੇ ਵਡਿਆਈ ਪਾਈ। 4. ਨਿੱਕੀ ਪਾਰਸ ਦੀ ਗੀਟੀ ਅੱਠਾਂ ਧਾਤਾਂ ਨੂੰ ਸੋਨਾ ਕਰਦੀ ਹੈ। 5. ਜਿੱਕੂੰ ਮਣੀ ਸੱਪ ਦੇ ਸਿਰ ਵਿਖੇ ਨਿੱਕੀ ਹੁੰਦੀ ਹੈ, ਉਸ ਨੂੰ ਲੁਕ-ਲੁਕ ਕੇ ਸ੍ਰਿਸ਼ਟੀ ਦੇ ਲੋਕ ਦੇਖਦੇ ਹਨ। 6. ਪਾਰੇ ਦੀ ਰਸਾਇਣ ਥੋਂ ਜੋ ਰਤੀ ਬਣਦੀ ਹੈ (ਕਿਸੇ) ਮੁੱਲ ਨਾਲ ਨਹੀਂ ਬਰਾਬਰੀ ਕਰਦੀ (ਭਾਵ ਅਮਲੋਕ ਚੀਜ਼ ਹੋ ਜਾਂਦੀ ਹੈ। 7. ਜੋ ਆਪਾ ਭਾਵ ਗਵਾਉਂਦੇ ਹਨ (ਉਹ) ਆਪਣਾ ਆਪ ਨਹੀਂ ਗਿਣਾਉਂਦੇ।

ਭਾਵ ਚੀਚੀ, ਸ੍ਵਾਂਤਿ ਬੂੰਦ, ਕੇਸਰ, ਪਾਰਸ, ਮਣੀ, ਰਸਾਇਣ ਦੇ ਦ੍ਰਿਸ਼ਟਾਂਤ ਤੋਂ ਨਿੰਮ੍ਰਤਾ ਦਾ ਉਪਦੇਸ਼ ਹੈ ਕਿ ਸਿੱਖ ਐਉਂ ਨੀਵਾਂ ਹੋਵੇ, ਦਿਲੋਂ ਨਿਮਾਣਾ ਬਣੇ।

੫. (ਅੱਗ ਅਤੇ ਜਲ ਤੋਂ ਨਿੰਮ੍ਰਤਾ)

੧. ਅਗ ਤਤੀ ਜਲੁ ਸੀਅਲਾ ਕਿਤੁ ਅਵਗੁਣਿ ਕਿਤੁ ਗੁਣ ਵੀਚਾਰਾ।
੨. ਅਗੀ ਧੂਆਂ ਧਉਲਹਰ ਜਲੁ ਨਿਰਮਲ ਗੁਰ ਗਿਆਨ ਸੁਚਾਰਾ।
੩. ਕੁਲ ਦੀਪਕੁ ਬੈਸੰਤਰਹੁ, ਜਲ ਕੁਲ ਕਵਲ ਵਡੇ ਪਰਵਾਰਾ।
੪. ਦੀਪਕ ਹੇਤ ਪਤੰਗ ਦਾ ਕਵਲ ਭਵਰ ਪਰਗਟੁ ਪਾਹਾਰਾ।
੫. ਅਗੀ ਲਾਟ ਉਚਾਟ ਹੈ ਸਿਰੁ ਉਚਾ ਕਰਿ ਕਰੈ ਕੁਚਾਰਾ।
੬. ਸਿਰੁ ਨੀਵਾਂ ਨੀਵਾਣ ਵਾਸੁ ਪਾਣੀ ਅੰਦਰਿ ਪਰਉਪਕਾਰਾ।
੭. ਨਿਵ ਚਲੈ ਸੋ ਗੁਰੂ ਪਿਆਰਾ।

ਪਦਾਰਥ - ਤੱਤੀ=ਗਰਮ। ਸੀਅਲਾ=ਠੰਡਾ। ਧਉਲਹਰ=ਮੰਦਰ। ਕੁਲ=ਸਮੂਹ। ਪਹਾਰਾ=ਸੰਸਾਰ। ਉਚਾਟ=ਘਬਰਾਹਟ।

ਅਰਥ - 1. ਅੱਗ ਕਿਸ ਅਵਗੁਣ ਕਰਕੇ ਤੱਤੀ (ਭਾਵ ਤਮੋਗੁਣੀ ਹੈ ਅਤੇ) ਜਲ ਕਿਸ ਗੁਣ ਕਰਕੇ

ਸੀਤਲ ਭਾਵ ਸਤੋਗੁਣੀ ਹੈ? 2. ਅੱਗ ਮੰਦਰ ਨੂੰ ਕਿਉਂ ਧੂੰਆਂ ਕਰਦੀ (ਭਾਵ ਮੈਲਾ ਕਰਦੀ ਹੈ) ਤੇ ਪਾਣੀ ਕਿਉਂ ਨਿਰਮਲ ਕਰਦਾ ਹੈ? ਗੁਰੂ ਦੇ ਗਿਆਨ ਨਾਲ ਏਸਦਾ ਵੀਚਾਰ ਕਰੋ। 3. ਅੱਗ ਦੀ ਕੁਲ ਦਾ ਬਲਿਆ ਹੋਇਆ ਦੀਵਾ ਛੋਟਾ ਤੇ ਬੁਝਿਆ ਹੋਇਆ ਵੱਡਾ ਕਹਿੰਦੇ ਹਨ) ਤੇ ਜਲ ਦੀ ਕੁਲ ਕਵਲ ਫੁਲ ਦੋਹਾਂ ਦੇ ਵੱਡੇ ਪਰਿਵਾਰ ਹਨ। 4. ਦੀਵੇ ਵਿਚ ਪਤੰਗ ਦਾ ਪਿਆਰ ਹੈ ਤੇ ਕਵਲਾਂ ਵਿਖੇ ਭੌਰਿਆਂ ਦਾ ਪਿਆਰ ਹੈ, ਪਰ ਸੰਸਾਰ ਵਿਖੇ ਪ੍ਰਗਟ ਹੈ ਕਿ ਪਤੰਗ ਦੀਵੇ ਤੇ ਸੜ ਮਰਦਾ ਹੈ, ਤੇ ਭੌਰਾ ਮਸਤ ਹੋ ਕੇ ਗੁੰਜਾਰ ਕਰਦਾ ਹੈ। 5. ਅੱਗ ਦੀ ਲਾਟ ਵਿਖੇ ਘਬਰਾਹਟ ਹੈ ਕਿਉਂ ਜੋ ਸਿਰ ਉੱਚਾ ਕਰਕੇ ਕੁਕਰਮ ਕਰਦੀ ਹੈ ਭਾਵ ਜਿਸ ਨੂੰ ਲੱਗੇ, ਸਾੜ ਦੇਂਦੀ ਹੈ। 6. ਪਾਣੀ ਦਾ ਸਿਰ ਨੀਵਾਂ ਹੈ ਤੇ ਨੀਵੇਂ ਥਾਉਂ ਪਰ ਵਾਸ ਕਰਦਾ ਹੈ ਇਉਂ ਪਾਣੀ ਵਿਚ ਪਰਉਪਕਾਰ ਹੈ। 7. ਜੋ ਨਿਵਕੇ ਚਲਦਾ ਹੈ ਉਹ (ਸਿੱਖ) ਗੁਰੂ ਨੂੰ ਪਿਆਰਾ ਹੈ।

ਭਾਵ - ਜਲ ਤੇ ਅੱਗ ਤੋਂ ਉਪਦੇਸ਼ ਕੱਢਿਆ ਹੈ। ਇਸੇ ਤਰ੍ਹਾਂ ਦੇ ਉਪਦੇਸ਼ 'ਨਿਆਸ ਦੀ ਯੁਕਤੀ' ਨਹੀਂ ਹੁੰਦੇ ਪਰ ਇਹ ਉਦਾਹਰਨਾਂ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਜਗਿਆਸੂ ਨੂੰ ਸਮਝਾਉਣ ਵਾਸਤੇ ਉਪਦੇਸ਼ ਕੱਢੇ ਜਾਂਦੇ ਹਨ। ਇਹ ਕਈ ਵੇਰ ਅੰਨਯੋਕਤੀ ਅਲੰਕਾਰ ਦੀ ਸ਼ਕਲ ਵਿਚ, ਕਈ ਵੇਰ ਦ੍ਰਿਸ਼ਟਾਂਤ ਦੀ ਸ਼ਕਲ ਵਿਚ, ਕਈ ਵੇਰ ਕਿਸੇ ਹੋਰ ਅਲੰਕਾਰ ਦੁਆਰਾ ਕਵੀ ਜਨ ਵਰਣਨ ਕਰਦੇ ਹਨ। ਹੁੰਦੇ ਇਹ ਸੱਚ ਹਨ, ਪਰ ਕਾਵਯ ਦੀ ਯੁਕਤੀ ਅਰ ਅਲੰਕਾਰ ਜੁਦਾ-ਜੁਦਾ ਚੀਜ਼ਾਂ ਹਨ। ਦੋਵੇਂ ਉਪਮਾ ਯੋਗ ਹਨ, ਪਰ ਕਈ ਘੱਟ ਪੜ੍ਹੇ ਲੋਕ ਦੋਹਾਂ ਦਾ ਫਰਕ ਨਾ ਜਾਣ ਕੇ ਸਭਾ ਵਿਚ ਮਾਨ ਭੰਗ ਪ੍ਰਾਪਤ ਕਰਦੇ ਹਨ।

ਭਾਈ ਗੁਰਦਾਸ ਜੀ ਦੀ ਵਾਕਫੀਅਤ ਤੇ ਬਾਰੀਕਬੀਨੀ ਬੜੀ ਅਜੀਬ ਹੈ। ਹੰਕਾਰੀ ਆਦਮੀ ਲੋਕਾਂ ਦੇ ਦਿਲ ਸਾੜਦੇ ਹਨ ਤੇ ਨਿੰਮ੍ਰਤਾ ਵਾਲੇ ਠੰਢਾ ਕਰਦੇ ਹਨ। ਇਸ ਸੁਭਾਵ ਦੇ ਦ੍ਰਿਸ਼ਟਾਂਤ ਲਈ ਅੱਗ ਤੇ ਪਾਣੀ ਲੱਭਾ ਹੈ। ਅੱਗ ਦੀ ਲਾਟ ਦਾ ਉਚਿਆਂ ਜਾਣਾ ਉਸ ਦੀ ਹੰਕਾਰ ਨਾਲ ਉਪਮਾ ਤੇ ਜਲ ਦਾ ਨਿਵਾਣ ਵੱਲ ਰੁਖ ਕਰਨਾ ਉਸ ਦੀ ਨਿਮ੍ਰਤਾ ਦੀ ਉਪਮਾ ਲੈ ਕੇ ਦ੍ਰਿਸ਼ਟਾਂਤ ਬੰਨ੍ਹ ਦਿਤਾ ਹੈ।

### ੬. ਮਜੀਠ-ਕਸੁੰਭੇ ਤੋਂ ਉਪਦੇਸ਼

੧. ਰੰਗ ਮਜੀਠ ਕਸੁੰਭ ਦਾ ਕਚਾ ਪਕਾ ਕਿਤੁ ਵੀਚਾਰੇ।
੨. ਧਰਤੀ ਉਖਣਿ ਕਢੀਐ ਮੂਲ ਮਜੀਠ ਜੜੀ ਜੜ ਤਾਰੇ।
੩. ਉਖਲ ਮੁਹਲੇ ਕੁਟੀਐ ਪੀਹਣਿ ਪੀਸੈ ਚਕੀ ਭਾਰੇ।
੪. ਸਹੈ ਅਵਟਣੁ ਅਗਿ ਦਾ ਹੋਇ ਪਿਆਰੀ ਮਿਲੈ ਪਿਆਰੇ।
੫. ਪੋਹਲੀਅਹੁ ਸਿਰੁ ਕਢਿਕੈ ਫੁਲੁ ਕਸੁੰਭ ਚਲੁੰਭ ਖਿਲਾਰੇ।
੬. ਖਟ ਤੁਰਸੀ ਦੇ ਰੰਗੀਐ ਕਪਟ ਸਨੇਹੁ ਰਹੈ ਦਿਹ ਚਾਰੇ।
੭. ਨੀਵਾ ਜਿਣੈ ਉਚੇਰਾ ਹਾਰੇ॥

ਪਦਾਰਥ - ਉਖਣਿ=ਪੁੱਟਣਾ। ਜੜਤਾਰੇ=ਜੜਤੀ। ਉਖਲ=ਚੱਟੂ। ਪੀਹਣਿ=ਚੱਕੀ ਵਾਲਾ। ਅਵਟਣੁ=ਉਬਾਲੇ। ਪੋਹਲੀਅਹੁ=ਡੋਡੀਆਂ ਤੋਂ। ਚਲੁੰਭ=ਗਾੜ੍ਹਾ ਰੰਗ।

ਅਰਥ - 1. ਮਜੀਠ ਤੇ ਕਸੁੰਭੇ ਦਾ ਰੰਗ ਕਿਸ ਵੀਚਾਰ ਕਰਕੇ ਪੱਕਾ ਤੇ ਕੱਚਾ ਹੈ। 2. ਮਜੀਠ ਧਰਤੀ ਨੂੰ ਪੁੱਟ ਕੇ ਕੱਢੀਦੀ ਹੈ, ਮਜੀਠ ਦਾ ਮੁੱਢ ਜੜਤੀ ਨਾਲ ਜੜਿਆ ਹੁੰਦਾ ਹੈ। 3. ਚੱਟੂ ਵਿਚ ਪਾ ਕੇ ਮੋਹਲੇ ਨਾਲ ਕੁੱਟੀਦੀ ਹੈ। ਫੇਰ ਪੀਹਣ ਵਾਲਾ ਚੱਕੀ ਦੇ ਭਾਰ ਨਾਲ ਪੀਸਦਾ ਹੈ। 4. ਅੱਗ ਦੇ ਉਬਾਲੇ ਸਹਾਰਦੀ ਹੈ। ਫੇਰ ਪਿਆਰੀ ਹੋ ਕੇ ਪਿਆਰੇ ਨਾਲ ਮਿਲਦੀ ਹੈ। ਪੋਡੰਡੀਆਂ ਥੋਂ ਸਿਰ ਕੱਢ ਕੇ ਕੁਸੰਭੇ ਦਾ ਫੁੱਲ ਗਾੜ੍ਹਾ ਰੰਗ ਦਸਦਾ ਹੈ। 6. ਖੱਟਿਆਂ ਦੀ ਖਟਿਆਈ ਪਾ ਕੇ ਰੰਗੀਦਾ ਹੈ, ਝੂਠਾ ਪ੍ਰੇਮ ਚਾਰ ਦਿਨ ਹੀ ਰਹਿੰਦਾ ਹੈ (ਭਾਵ ਰੰਗ ਕੱਚਾ ਹੋਣ ਕਰਕੇ ਰਹਿੰਦਾ ਨਹੀਂ।) 7. ਨਿਮ੍ਰੰਤਾ ਵਾਲਾ ਜਿੱਤ ਜਾਂਦਾ ਹੈ ਤੇ ਉੱਚਾ ਹੋਣ ਵਾਲਾ ਹਾਰ ਜਾਂਦਾ ਹੈ।

# ਸੇਵਾ ਦੇ ਪੁੰਜ ਸਤਿਗੁਰੂ ਅਮਰਦਾਸ ਜੀ

*ਗਿ: ਜਸਵੰਤ ਸਿੰਘ ਪ੍ਰਵਾਨਾ*

ਸ੍ਰੀ ਗੁਰੂ ਅਮਰਦਾਸ ਜੀ ਬਾਰੇ ਜੋ ਵਿਦਵਾਨਾਂ ਨੇ ਲਿਖਿਆ ਹੈ ਜਦੋਂ ਵੀ ਪੜ੍ਹੀਏ ਹਰ ਵਿਦਵਾਨ ਉਨ੍ਹਾਂ ਦੀ ਕੀਤੀ ਸੇਵਾ ਬਾਰੇ ਜ਼ਰੂਰ ਲਿਖਦਾ ਹੈ। ਸੇਵਾ ਬਾਰੇ ਉਨ੍ਹਾਂ ਇਕ ਖਾਸ ਨੁਕਤਾ ਆਪ ਵੀ ਬਾਣੀ ਵਿਚ ਲਿਖਿਆ ਹੈ ਕਿ ਉਹ ਕੀਤੀ ਹੋਈ ਸੇਵਾ ਸਫਲ ਹੁੰਦੀ ਹੈ ਜਿਸ ਨਾਲ ਗੁਰੂ ਦਾ ਮਨ ਮੰਨ ਜਾਏ -

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥*

*ਅੰਗ- ੩੧੪*

ਸੇਵਾ ਦਾ ਅਰਥ ਜੇ ਅਸੀਂ ਕੰਮ-ਕਾਰ ਹੀ ਲੈਣਾ ਹੈ, ਜੇ ਸੇਵਾ ਦਾ ਭਾਵ ਪਾਣੀ ਢੋਣਾ ਹੀ ਹੁੰਦਾ ਫਿਰ ਸੰਸਾਰ ਵਿਚ ਪਾਣੀ ਢੋਣ ਵਾਲੇ ਤਾ ਵਿਚਾਰੇ ਐਸੇ ਵੀ ਹਨ ਜਿਨ੍ਹਾਂ ਦਾ ਖਾਨਦਾਨੀ ਕਿੱਤਾ ਸੀ ਪਾਣੀ ਢੋਣਾ। ਨਗਰਾਂ ਵਿਚ ਮੈਂ ਆਪ ਵੇਖਿਆ ਹੈ, ਇਕ ਨਗਰ ਵਿਚ ਇਕ ਖੂਹੀ ਹੁੰਦੀ ਸੀ ਜਾਂ ਦੋ। ਦੋ ਤਾਂ ਜੇ ਨਗਰ ਵਿਚ ਅਛੂਤ ਹੋਣ ਤਾਂ ਇਕ ਉਨ੍ਹਾਂ ਦੀ ਵੱਖਰੀ ਖੂਹੀ ਹੁੰਦੀ ਸੀ। ਉੱਚ ਜਾਤੀ ਦੇ ਲੋਕ ਉਨ੍ਹਾਂ ਗਰੀਬਾਂ ਨੂੰ ਆਪਣੀ ਖੂਹੀ ਤੇ ਨਹੀਂ ਸਨ ਚੜ੍ਹਨ ਦਿੰਦੇ। ਅਛੂਤ ਤਾਂ ਆਪਣਾ ਪਾਣੀ ਆਪ ਭਰਦੇ ਸਨ ਪਰ ਬਾਕੀ ਉੱਚ ਜਾਤੀ ਵਾਲਿਆਂ ਦੇ ਘਰ ਝੀਵਰ ਪਾਣੀ ਭਰਦੇ ਸਨ। ਵਿਚਾਰਿਆਂ ਨੇ ਸਾਡੇ ਨਗਰ ਦੇ ਘਰ-ਘਰ ਵਿਚ ਘੜਿਆਂ ਵਿਚ ਪਾਣੀ ਭਰਨਾ ਹੈ, ਇਹ ਪਾਣੀ ਭਰਦਿਆਂ ਨੂੰ ਮੈਂ ਆਪ ਅੱਖਾਂ ਨਾਲ ਵੇਖਿਆ ਹੈ। ਬਾਬਾ ਅਮਰਦਾਸ ਇਕ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਸਨ। ਝੀਵਰ ਸਵੇਰ ਤੋਂ ਸ਼ਾਮ ਤਕ ਪਾਣੀ ਢੋਂਦਾ ਰਹਿੰਦਾ ਹੈ, ਉਸ ਨੂੰ ਕਿਸੇ ਨੇ ਗੁਰਿਆਈ ਗੱਦੀ ਤੇ ਨਹੀਂ ਬਿਠਾ ਦਿਤਾ। ਕਿਸਾਨਾਂ ਦੇ ਘਰ ਛੇ ਮਹੀਨਿਆਂ ਬਾਅਦ ਜਦੋਂ ਅਨਾਜ ਆਉਂਦਾ ਸੀ, ਉਸ ਕਿਰਤੀ ਨੂੰ ਨੀਯਤ ਕੀਤੇ ਦਾਣੇ ਮਿਲ ਜਾਂਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਦੇ ਮਗਰ ਜਿਥੇ ਤਨ ਦੀ ਘਾਲਣਾ ਹੈ, ਉਥੇ ਮਹਾਨ ਘਾਲਣਾ ਮਨ ਦੀ ਹੈ। ਉਹ ਸਰੀਰ ਨਾਲ ਜੇ ਜਲ ਦੀ ਸੇਵਾ ਕਰ ਰਹੇ ਹਨ ਤਾਂ ਉਨ੍ਹਾਂ ਦਾ ਮਨ ਸਦਾ ਹੀ ਇਕ ਗੁਰੂ ਦੇ ਧਿਆਨ ਵਿਚ ਰਹਿੰਦਾ ਸੀ। ਉਹ ਧਿਆਨ ਸੀ ਸ੍ਰੀ ਗੁਰੂ ਅੰਗਦ ਦੇਵ ਜੀ ਦਾ। ਜਦੋਂ ਦੇ ਉਹ ਖਡੂਰ ਸਾਹਿਬ ਆਏ ਹਨ ਉਨ੍ਹਾਂ ਕਦੀ ਨਹੀਂ ਕਿਹਾ ਕਿ ਪਾਤਸ਼ਾਹ! ਮੈਂ ਘਰੋਂ ਹੋ ਆਵਾਂ, ਪਤਾ ਨਹੀਂ ਬਾਲ ਬੱਚਿਆਂ ਦਾ ਕੀ ਹਾਲ ਹੋਵੇਗਾ? ਸਗੋਂ ਸਤਿਗੁਰੂ ਅੰਗਦ ਦੇਵ ਜੀ ਆਪ ਹੀ ਕਹਿੰਦੇ ਸਨ, ਪੁਰਖਾ! ਜਾਹ, ਜਾ ਕੇ ਪਰਿਵਾਰ ਨੂੰ ਮਿਲ ਕੇ ਆ। ਵੇਖ ਕੇ ਆ ਬੱਚਿਆਂ ਦਾ ਕੀ ਹਾਲ ਹੈ? ਤੇ ਆਪ ਹੀ ਤੋਰਦੇ ਸਨ। ਮਨ ਵਿਚ ਏਨੀ ਖਿੱਚ ਹੁੰਦੀ ਸੀ ਕਿ ਹੁਕਮ ਦੇ ਬੱਧੇ ਜਾਂਦੇ ਸਨ ਤੇ ਬੜੀ ਛੇਤੀ ਫਿਰ ਵਾਪਸ ਆ ਜਾਣਾ। ਗੁਰੂ ਤੋਂ ਬਿਨਾਂ ਉਨ੍ਹਾਂ ਦਾ ਮਨ ਨਹੀਂ ਸੀ ਲਗਦਾ। ਗੁਰੂ ਦੀ ਸੇਵਾ ਤੋਂ ਪਾਸੇ ਹੋ ਕੇ ਉਹ ਜਿਹੜੇ ਵੀ ਸਵਾਸ ਲੈਂਦੇ ਸਨ ਉਨ੍ਹਾਂ ਨੂੰ ਉਹ ਸਵਾਸ ਬਿਰਥਾ ਜਾਪਦੇ ਸਨ। ਆਮ ਕਰਕੇ ਜਦੋਂ ਅਸੀਂ ਸੇਵਾ ਕਰਦੇ ਹਾਂ ਤਾਂ ਸਾਡਾ ਧਿਆਨ ਸਾਡੇ ਆਪਣੇ ਕਰਮ ਵਲ ਹੁੰਦਾ ਹੈ। ਉਹ ਕਰਮ ਤਾਂ ਰੀਝ ਨਾਲ ਚੰਗੇ ਢੰਗ ਨਾਲ ਕਰਦੇ ਹੀ ਸਨ। ਪਰ ਉਨ੍ਹਾਂ ਨੂੰ ਇਹ ਖਿਆਲ ਕਦੀ ਨਹੀਂ ਸੀ ਆਇਆ ਕਿ ਮੈਂ ਕਰਮ ਬੜਾ ਹੀ ਚੰਗਾ ਕਰ ਰਿਹਾ ਹਾਂ ਤੇ ਇਸ ਨੂੰ ਵੇਖ ਕੇ ਗੁਰੂ ਜੀ ਖੁਸ਼ ਹੋ ਜਾਣਗੇ। ਉਨ੍ਹਾਂ ਦੀ ਕਸਵੱਟੀ ਹੋਰ ਸੀ। ਉਹ ਕਰਮ ਕਰਕੇ, ਕਰਮ ਦੀ ਬਜਾਏ ਗੁਰੂ ਜੀ ਵੱਲ ਵੇਖਦੇ ਸਨ ਤੇ ਖ਼ਿਆਲ ਹੁੰਦਾ ਸੀ ਕਿ ਜੇ ਗੁਰੂ ਜੀ ਪ੍ਰਸੰਨ ਹੋ ਗਏ, ਜੇ ਗੁਰੂ ਦਾ ਮਨ ਮੰਨ ਗਿਆ ਤਾਂ ਸੇਵਾ ਠੀਕ ਹੈ। ਜੇ ਗੁਰੂ ਦਾ ਮਨ ਨਾ ਮੰਨਿਆ ਤਾਂ ਸੇਵਾ ਠੀਕ ਨਹੀਂ ਹੋਈ। ਮੇਰੀ ਸਿਆਣਪ ਤੇ ਮੇਰੀ ਘਾਲਣਾ ਕਸਵੱਟੀ ਨਹੀਂ ਬਲਕਿ ਗੁਰੂ ਦੀ ਪ੍ਰਵਾਨਗੀ ਹੀ ਕਸਵੱਟੀ ਹੈ। ਸਿੱਖ ਕਰਮ ਕਰਦਾ ਬਿਬੇਕ ਦਾ ਪੱਲਾ ਨਹੀਂ ਛੱਡਦਾ। ਭੀਲਨੀ ਦੇ ਜੂਠੇ ਬੇਰਾਂ ਦੀ ਕਹਾਣੀ, ਬਿਦਰ ਦੇ ਅਲੂਣੇ ਸਾਗ ਦੀ ਕਹਾਣੀ ਕਿਤੇ ਮਹਾਨ ਪ੍ਰੇਮ ਵਿਚ ਹੋ ਬੀਤੀਆਂ ਘਟਨਾਵਾਂ ਹਨ ਪਰ ਕੋਈ ਅੱਜ ਇਸ ਗੱਲ ਨੂੰ ਆਦਰਸ਼ ਬਣਾ ਲਏ ਕਿ ਕੋਈ ਮਹਾਂਪੁਰਖ ਆਇਆ ਹੈ ਤੇ ਮੈਂ ਉਚੇਰੇ ਤੌਰ 'ਤੇ ਬੇਰ ਲੱਭਾਂ। ਭਾਵੇਂ ਕਾਣੇ ਹੀ ਮਿਲਣ, ਬੇ-ਮੌਸਮੇ ਹੀ ਹੋਣ ਅਤੇ ਫਿਰ ਜੂਠੇ ਕਰਾਂ ਤੇ ਉਸ ਮਹਾਂਪੁਰਖ ਅੱਗੇ ਰੱਖਾਂ ਤੇ ਖੁਸ਼ ਹੋ ਜਾਣਗੇ। ਇਹ ਮਹਾਨ ਭੁੱਲ ਹੋਵੇਗੀ। ਬੇਰ ਤਾਂ ਮਿਲ ਜਾਣਗੇ ਪਰ ਭੀਲਨੀ ਦਾ ਹਿਰਦਾ ਤੇ ਉਹ ਸਮਾਂ ਜੋ ਅਚਾਨਕ ਬਣ ਗਿਆ ਸੀ ਕੋਈ ਕਿਵੇਂ ਬਣਾਏਗਾ? ਕੋਈ ਸਾਗ ਬਣਾਏ ਤੇ ਨਮਕ ਨਾ ਪਾਏ ਕਿ ਮਹਾਂਪੁਰਖ ਖੁਸ਼ ਹੋ ਜਾਣਗੇ। ਹਾਂ ਕੋਈ ਬਲੱਡ ਪ੍ਰੈਸ਼ਰ

ਦਾ ਮਰੀਜ਼ ਹੋਇਆ ਹਾਂ ਜ਼ਰੂਰ ਕਹੇਗਾ ਕਿ ਚੰਗਾ ਕੀਤਾ ਹੈ ਨਮਕ ਨਹੀਂ ਪਾਇਆ। ਮੈਨੂੰ ਡਾਕਟਰ ਨੇ ਰੋਕਿਆ ਹੈ ਮੈਂ ਨਹੀਂ ਖਾਂਦਾ। ਪਰ ਉਹ ਅਵਸਥਾ ਕਿ ਜਿਸ ਵਿਚ ਬਿਦਰ ਨੂੰ ਨਮਕ ਪਾਉਣਾ ਭੁੱਲ ਗਿਆ ਸੀ, ਉਹ ਕਿੱਥੋਂ ਨਸੀਬ ਹੋਵੇਗੀ? ਇਕ ਕਥਾ ਹੈ ਕਿ ਇਕ ਮਾਈ ਜੋ ਬੜੀ ਗਰੀਬ ਸੀ। ਰੱਬ ਨੇ ਦਿਨ ਫੇਰ ਦਿਤੇ ਘਰ ਵਿਚ ਧਨ ਆ ਗਿਆ, ਰੌਣਕ ਹੋ ਗਈ। ਗੁਜ਼ਾਰਾ ਚੰਗਾ ਹੋ ਗਿਆ। ਇਕ ਗੁਆਂਢਣ ਨੇ ਪੁੱਛਿਆ, ਭੈਣ! ਤੇਰੀ ਹਾਲਤ ਬੜੀ ਖਰਾਬ ਸੀ, ਇਹ ਪਾਸਾ ਕਿਵੇਂ ਪਰਤਿਆ ਹੈ? ਉਸ ਨੇ ਕਿਹਾ, ਇਹ ਇਕ ਮਹਾਂਪੁਰਖ ਦੀ ਕ੍ਰਿਪਾ ਹੈ। ਉਹ ਘਰ ਆਏ, ਮੈਂ ਗਰਮ ਪਾਣੀ ਨਾਲ ਹੱਥ ਪੈਰ ਧੁਆਏ। ਰੁੱਖਾ ਮਿੱਸਾ ਜੈਸਾ ਪ੍ਰਸ਼ਾਦਾ ਸੀ, ਛਕਾਇਆ, ਬਸ ਉਹ ਅਰਦਾਸ ਕਰ ਗਏ ਘਰ ਵਿਚ ਗਹਿਮਾ-ਗਹਿਮ ਹੋ ਗਈ। ਬੱਚਿਆਂ ਦੀ ਕਮਾਈ ਵਿਚ ਰੱਬ ਨੇ ਬਰਕਤ ਪਾ ਦਿਤੀ ਹੈ। ਦੂਸਰੀ ਮਾਈ ਨੇ ਵੀ ਉਸ ਮਹਾਂਪੁਰਖ ਨੂੰ ਘਰ ਸੱਦਿਆ। ਗਰਮ ਪਾਣੀ ਉਸ ਦੇ ਹੱਥਾਂ 'ਤੇ ਪਾਇਆ। ਪਾਣੀ ਜ਼ਰਾ ਜ਼ਿਆਦਾ ਹੀ ਗਰਮ ਸੀ। ਉਹ ਨਰਾਜ਼ ਹੋ ਕੇ ਪ੍ਰਸ਼ਾਦਾ ਛੱਡ ਕੇ ਚਲੇ ਗਏ ਤੇ ਜਾਂਦੇ ਕਹਿ ਗਏ। ਤੂੰ ਮੇਰੇ ਨਾਲ ਮਜ਼ਾਕ ਕੀਤਾ ਹੈ, ਰੱਬ ਤੈਨੂੰ ਤੇਰੇ ਕੀਤੇ ਦੀ ਸਜ਼ਾ ਜ਼ਰੂਰ ਦੇਵੇਗਾ। ਕਾਰਨ ਕੀ ਸੀ ਪਹਿਲੀ ਮਾਈ ਨੇ ਗਰਮ ਪਾਣੀ ਠੰਡ ਦੀ ਰੁੱਤ ਵਿਚ ਪੋਹ ਦੇ ਮਹੀਨੇ ਵਿਚ ਵਰਤਿਆ ਸੀ। ਪਰ ਇਸ ਮਾਈ ਨੇ ਗਰਮ ਪਾਣੀ ਗਰਮੀ ਦੀ ਰੁੱਤ ਵਿਚ ਜੇਠ ਦੇ ਮਹੀਨੇ ਵਿਚ ਵਰਤਿਆ ਹੈ। ਸੇਵਾ ਕਰਦਿਆਂ ਸਿੱਖ ਨੇ ਸਿਆਣਪ ਨਾਲ ਸੇਵਾ ਕਰਨੀ ਹੈ, ਵੀਚਾਰ ਨਾਲ ਕਰਨੀ ਹੈ। ਐਸਾ ਨਹੀਂ ਕਰਨਾ ਕਿ ਕੋਈ ਕੜਛੀ ਦਾਲ ਮੰਗੇ ਤੇ ਮੈਂ ਭਰੀ ਬਾਲਟੀ ਹੀ ਉਸ ਦੀ ਥਾਲੀ ਵਿਚ ਉਲਟ ਦੇਵਾਂ। ਵਿਚਾਰੇ ਦਾ ਮੂੰਹ ਸਿਰ ਵੀ ਭਰ ਜਾਵੇ ਤੇ ਕੱਪੜੇ ਵੀ ਤੇ ਮੈਂ ਕਹਾਂ ਮੈਂ ਬੜੇ ਖੁਲ੍ਹੇ ਦਿਲ ਨਾਲ ਸੇਵਾ ਕੀਤੀ ਹੈ। ਸਿਆਣਪ ਤੇ ਵਿਵੇਕ ਦਾ ਪੱਲਾ ਨਹੀਂ ਛੱਡਣਾ ਪਰ ਆਪਣੇ ਕਰਮ ਤੇ ਗੁਮਾਨ ਵੀ ਨਹੀਂ ਕਰਨਾ। ਧਿਆਨ ਹਮੇਸ਼ਾ ਇਹੀ ਰੱਖਣਾ ਹੈ ਕਿ ਗੁਰੂ ਦਾ ਮਨ ਮੰਨਿਆ ਹੈ ਕਿ ਨਹੀਂ। ਗੁਰੂ ਦਾ ਮਨ ਇਸ ਲਈ ਨਹੀਂ ਮੰਨੇਗਾ ਕਿ ਸਿੱਖ ਨੇ ਕੰਮ ਬੜੇ ਕੀਤੇ ਹਨ, ਸਵਾਲ ਇਥੇ ਕਰਮ ਦਾ ਨਹੀਂ, ਸਵਾਲ ਸਾਧਨਾ ਦਾ ਹੈ। ਜਿਸ ਸਾਧਨਾ ਵਾਸਤੇ ਗੁਰੂ ਨੇ ਕਰਮ ਕਰਵਾਏ ਹਨ, ਉਹ ਸਾਧਨਾ ਪੂਰੀ ਹੋਈ ਹੈ ਕਿ ਨਹੀਂ। ਕਰਮ ਕਰਨ ਵਾਲਾ ਆਪਣੇ ਕਰਮ ਨੂੰ ਮਹਾਨ ਸਮਝਦਾ ਹੈ ਜਾਂ ਗੁਰੂ ਦੇ ਹੁਕਮ ਨੂੰ ਮਹਾਨ ਸਮਝਦਾ ਹੈ ਤਾਂ ਫਿਰ ਕਰਮ ਕਰਕੇ ਵੀ ਅਕਰਤਾ ਹੀ ਰਹੇਗਾ। ਉਹ ਕਦੀ ਐਸਾ ਨਹੀਂ ਕਹੇਗਾ ਕਿ ਮੈਂ ਇੰਨੇ ਕੰਮ ਕੀਤੇ ਹਨ ਜਾਂ ਚੰਗੇ ਕੰਮ ਕੀਤੇ ਹਨ। ਤਾਂ ਗੁਰੂ ਦਾ ਮਨ ਮੰਨਿਆ ਹੈ। ਸਗੋਂ ਉਹ ਐਸਾ ਕਹੇਗਾ ਕਿ ਗੁਰੂ ਨੇ ਕਰਵਾਏ ਹਨ। ਕਰਨ ਵਾਲੇ ਨਾਲੋਂ ਕਰਵਾਉਣ ਵਾਲਾ ਵਧੇਰੇ ਸਮਝਦਾ ਹੈ। ਇਸ ਲਈ ਉਸ ਦੀ ਮਿਹਰਬਾਨੀ ਹੈ ਕਿ ਉਸ ਨੇ ਕਰਮ, ਮੇਰੇ ਕੋਲੋਂ ਕਰਵਾਏ ਹਨ। ਉਸ ਨੇ ਤਾਂ ਕਰਵਾਉਣੇ ਹੀ ਸਨ। ਮੈਂ ਨਾ ਮਿਲਦਾ ਤਾਂ ਉਹ ਕਿਸੇ ਹੋਰ ਪਾਸੋਂ ਕਰਵਾ ਲੈਂਦਾ। ਮੈਨੂੰ ਮਾਧਿਅਮ ਚੁਣਿਆ ਹੈ, ਇਹ ਉਸ ਦੀ ਕ੍ਰਿਪਾ ਹੈ। ਐਸੀ ਅਵਸਥਾ ਜਦੋਂ ਸਿੱਖ ਦੀ ਬਣ ਜਾਂਦੀ ਹੈ ਤਾਂ ਮਨ ਸਾਧਿਆ ਜਾਂਦਾ ਹੈ। ਐਸੇ ਸੰਵਰੇ ਹੋਏ ਮਨ ਵਾਲੇ ਸਿੱਖ ਤੇ ਸਤਿਗੁਰੂ ਦਾ ਮਨ ਮੰਨ ਜਾਂਦਾ ਹੈ। ਭਾਵ ਇਹ ਹੈ ਕਿ ਐਸੇ ਸਿੱਖ ਤੇ ਗੁਰੂ ਭਰੋਸਾ ਕਰਦਾ ਹੈ, ਇਤਬਾਰ ਕਰਦਾ ਹੈ। ਵਿਸ਼ਵਾਸ਼ ਕਰਦਾ ਹੈ ਜਿਵੇਂ ਕਿਸੇ ਕਰਤਾ ਨੂੰ ਆਪਣੀ ਕਿਰਤ ਤੇ ਫ਼ਖਰ ਹੁੰਦਾ ਹੈ। ਐਸੇ ਸਿੱਖਾਂ ਉਤੇ ਸਤਿਗੁਰੂ ਵੀ ਮਾਣ ਕਰਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਸੇਵਾ ਕੀਤੀ ਹੈ, ਉਨ੍ਹਾਂ ਸਤਿਗੁਰਾਂ ਵਾਸਤੇ ਜਲ ਦੀ ਸੇਵਾ ਕੀਤੀ ਹੈ, ਪਹਿਲੇ ਆਪ ਇਸ਼ਨਾਨ ਕਰਨਾ ਤੇ ਫਿਰ ਸਤਿਗੁਰੂ ਵਾਸਤੇ ਜਲ ਲਿਆਉਣਾ। ਅੰਦਰਹੁ ਬਾਹਰਹੁ ਨਿਰਮਲ ਹੋ ਕੇ ਸਤਿਗੁਰੂ ਲਈ ਜਲ ਦੀ ਸੇਵਾ ਕਰਨੀ ਦਸਦੀ ਹੈ ਕਿ ਪਵਿੱਤਰਤਾ ਤੇ ਸਫ਼ਾਈ ਨਾਲ ਉਨ੍ਹਾਂ ਦਾ ਬੜਾ ਪਿਆਰ ਸੀ। ਉਨ੍ਹਾਂ ਦਿਨ ਰਾਤ ਇਕ ਕਰਕੇ ਕਰਮ ਕੀਤਾ ਹੈ। ਪਰ ਬਾਣੀ ਵਿਚ ਕਿਤੇ ਆਪਣੇ ਕਰਮ ਦਾ ਜ਼ਿਕਰ ਨਹੀਂ ਕੀਤਾ। ਸਿਰਫ਼ ਸਤਿਗੁਰੂ ਦੀ ਬਖਸ਼ਿਸ਼ ਦਾ ਹੀ ਵਾਰ-ਵਾਰ ਜ਼ਿਕਰ ਕੀਤਾ ਹੈ। ਸੇਵਾ ਕਰਦਿਆਂ ਇਮਤਿਹਾਨ ਦਾ ਦਿਨ ਵੀ ਆ ਗਿਆ। ਸੁਚੇਤ ਹੋ ਕੇ ਸੇਵਾ ਕਰਨ ਵਾਲੇ ਸੇਵਕ ਸਨ, ਆਪ ਬੇਸ਼ੱਕ ਗਿਰ ਗਏ ਪਰ ਪਾਣੀ ਨਹੀਂ ਗਿਰਨ ਦਿਤਾ। ਬੇਸ਼ੱਕ ਉਸ ਬੀਬੀ ਨੇ ਕਿਹਾ ਕਿ ਇਹ ਅਮਰੂ ਨਿਥਾਵਾਂ ਹੀ ਹੋਵੇਗਾ ਜਿਸ ਨੂੰ ਨਾ ਦਿਨੇ ਚੈਨ ਨਾ ਰਾਤ ਚੈਨ ਆਉਂਦਾ ਹੈ। ਪਰ ਆਪ ਨੇ ਲੋਕ-ਲਾਜ ਦੀ ਪ੍ਰਵਾਹ ਨਹੀਂ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅੱਜ ਗੁਰਿਆਈ ਗੱਦੀ ਤੇ ਬਿਠਾ ਦਿਤਾ ਤੇ ਅੱਜ ਸਾਰੀ ਸੰਗਤ ਦੇ ਸਾਹਮਣੇ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬੇ ਅਮਰਦਾਸ ਜੀ ਨੂੰ ਮੱਥਾ ਟੇਕਿਆ ਅਤੇ ਭੇਟਾ ਰੱਖੀ ਅਤੇ ਵਾਰੀ-ਵਾਰੀ ਸਾਰੀਆਂ ਸੰਗਤਾਂ

ਨੇ ਮੱਥਾ ਟੇਕਿਆ। ਅੱਜ ਪੁਰਾਣੀ ਗੱਲ ਯਾਦ ਆ ਗਈ ਕਿ ਆਪਣੇ ਭਰਾ ਦੀ ਨੂੰਹ ਬੀਬੀ ਅਮਰੋ ਨੂੰ ਇਹ ਗੱਲ ਆਖੀ ਸੀ ਕਿ ਬੇਟਾ ਤੇਰਾ ਨਾਂ ਅਮਰੋ ਹੈ ਅਤੇ ਮੇਰਾ ਨਾਂ ਅਮਰਦਾਸ ਹੈ। ਨਾਂ ਤਾਂ ਰਲਦੇ ਹਨ ਪਰ ਬੱਚੀਏ, ਮੰਜ਼ਿਲ ਦਾ ਬੜਾ ਫ਼ਰਕ ਹੈ। ਤੂੰ ਅਮਰ ਹੋ ਚੁੱਕੀ ਹੈਂ ਤੇਰਾ ਨਾਂ ਤਾਂ ਸਫ਼ਲ ਹੋ ਚੁੱਕਾ ਹੈ ਪਰ ਮੈਂ ਅਜੇ ਅਮਰ ਨਹੀਂ ਹੋਇਆ। ਇਸ ਲਈ ਮੇਰਾ ਨਾਂ ਅਜੇ ਸਫ਼ਲ ਨਹੀਂ ਹੋਇਆ। ਅੱਜ ਯਾਦ ਆ ਗਈ ਉਹ ਗੱਲ ਜੋ ਖਡੂਰ ਨੂੰ ਤੁਰਨ ਤੋਂ ਪਹਿਲੇ ਹੋਈ ਸੀ। ਅੱਜ ਬਾਬੇ ਅਮਰਦਾਸ ਦਾ ਨਾਂ ਵੀ ਸਫ਼ਲ ਹੋ ਚੁੱਕਾ ਹੈ। ਅੱਜ ਆਪ ਵੀ ਅਮਰ ਹੋ ਗਏ ਹਨ। ਅੱਜ ਅਮਰਦਾਸ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਹੈ, ਨਿਥਾਵਿਆਂ ਦੀ ਥਾਂ ਹੈ। ਗੁਰੂ ਦਾ ਮਨ ਮੰਨ ਗਿਆ ਹੈ ਗੁਰੂ ਦੇ ਵਿਸ਼ਵਾਸ਼ ਪਾਤਰ ਬਣ ਗਏ ਹਨ। ਗੁਰੂ ਨੇ ਨਿਰਾ ਰਹਿਣ ਲਈ ਹੀ ਥਾਂ ਨਹੀਂ ਦਿਤਾ ਸਗੋਂ ਗੁਰੂ ਨੇ ਅੱਜ ਆਪਣਾ ਅਸਥਾਨ ਹੀ ਦੇ ਦਿਤਾ ਹੈ।

ਸੇਵਾ ਦੀ ਸਾਧਨਾ ਹੀ ਇਹੀ ਹੈ ਕਿ ਸਿੱਖ ਗੁਰੂ ਦਾ ਵਿਸ਼ਵਾਸ਼ ਪਾਤਰ ਬਣ ਸਕੇ, ਮਨ ਮੰਨਣ ਦਾ ਇਹੀ ਭਾਵ ਹੈ ਕਿ ਇਥੇ ਅਤੇ ਅੱਗੇ ਗੁਰੂ ਸਾਡੀ ਜਾਮਨੀ ਭਰ ਸਕੇ, ਗੁਰੂ ਸਾਡੀ ਗਵਾਹੀ ਦੇ ਸਕੇ। ਅਸੀਂ ਜਿਸ ਨੂੰ ਜਾਣਦੇ ਨਹੀਂ ਉਸ ਦੇ ਜਾਮਨ ਵੀ ਨਹੀਂ ਬਣਦੇ। ਜਿਸ ਨੂੰ ਜਾਣਦੇ ਹਾਂ ਜੋ ਭਰੋਸੇ ਯੋਗ ਹੈ, ਉਸ ਦੀ ਜ਼ਮਾਨਤ ਦੇ ਸਕਦੇ ਹਾਂ। ਸਿੱਖ ਵੀ ਉਹ ਭਰੋਸੇਯੋਗ ਹੈ ਜਿਸ ਦੀ ਜ਼ਮਾਨਤ ਗੁਰੂ ਦੇ ਕੇ ਛੁਡਾ ਲਵੇ ਅਤੇ ਜਮਾਂ ਨੂੰ ਨੇੜੇ ਨਾ ਢੁੱਕਣ ਦੇਵੇ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜਾਮਨ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਬਣ ਗਏ ਸਨ। ਇਸੇ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਬਾਬਾ ਅਮਰਦਾਸ ਜੀ ਦੇ ਜਾਮਨ ਬਣ ਗਏ ਸਨ। ਮੁਕਦੀ ਗੱਲ ਕਿ ਬਾਬਾ ਅਮਰਦਾਸ ਜੀ ਦੀ ਸੇਵਾ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮਨ ਮੰਨ ਗਿਆ ਸੀ ਤੇ ਇਸੇ ਵਾਸਤੇ ਆਪਣਾ ਜੋ ਕੁਝ ਵੀ ਸੀ, ਲੁਕਾ ਕੇ ਨਹੀਂ ਰੱਖਿਆ। ਆਪਣਾ ਸਭ ਕੁਝ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿਤਾ।

*(ਪੰਨਾ 9 ਦੀ ਬਾਕੀ)*

ਕੀ ਉਹ ਤਪ ਆਦਿਕ ਕਸ਼ਟ ਯੋਗ ਸਾਧਨ ਕਰਕੇ ਭਾਵ ਸਰੀਰ ਨੂੰ ਦੁਖ ਦੇਣ ਨਾਲ ਮਿਲ ਸਕਦਾ ਹੈ? –

*ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ॥*
*ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥*
*ਅੰਗ- ੧੩੮੪*

*ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥*
*ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥*
*ਅੰਗ- ੧੩੮੪*

ਜੇ ਖੰਭ ਆਦਿਕ ਲਾ ਕੇ ਵੀ ਸੱਜਣ ਮਿਲ ਜਾਵੇ ਤਾਂ ਵੀ ਉਹ ਸਾਧਨ ਕਰਾਂ –

*ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥*
*ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥*
*ਅੰਗ- ੧੪੨੬*

ਬਸ ਇਕੋ ਲਗਨ ਹੈ ਕਿ ਮਿਲਾਪ ਹੋ ਜਾਵੇ। ਵਿਛੋੜਾ ਖਤਮ ਹੋ ਜਾਵੇ। ਮਹਾਰਾਜ ਫੁਰਮਾਨ ਕਰਦੇ ਹਨ –

*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥*

*ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥*
*ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥*
*ਅੰਗ- ੧੩੬੫*

ਗੁਰੂ ਦੀ ਸੰਗਤ ਵਿਚੋਂ ਹੀ ਉਸ ਦੀ ਪ੍ਰਾਪਤੀ ਸੰਭਵ ਹੈ। ਗੁਰੂ ਦੇ ਉਪਦੇਸ਼ ਰਾਹੀਂ ਪ੍ਰਭੂ ਦਾ ਮਿਲਾਪ ਹੋਵੇਗਾ ਫਿਰ ਉਸ ਦੇ ਜੀਵਨ ਵਿਚ ਹਰਿਆਵਲ ਆ ਜਾਵੇਗੀ –

*ਸਾ ਧਰਤੀ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ॥*
*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਅੰਗ – ੩੧੦*

*ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥*

ਫਿਰ ਜੇਠ ਦਾ ਮਹੀਨਾ ਰੰਗਾਵਲਾ ਭਾਵ ਤਰ ਹੋ ਜਾਵੇਗਾ। ਇਸ ਜੀਵ ਦੀ ਮਨ ਦੀ ਅਵਸਥਾ ਵਿਚ ਖੇੜਾ ਆ ਜਾਵੇਗਾ। ਜਿਸ ਦੇ ਭਾਗਾਂ ਦੇ ਲੇਖ ਮਹਾਨ ਹੋਣਗੇ, ਉਸ ਨੂੰ ਇਹ ਅਵਸਥਾ ਪ੍ਰਾਪਤ ਹੋ ਜਾਵੇਗੀ। ਸਦਾ ਦਾ ਖੁਸ਼ੀਆਂ ਖੇੜਿਆਂ ਭਰਿਆ ਰੰਗੀਲਾ ਜੀਵਨ ਪ੍ਰਾਪਤ ਹੋ ਜਾਵੇਗਾ।

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

*ਉਸਤਤਿ ਮਨ ਮਹਿ ਕਰਿ ਨਿਰੰਕਾਰ ॥*
*ਕਰਿ ਮਨ ਮੇਰੇ ਸਤਿ ਬਿਉਹਾਰ ॥ ਅੰਗ- ੨੮੧*

ਗੁਰਬਾਣੀ ਦਾ ਇਹ ਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਰਚਨਾ ਸੁਖਮਨੀ ਸਾਹਿਬ ਦੀ ਚੌਦਵੀਂ ਅਸ਼ਟਪਦੀ ਵਿਚ ਉਚਾਰਨ ਹੋਇਆ ਹੈ। ਇਸ ਵਿਚ ਮਨ ਨੂੰ ਸੰਬੋਧਨ ਕਰਦੇ ਇਹ ਵਿਚਾਰ ਪ੍ਰਗਟ ਕੀਤੀ ਹੈ ਕਿ ਮਨ ਕਰਕੇ ਅਕਾਲ ਪੁਰਖ ਦੀ ਵਡਿਆਈ ਕਰੋ। ਮਨ ਕਰਕੇ ਕੀਤੀ ਉਸਤਤਿ, ਗੁਣ ਗਾਇਨ, ਨਾਮ ਸਿਮਰਨ ਨਿਰੰਕਾਰ ਨਾਲ ਜੁੜਨ ਦਾ ਸਹੀ ਤੇ ਸਭ ਤੋਂ ਸ੍ਰੇਸ਼ਠ ਵਸੀਲਾ ਹੈ। ਹੋਰ ਕਾਰਜ ਇਸ ਦੇ ਤੁਲ ਨਿਰਾਰਥਕ ਹਨ, ਜੀਵਾਤਮਾ ਦੇ ਕਲਿਆਣ ਵਿਚ ਸਹਾਇਕ ਨਹੀਂ। ਸੰਸਾਰਕ ਮਰਿਆਦਾ ਨਿਭਾਉਣ ਹਿਤ ਇਹ ਕਾਰਜ ਕਰਨੇ ਤਾਂ ਪੈਂਦੇ ਹਨ, ਕਰਨੇ ਜ਼ਰੂਰੀ ਵੀ ਹਨ ਪਰ ਸਰਵੋਤਮ ਤੇ ਸ੍ਰੇਸ਼ਠ ਕਾਰਜ ਆਤਮਿਕ ਅਨੁਭਵ ਹੈ। ਬਾਣੀ ਰਹਿਰਾਸ ਦੇ ਆਖਰੀ ਸ਼ਬਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਵਿਚਾਰ ਨੂੰ ਸਪੱਸ਼ਟ ਕਰਦੇ ਕਹਿੰਦੇ ਹਨ ਕਿ ਮਨੁੱਖਾਂ ਜਨਮ ਬਹੁਤ ਦੁਰਲੱਭ ਵਸਤੂ ਹੈ, ਬੜੀ ਮੁੱਦਤ ਪਿਛੋਂ ਇਹ ਪ੍ਰਾਪਤ ਹੁੰਦੀ ਹੈ। ਇਸ ਰਾਹੀਂ ਭਗਤੀ ਕਰ ਕੇ, ਸਿਮਰਨ ਕਰ ਕੇ, ਨਿਰੰਕਾਰ ਦੀ ਉਸਤਤਿ ਕਰ ਕੇ ਗੋਬਿੰਦ ਨੂੰ ਮਿਲਿਆ ਜਾ ਸਕਦਾ ਹੈ। ਇਹੋ ਮਨੁੱਖਾ ਜਨਮ ਦਾ ਸਰਵੋਤਮ ਮੰਤਵ ਹੈ, ਹੋਰ ਸਭ ਦੁਨਿਆਵੀ ਕਾਰਜ ਆਤਮਿਕ-ਸਿਧੀ ਵਿਚ ਰੁਕਾਵਟ ਤਾਂ ਹੋ ਸਕਦੇ ਹਨ, ਸਹਾਇਕ ਕਦਾਚਿਤ ਨਹੀਂ ਹੁੰਦੇ। ਬਹੁਤ ਹਾਲਤਾਂ ਵਿਚ ਮਾਇਅਕ ਪਦਾਰਥਾਂ ਦੀ ਪ੍ਰਾਪਤੀ ਵਿਚ ਜੀਵਨ ਨਸ਼ਟ ਕਰ ਲਈਦਾ ਹੈ। ਜਿਸ ਮੰਤਵ ਲਈ ਮਨੁੱਖ ਦਾ ਜਨਮ ਹੁੰਦਾ ਹੈ, ਉਸ ਮੰਤਵ ਦੀ ਪ੍ਰਾਪਤੀ ਹਿਤ ਹੀ ਸਾਰਾ ਜੀਵਨ ਕਿਰਿਆਸ਼ੀਲ ਹੋਣਾ ਚਾਹੀਦਾ ਹੈ। ਮਾਇਆ, ਪਦਵੀ, ਸ਼ੁਹਰਤ ਦੀ ਪ੍ਰਾਪਤੀ ਅਤੇ ਵਾਸ਼ਨਾਵਾਂ ਦੀ ਤ੍ਰਿਪਤੀ ਹਿਤ ਕੀਤੇ ਕਾਰਜ ਸਾਪੇਖ ਪੱਖੋਂ ਫਜ਼ੂਲ ਹਨ। ਫੁਰਮਾਨ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ਅੰਗ- ੧੨*

ਸੁਖਮਨੀ ਸਾਹਿਬ ਦੀ ਹਰ ਅਸ਼ਟਪਦੀ ਦਾ ਆਰੰਭ ਇਕ ਸਲੋਕ ਨਾਲ ਹੁੰਦਾ ਹੈ, ਜਿਸ ਵਿਚ ਉਸ ਅਸ਼ਟਪਦੀ ਦਾ ਵਿਸ਼ਾ ਸਾਰ ਰੂਪ ਵਿਚ ਦਿਤਾ ਹੁੰਦਾ ਹੈ। ਜਿਸ ਅਸ਼ਟਪਦੀ ਵਿਚੋਂ ਵਿਚਾਰ ਅਧੀਨ ਪੰਗਤੀ ਲਈ ਗਈ ਹੈ, ਉਸ ਦਾ ਪਰਾਰੰਭਕ ਸਲੋਕ ਇਹ ਹੈ -

*ਤਜਹੁ ਸਿਆਨਪ ਸੁਰਿ ਜਨਹੁ*
*ਸਿਮਰਹੁ ਹਰਿ ਹਰਿ ਰਾਇ ॥*
*ਏਕ ਆਸ ਹਰਿ ਮਨਿ ਰਖਹੁ*
*ਨਾਨਕ ਦੂਖੁ ਭਰਮੁ ਭਉ ਜਾਇ ॥ ਅੰਗ- ੨੮੧*

ਇਸ ਦਾ ਭਾਵ ਇਹ ਹੈ ਕਿ ਹੇ ਭਲੇ ਪੁਰਸ਼ੋ! ਆਪਣੀ ਚਤੁਰਾਈ ਅਤੇ ਅਕਲ ਦਾ ਮਾਣ ਤਿਆਗ ਕੇ ਅਕਾਲ ਪੁਰਖ ਦਾ ਸਿਮਰਨ ਕਰੋ, ਗੁਣ-ਗਾਇਨ ਕਰੋ, ਉਸਤਤਿ ਕਰੋ। ਮਨ ਵਿਚ ਕੇਵਲ ਪ੍ਰਭੂ ਦੀ ਹੀ ਆਸ ਰੱਖੋ। ਉਸ ਦੇ ਸਿਮਰਨ ਨਾਲ ਹਰ ਤਰ੍ਹਾਂ ਦੇ ਦੁਖ ਵਹਿਮ ਤੇ ਡਰ ਦੂਰ ਹੋ ਜਾਂਦੇ ਹਨ। ਅਸ਼ਟਪਦੀ ਦੇ ਪਹਿਲੇ ਅੰਗ ਵਿਚ ਇਸ ਵਿਚਾਰ ਨੂੰ ਹੋਰ ਸਪੱਸ਼ਟ ਕੀਤਾ ਹੈ ਕਿ ਮਨੁੱਖ ਨੂੰ ਪੈਦਾ ਕਰਨ ਵਾਲਾ, ਰੱਖਿਆ ਕਰਨ ਵਾਲਾ, ਪਾਲਣ ਵਾਲਾ, ਮਾਰਨ ਵਾਲਾ ਕੇਵਲ ਪ੍ਰਭੂ ਹੀ ਹੈ, ਪ੍ਰਭੂ ਨੂੰ ਛੱਡ ਕੇ ਮਨੁੱਖ ਦੀ ਆਸ ਕਰਨੀ ਫਜ਼ੂਲ ਹੈ। ਪ੍ਰਭੂ ਦੇ ਸਿਮਰਨ ਨਾਲ, ਉਸ ਦੀ ਉਸਤਤਿ ਕਰਨ ਨਾਲ ਅੰਗ ਸੰਗ ਰਹਿੰਦਾ ਪ੍ਰਭੂ ਅਨੁਭਵ ਹੋਣ ਲੱਗ ਪੈਂਦਾ ਹੈ ਅਤੇ ਜੀਵਨ ਦੇ ਸਾਰੇ ਬਿਘਨ, ਸਮੇਤ ਉਨ੍ਹਾਂ ਵਿਘਨਾਂ ਦੇ ਜਿਨ੍ਹਾਂ ਨੇ ਪ੍ਰਭੂ ਨਾਲੋਂ ਵਿਛੋੜਿਆ ਹੋਇਆ ਹੈ, ਦੂਰ ਹੋ ਜਾਂਦੇ ਹਨ -

*ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥*
*ਨਾਨਕ ਬਿਘਨੁ ਨ ਲਾਗੈ ਕੋਇ ॥ ਅੰਗ- ੨੮੧*

ਅਗਲਾ ਅਹਮ ਪ੍ਰਸ਼ਨ ਇਹ ਹੈ ਕਿ ਪ੍ਰਭੂ ਉਸਤਤਿ ਦਾ ਸਹੀ ਢੰਗ ਕੀ ਹੈ? ਸਿਮਰਨ ਕਰਨ ਦੀ ਉਚਿਤ ਵਿਧੀ ਕੀ ਹੈ? ਇਹ ਬੜੀ ਗੰਭੀਰ ਸਮੱਸਿਆ ਹੈ ਜਿਸ ਦੀ ਵਿਆਖਿਆ ਅੰਗ ਦੋ ਵਿਚ

ਕੀਤੀ ਹੈ। ਪ੍ਰਭੂ ਉਸਤਤੀ, ਨਾਮ ਸਿਮਰਨ ਕੇਵਲ ਰਸਨਾ ਦੀ ਕਿਰਿਆ ਨਹੀਂ, ਸਗੋਂ ਇਸ ਵਿਚ ਮਨੁੱਖ ਦੀ ਪੂਰੀ ਸ਼ਖਸੀਅਤ ਸੰਮਿਲਤ ਹੁੰਦੀ ਹੈ। ਸਿਮਰਨ ਮਨ ਕਰ ਕੇ ਹੋਣਾ ਚਾਹੀਦਾ ਹੈ। ਮੈਲੇ ਮਨ ਨਾਲ ਕੀਤੇ ਸਿਮਰਨ ਦਾ ਕੀ ਲਾਭ?

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥ ਅੰਗ- ੫੫੮*

ਵਿਸ਼ੇ ਵਿਕਾਰਾਂ ਵਿਚ ਖਚਤ ਹੋਣ ਨਾਲ ਮਨ ਮੈਲਾ ਹੋ ਜਾਂਦਾ ਹੈ, ਮਨ ਉਪਰ ਤ੍ਰਿਸ਼ਨਾ, ਲੋਭ, ਮੋਹ, ਅਹੰਕਾਰ, ਨਿੰਦਿਆ, ਵੈਰ ਵਿਰੋਧ ਆਦਿ ਦੀ ਮੈਲ ਚੜ੍ਹ ਜਾਂਦੀ ਹੈ। ਮੈਲੇ ਮਨ ਨਾਲ ਸਿਮਰਨ ਭਗਤੀ ਨਹੀਂ ਹੋ ਸਕਦੀ। ਇਸ ਜਨਮ ਦੀ ਹੀ ਨਹੀਂ, ਕਈ ਜਨਮਾਂ ਦੀ ਮੈਲ ਨਾਲ ਮਨ ਕਾਲਾ ਸ਼ਾਹ ਹੋਇਆ ਪਿਆ ਹੈ, ਜਿਸ ਕਰ ਕੇ ਇਹ ਸੱਚ ਦੀ ਪ੍ਰਤੀਤੀ ਗਵਾ ਬੈਠਾ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥ ਅੰਗ- ੬੫੧*

ਬਾਹਰੋਂ-ਬਾਹਰੋਂ ਸਰੀਰ ਧੋਣ ਨਾਲ ਮਨ ਸਾਫ਼ ਨਹੀਂ ਹੁੰਦਾ। ਨਾਹੀ ਕਿਸੇ ਹੱਠ ਕਿਰਿਆ ਨਾਲ ਮਨ ਦੀ ਮੈਲ ਧੋਤੀ ਜਾ ਸਕਦੀ ਹੈ। ਮਨ ਦੀ ਸ਼ੁਧਤਾ ਕੇਵਲ ਨਾਮ ਸਿਮਰਨ ਪ੍ਰਭੂ ਉਸਤਤਿ ਰਾਹੀਂ ਹੀ ਸੰਭਵ ਹੈ। ਜਪੁ ਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ -

*ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥*
*ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥*
*ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥*
*ਅੰਗ - ੪*

***'ਉਸਤਤਿ ਮਨ ਮਹਿ ਕਰਿ ਨਿਰੰਕਾਰ'*** ਵਿਚ ਨਿਰਮਲ ਮਨ ਰਾਹੀਂ ਉਸਤਤਿ ਕਰਨ ਦਾ ਆਦੇਸ਼ ਹੈ। ਅੰਤਰਜਾਮੀ ਪ੍ਰਭੂ ਤਾਂ ਸਭ ਕੁਛ ਜਾਣਦਾ ਹੈ। ਜੇ ਮਨ ਨਿਰਮਲ ਨਹੀਂ, ਉਸਤਤਿ ਵਿਚ ਸ਼ਾਮਲ ਨਹੀਂ, ਤਾਂ ਉਹ ਕਿਵੇਂ ਬਾਹਰੀ ਵਿਖਾਵੇ ਦੀ ਝੂਠੀ ਉਸਤਤਿ ਤੇ ਪਤੀਜ ਸਕਦਾ ਹੈ? ਜੇ ਮਨ ਅੰਦਰ ਵਲ ਛਲ ਤੇ ਵਿਕਾਰ ਹੋਣ ਤਾਂ ਉਸਤਤਿ-ਉਸਤਤਿ ਨਹੀਂ, ਸਗੋਂ ਰੋਣਾ ਤੇ ਝੂਠੇ ਕੀਰਨੇ ਹੁੰਦੇ ਹਨ। ਫੁਰਮਾਨ ਹੈ -

*ਕੋਈ ਗਾਵੈ ਰਾਗੀ ਨਾਦੀ ਬੇਦੀ*
*ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥*
*ਜਿਨਾ ਅੰਤਰਿ ਕਪਟੁ ਵਿਕਾਰੁ ਹੈ*
*ਤਿਨਾ ਰੋਇ ਕਿਆ ਕੀਜੈ ॥ ਅੰਗ- ੪੫੦*

ਸਾਫ ਭਾਂਡੇ ਵਿਚ ਹੀ ਦੁੱਧ ਸੁਰੱਖਿਅਤ ਰਹਿੰਦਾ ਹੈ। ਗੰਦੇ ਭਾਂਡੇ ਵਿਚ ਫਿੱਟ ਜਾਂਦਾ ਹੈ। ਸਾਫ ਮਨ ਹੀ ਭਗਤੀ ਵਿਚ ਲੀਨ ਹੋ ਸਕਦਾ ਹੈ ਅਤੇ ਉਸ ਦਾ ਹੀ ਲਾਭ ਹੁੰਦਾ ਹੈ -

*ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥*
*ਅੰਗ- ੭੨੮*

ਇਸ ਲਈ ਮਨ ਕਰ ਕੇ ਕੀਤੀ ਉਸਤਤਿ ਨੂੰ ਹੀ ਮਨ ਦਾ ਸੱਚਾ ਵਿਉਹਾਰ ਕਿਹਾ ਹੈ। ਗੈਰ ਹਾਜ਼ਰ ਮਨ ਨਾਲ ਕਾਜ਼ੀ ਅਤੇ ਨਵਾਬ ਦੀ ਪੜ੍ਹੀ ਹੋਈ ਨਮਾਜ਼ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸ਼ਾਮਲ ਨਹੀਂ ਹੋਏ। ਜਦੋਂ ਗੁਰੂ ਜੀ ਨੇ ਸੰਗਤ ਵਿਚ ਇਹ ਕਿਹਾ ਸੀ, ਹਾਜ਼ਰ ਗੈਰ-ਹਾਜ਼ਰ, ਗੈਰ-ਹਾਜ਼ਰ ਹਾਜ਼ਰ, ਤਾਂ ਇਸ ਦਾ ਵੀ ਇਹੋ ਭਾਵ ਸੀ ਕਿ ਮਨ ਕਰ ਕੇ ਹਾਜ਼ਰ ਹੋਣ ਵਾਲਿਆਂ ਦੀ ਹੀ ਹਾਜ਼ਰੀ ਲਗਦੀ ਹੈ। ਮਨ ਹੀ ਇਸ ਸਰੀਰ ਦੀ ਕਿਰਿਆ ਨੂੰ ਸੇਧ ਦਿੰਦਾ ਹੈ। ਜਦੋਂ ਮਨ ਨਾਮ ਕਿਰਿਆ ਵਿਚ ਸ਼ਾਮਲ ਹੋ ਜਾਵੇ ਤਾਂ ਤਨ ਸੁਤੇ ਸਿਧ ਹੀ ਨਾਮ ਸਾਧਨਾ ਵਿਚ ਲਗ ਜਾਂਦਾ ਹੈ। ਪੂਰਾ ਸਰੀਰ, ਸਰੀਰ ਦੇ ਸਾਰੇ ਅੰਗ, ਜੀਭਾ, ਅੱਖਾਂ, ਹੱਥ ਪੈਰ, ਸਭ ਨਾਮ ਜਪਦੇ ਹਨ। ਜੀਭਾ ਮਿੱਠਾ ਅੰਮ੍ਰਿਤ-ਨਾਮ ਪੀਂਦੀ ਹੈ। ਅੱਖਾਂ ਜਗਤ ਤਮਾਸ਼ੇ ਵਿਚ ਅਕਾਲ ਪੁਰਖ ਦੇ ਦਰਸ਼ਨ ਕਰਦਿਆਂ ਹਨ, ਪੈਰ ਗੋਬਿੰਦ ਮਾਰਗ ਤੇ ਚੱਲਣ ਲਈ ਉਤਸਾਹਿਤ ਹੁੰਦੇ ਹਨ, ਹੱਥ ਪ੍ਰਭੂ ਦੇ ਰਾਹ ਦੀ ਕਿਰਿਆ, ਸੇਵਾ ਪਰਉਪਕਾਰ ਵਿਚ ਲਗ ਕੇ ਖੁਸ਼ ਹੁੰਦੇ ਹਨ ਤੇ ਕੰਨ ਉਸ ਦੀ ਵਡਿਆਈ ਸੁਣ ਕੇ ਮਖਮੂਰ ਹੁੰਦੇ ਹਨ। ਇਸ ਤਰ੍ਹਾਂ ਮਨ ਅਤੇ ਸਰੀਰ ਮਿਲ ਕੇ ਪ੍ਰਭੂ ਦੀ ਉਸਤਤਿ ਵਿਚ ਲਗ ਕੇ ਪ੍ਰਭੂ ਦੀ ਦਰਗਾਹ ਵਿਚ ਸੁਰਖਰੂ ਹੋ ਜਾਂਦੇ ਹਨ। ਮਨ ਰਾਹੀਂ ਨਿਰੰਕਾਰ ਦੀ ਉਸਤਤਿ ਕਰਨ ਦਾ ਐਸਾ ਵਿਚਾਰ ਹੀ ਸੁਖਮਨੀ ਸਾਹਿਬ ਦੇ ਇਸ ਅੰਕ ਵਿਚ ਦਰਸਾਇਆ ਹੈ। ਫੁਰਮਾਨ ਹੈ -

*ਨਿਰਮਲ ਰਸਨਾ ਅੰਮ੍ਰਿਤੁ ਪੀਉ ॥*
*ਸਦਾ ਸੁਹੇਲਾ ਕਰਿ ਲੇਹਿ ਜੀਉ॥*
*ਨੈਨਹੁ ਪੇਖੁ ਠਾਕੁਰ ਕਾ ਰੰਗੁ ॥*
*ਸਾਧਸੰਗਿ ਬਿਨਸੈ ਸਭ ਸੰਗੁ ॥*
*ਚਰਨ ਚਲਉ ਮਾਰਗਿ ਗੋਬਿੰਦ ॥*
*ਮਿਟਹਿ ਪਾਪ ਜਪੀਐ ਹਰਿ ਬਿੰਦ ॥*
*ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥*
*ਹਰਿ ਦਰਗਹ ਨਾਨਕ ਊਜਲ ਮਥਾ ॥ ਅੰਗ - ੨੮੧*

*(ਬਾਕੀ ਪੰਨਾ 49 'ਤੇ)*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-)*

**ਸਿਰੀਰਾਗੁ ਮਹਲਾ ੩ ॥**
**ਸਤਿਗੁਰਿ ਮਿਲਿਐ ਫੇਰੁ ਨ ਪਵੈ**
**ਜਨਮ ਮਰਣ ਦੁਖੁ ਜਾਇ ॥**

ਜੇ ਜੀਵ ਸਤਿਗੁਰਾਂ ਦੇ ਨਾਲ ਮਨ ਦਾ ਮੇਲੀ ਹੋ ਕੇ ਜਦੋਂ ਮਿਲਿਐ=ਮਿਲਦਾ ਹੈ ਤਾਂ ਚਉਰਾਸੀ ਦੇ ਫੇਰਿਆਂ ਵਿਚ ਨਹੀਂ ਪਵੈ=ਪੈਦਾ ਤੇ ਜੰਮਣ ਮਰਨ ਦਾ ਦੁਖ ਵੀ ਚਲਿਆ ਜਾਇ=ਜਾਂਦਾ ਹੈ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਤਿ ਸਰੂਪ, ਚੇਤਨ ਰੂਪ ਹਨ, ਜੋ ਅਗਿਆਨ ਦਾ ਨਾਸ ਕਰਨ ਵਾਲੇ ਤੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਹਨ।

**ਪੂਰੈ ਸਬਦਿ ਸਭ ਸੋਝੀ ਹੋਈ**
**ਹਰਿ ਨਾਮੈ ਰਹੈ ਸਮਾਇ ॥ ੧ ॥**

ਹੇ ਭਾਈ! ਜਦੋਂ ਪੂਰੈ=ਪੂਰਨ ਸਤਿਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਸਭ=ਸਾਰੀ ਸੋਝੀ=ਗਿਆਤ ਹੋਈ=ਹੋ ਜਾਂਦਾ ਹੈ ਤਦੋਂ ਮਨ ਹਰਿ=ਪਰਮੇਸ਼ਰ ਦੇ ਨਾਮੈ=ਨਾਮ ਵਿਚ ਸਮਾਇ=ਮਸਤ ਹੋਇਆ ਰਹੈ=ਰਹਿੰਦਾ ਹੈ।

**ਮਨ ਮੇਰੇ ਸਤਿਗੁਰ ਸਿਉ ਚਿਤੁ ਲਾਇ ॥**

ਹੇ ਮੇਰੇ ਪਿਆਰਿਆ ਮਨਾਂ! ਮਨ ਦੇ ਅਜ਼ੀਜ਼ ਸਤਿਗੁਰੂ ਦੇ ਸਿਉ=ਨਾਮ ਚਿੱਤ ਦੀ ਬਿਰਤੀ ਨੂੰ ਬਾਕੀ ਹੋਰ ਸਾਰੇ ਪਾਸੇ ਛੱਡ ਕੇ ਲਾਇ=ਲਾਉਣਾ ਕਰ।

**ਨਿਰਮਲੁ ਨਾਮੁ ਸਦ ਨਵਤਨੋ**
**ਆਪਿ ਵਸੈ ਮਨਿ ਆਇ ॥ ੧ ॥ ਰਹਾਉ ॥**

ਪਰਮੇਸ਼ਰ ਦਾ ਨਾਮ ਮਨ ਨੂੰ ਨਿਰਮਲੁ=ਉੱਜਲ ਕਰਨ ਵਾਲਾ ਸਦ=ਸਦਾ ਨਵਤਨੋ=ਨਵੀਨ ਤੇ ਮਨ, ਵਿਖੇਪ, ਅਵਰਨ ਦੀ ਮੈਲ ਧੋਣ ਵਾਲਾ ਹੈ ਅਤੇ ਸਤਿਗੁਰਾਂ ਦੀ ਕ੍ਰਿਪਾ ਦੁਆਰਾ ਆਪ ਮਨ ਵਿਚ ਆਇ=ਆ ਕੇ ਵਸੈ=ਵਸਦਾ ਹੈ ਕਿਉਂਕਿ ਚੌਹਾਂ ਜੁੱਗਾਂ ਦੇ ਜੀਵਾਂ ਦਾ ਉਧਾਰ ਕਰਕੇ ਵੀ ਕਦੇ ਪੁਰਾਣਾ ਨਹੀਂ ਹੁੰਦਾ, ਸਦਾ ਨਵੀਨ ਸਰੂਪ ਹੀ ਰਹਿੰਦਾ ਹੈ। ਉਸ ਪ੍ਰਮੇਸ਼ਰ ਦੇ ਅੱਗੇ ਇਉਂ ਬੇਨਤੀ ਕਰੀਏ -

**ਹਰਿ ਜੀਉ ਰਾਖਹੁ ਅਪੁਨੀ ਸਰਣਾਈ**
**ਜਿਉ ਰਾਖਹਿ ਤਿਉ ਰਹਣਾ ॥**

ਹੇ ਹਰਿ ਜੀਉ=ਵਾਹਿਗੁਰੂ ਜੀ! ਸਾਨੂੰ ਆਪਣੀ ਸਰਣਾਈ=ਸ਼ਰਨ ਵਿਚ ਰਾਖਹੁ=ਰੱਖਣਾ ਕਰੋ, ਜਿਉ=ਜਿਵੇਂ ਮਹਾਰਾਜ ਸਾਨੂੰ ਰਾਖਹਿ=ਰੱਖਣਾ ਕਰੋਗੇ, ਅਸੀਂ ਤਿਉ=ਉਸੇ ਪ੍ਰਕਾਰ ਹੀ ਰਹਿਣਾ ਕਰਾਂਗੇ ਭਾਵ ਆਪ ਜੀ ਦੀ ਰਜ਼ਾ ਮੰਨ ਕੇ ਸਦ ਪ੍ਰਸੰਨ ਰਹਾਂਗੇ। ਆਪ ਦੀ ਸ਼ਰਨ ਵਿਚ ਹੀ ਰਹਾਂਗੇ।

**ਗੁਰ ਕੈ ਸਬਦਿ ਜੀਵਤੁ ਮਰੈ**
**ਗੁਰਮੁਖਿ ਭਵਜਲੁ ਤਰਣਾ ॥ ੨ ॥**

ਹੇ ਭਾਈ! ਜੋ ਗੁਰਮੁਖ ਗੁਰਾਂ ਕੈ=ਦੇ ਸਬਦਿ=ਉਪਦੇਸ਼ ਦੀ ਕਮਾਈ ਕਰਕੇ ਜੀਵਤੁ=ਜੀਵਪੁਣੇ ਵੱਲੋਂ ਮਰੈ=ਮਰ ਜਾਂਦਾ ਹੈ ਅਤੇ ਇਉਂ ਹੀ ਗੁਰਮੁਖ ਜਨਾਂ ਦਾ ਭਵਜਲੁ=ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ-

**ਵਡੈ ਭਾਗਿ ਨਾਉ ਪਾਈਐ**
**ਗੁਰਮਤਿ ਸਬਦਿ ਸੁਹਾਈ ॥**

ਵਡੈ ਭਾਗਿ=ਵੱਡਿਆਂ ਭਾਗਾਂ ਵਾਲੇ ਉਹ ਹਨ ਜੋ ਪਰਮੇਸ਼ਰ ਦੇ ਨਾਮ ਨੂੰ ਪਾਉਂਦੇ ਹਨ ਅਤੇ ਗੁਰੂ ਸਾਹਿਬ ਜੀ ਦੀ ਮਤਿ-ਸਿੱਖਿਆ ਦੁਆਰ ਸਬਦਿ=ਉਪਦੇਸ਼ ਦੀ ਕਮਾਈ ਕਰ ਕੇ ਉਹਨਾਂ ਦਾ ਜੀਵਨ ਲੋਕ-ਪਰਲੋਕ ਵਿਚ ਸੁਹਾਈ=ਸ਼ੋਭਨੀਕ ਹੁੰਦਾ ਹੈ।

**ਆਪੇ ਮਨਿ ਵਸਿਆ ਪ੍ਰਭੁ ਕਰਤਾ**
**ਸਹਜੇ ਰਹਿਆ ਸਮਾਈ ॥ ੩ ॥**

ਉਹਨਾਂ ਦੇ ਮਨ ਵਿਚ ਆਪ ਹੀ ਪ੍ਰਭੁ ਕਰਤਾ=ਅਕਾਲ ਪੁਰਖ ਵਾਹਿਗੁਰੂ ਵਸਿਆ=ਵਸ ਜਾਂਦਾ ਹੈ ਅਤੇ ਸਹਜੇ=ਗਿਆਨ ਵਿਚ ਮਸਤ ਹੋ ਕੇ ਸਮਾਈ=ਸਮਾਏ ਭਾਵ ਲੀਨ ਹੋਏ ਰਹਿੰਦੇ ਹਨ।

**ਇਕਨਾ ਮਨਮੁਖਿ ਸਬਦੁ ਨ ਭਾਵੈ**
**ਬੰਧਨਿ ਬੰਧਿ ਭਵਾਇਆ ॥**

ਕਈ ਮਨਮੁਖ ਪੁਰਖ ਮਨ ਦੇ ਆਖੇ ਲੱਗਣ ਵਾਲੇ ਕਹਿੰਦੇ ਹਨ ਕਿ ਜਿਸ ਤਰ੍ਹਾਂ ਸਾਡਾ ਮਨ ਕਰੇਗਾ, ਉਸੇ ਤਰ੍ਹਾਂ ਹੀ ਕਰਾਂਗੇ। ਮਨ ਦੇ ਵਿਕਾਰ, ਐਬ,

ਔਗੁਣ ਨਹੀਂ ਛੱਡਦੇ। ਇਹੋ ਜਿਹੇ ਮਨਮੁਖਾਂ ਨੂੰ ਗੁਰੂ ਸਾਹਿਬ ਜੀ ਦਾ ਸਬਦੁ=ਉਪਦੇਸ਼ ਨ ਭਾਵੈ=ਚੰਗਾ ਨਹੀਂ ਲਗਦਾ। ਉਹ ਮਨਮੁਖਤਾ ਦੇ ਬੰਧਨਾਂ ਵਿਚ ਬੰਧਿ=ਬੱਝੇ ਹੋਏ ਹਨ। ਜਦੋਂ ਪਰਾਲਬਧ ਰੂਪੀ ਕਰਮ ਭੋਗੇ ਜਾਂਦੇ ਹਨ ਫੇਰ ਜੂਨਾਂ ਦੇ ਬੰਧਨਾਂ ਵਿਚ ਇਨ੍ਹਾਂ ਨੂੰ ਭਵਾਇਆ=ਘੁਮਾਇਆ ਜਾਂਦਾ ਹੈ। ਇਉਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਕਰਤਾ ਭੁਗਤਾ ਆਦਿ ਦੇ ਬੰਧਨ ਪਏ ਰਹਿੰਦੇ ਹਨ ਤੇ ਅੰਤ ਨੂੰ ਕੈਦੀ ਕਰਕੇ ਭਾਵ ਬੰਨ੍ਹ ਕੇ ਜੂਨਾਂ ਵਿਚ ਭਵਾਏ ਜਾਂਦੇ ਹਨ।

ਲਖ ਚਉਰਾਸੀਹ ਫਿਰਿ ਫਿਰਿ ਆਵੈ
ਬਿਰਥਾ ਜਨਮੁ ਗਵਾਇਆ ॥ ੪ ॥

ਇਉਂ ਚਉਰਾਸੀਹ=ਚੌਰਾਸੀ ਲੱਖ ਜੂਨਾਂ ਵਿਚ ਫਿਰਿ ਫਿਰਿ=ਮੁੜ ਮੁੜ ਕੇ ਆਵੈ=ਆਉਂਦੇ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੇ ਆਪਣਾ ਮਨੁੱਖਾ ਜਨਮ ਵਿਸ਼ਿਆਂ ਵਿਚ ਪੈਣ ਕਰਕੇ ਬਿਰਥਾ=ਵਿਅਰਥ ਹੀ ਗਵਾਇਆ=ਗਵਾ ਲਿਆ ਹੈ।

ਭਗਤਾ ਮਨਿ ਆਨੰਦੁ ਹੈ
ਸਚੈ ਸਬਦਿ ਰੰਗਿ ਰਾਤੇ ॥

ਹੇ ਭਾਈ! ਪਰਮੇਸ਼ਰ ਦੀ ਭਗਤੀ ਕਰਨ ਵਾਲੇ ਭਗਤਾਂ ਦੇ ਮਨ ਵਿਚ ਵਾਹਿਗੁਰੂ ਦਾ ਸਦਾ ਹੀ ਆਨੰਦ=ਉਤਸ਼ਾਹ ਪ੍ਰਗਟ ਹੁੰਦਾ ਹੈ ਕਿਉਂਕਿ ਉਹ ਗੁਰਾਂ ਦੇ ਸੱਚੇ ਸਬਦਿ=ਉਪਦੇਸ਼ ਕਰਕੇ ਵਾਹਿਗੁਰੂ ਦੇ ਪ੍ਰੇਮ ਰੰਗ ਵਿਚ ਰਾਤੇ=ਰੱਤੇ ਰਹਿੰਦੇ ਹਨ -

ਅਨਦਿਨੁ ਗੁਣ ਗਾਵਹਿ ਸਦ ਨਿਰਮਲ
ਸਹਜੇ ਨਾਮਿ ਸਮਾਤੇ ॥ ੫ ॥

ਉਹ ਹਰੀ ਦੇ ਨਿਰਮਲ=ਉੱਜਲ ਗੁਣਾਂ ਨੂੰ ਅਨਦਿਨੁ=ਰਾਤ ਦਿਨੇ ਸਦਾ ਹੀ ਗਾਵਹਿ=ਗਾਉਂਦੇ ਰਹਿੰਦੇ ਹਨ। ਇਸ ਕਰਕੇ ਉਹ ਪਰਮੇਸ਼ਰ ਦੇ ਨਾਮੀ ਸਰੂਪ ਵਿਚ ਸਹਜੇ=ਸੁਤੇ-ਸਿੱਧ ਹੀ ਸਮਾਤੇ=ਸਮਾਏ ਰਹਿੰਦੇ ਹਨ ਭਾਵ ਅਭੇਦ ਹੋਏ ਰਹਿੰਦੇ ਹਨ।

ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ
ਸਭ ਆਤਮ ਰਾਮੁ ਪਛਾਣੀ ॥

ਹੇ ਭਾਈ! ਗੁਰਮੁਖ ਤਾਂ ਅੰਮ੍ਰਿਤ ਬਾਣੀ=ਅਮਰ ਕਰਨ ਵਾਲੀ ਮਿੱਠੀ ਬਾਣੀ ਰਸਨਾ ਕਰਕੇ ਬੋਲਹਿ=ਬੋਲਦੇ ਹਨ ਭਾਵ ਕਿਸੇ ਨੂੰ ਵੀ ਕੌੜਾ ਬਚਨ ਨਹੀਂ ਬੋਲਦੇ ਅਤੇ ਸਭ=ਸਾਰਿਆਂ ਦੀ ਆਤਮ=ਆਤਮਾ ਨੂੰ ਰਾਮੁ=ਪਰਮੇਸ਼ਰ ਰੂਪ ਕਰਕੇ ਪਛਾਣੀ=ਪਛਾਣਦੇ ਹਨ ਵਾ: ਸਾਰਿਆਂ ਵਿਚ ਆਤਮਾ ਰੂਪ ਕਰਕੇ ਪਰਮੇਸ਼ਰ ਨੂੰ ਪਛਾਣਦੇ ਹਨ ਅਥਵਾ ਸਭੁ=ਸਾਰਿਆ ਵਿਚ ਆਤਮ ਜੋ ਤੁਰੀਆ ਪਦ ਦਾ ਲਖਯ ਅਰਥ ਰੂਪ ਤੂੰ ਪਦ ਦਾ ਲਖ ਅਰਥ ਸਾਖੀ ਰੂਪ ਹੈ ਵਾ: ਜੋ ਤੱਤ ਪਦ ਦਾ ਲਖ ਅਰਥ ਰੂਪ ਅਦ੍ਵੈਤ ਅਨੰਦ ਰੂਪ ਰਾਮੁ=ਪਰਮੇਸ਼ਰ ਹੈ ਵਾ: ਰਾਮ ਸਾਰਿਆਂ ਬ੍ਰਹਿਮੰਡਾਂ ਦਾ, ਪਿੰਡਾਂ ਦਾ ਮਾਲਕ ਹੈ, ਉਹਨਾਂ ਨੇ ਸਾਰਿਆਂ ਵਿਚ ਇਕੋ ਬ੍ਰਹਮ ਆਤਮਾ ਸੱਚ ਅਨੰਦ ਰੂਪ ਨੂੰ ਪਛਾਣੀ=ਪਛਾਣਿਆ ਹੈ।

ਏਕੋ ਸੇਵਨਿ ਏਕੁ ਅਰਾਧਹਿ
ਗੁਰਮੁਖਿ ਅਕਥ ਕਹਾਣੀ ॥ ੬ ॥

ਏਕੋ=ਇਕ ਵਾਹਿਗੁਰੂ ਦਾ ਹੀ ਸਰੀਰ ਕਰਕੇ ਸੇਵਹਿ=ਭਜਨ ਕਰਦੇ ਹਨ ਅਤੇ ਏਕੁ=ਇਕ ਪਰਮੇਸ਼ਰ ਨੂੰ ਹੀ ਮਨ ਕਰਕੇ ਅਰਾਧਹਿ=ਆਰਾਧਦੇ ਹਨ ਭਾਵ ਭਾਵਨਾ ਨਾਲ ਚੇਤੇ ਕਰਦੇ ਹਨ। ਗੁਰਮੁਖਾਂ ਦੀ ਅਕਥ=ਕਥਨ ਤੋਂ ਰਹਿਤ ਕਹਾਣੀ=ਕਥਾ ਹੈ, ਉਹ ਵਾਹਿਗੁਰੂ ਦੇਸ ਰੂਪ ਵਿਚ ਲੀਨ ਰਹਿੰਦੇ ਹਨ। ਵਾਹਿਗੁਰੂ ਦੀ ਅਕਥ ਕਥਾ ਜੋ ਸ਼ਕਤੀ ਬਿਰਤੀ ਕਰਕੇ, ਕਹੀ ਨਹੀਂ ਜਾਂਦੀ। ਲੱਖਣਾ ਬਿਰਤੀ ਦੁਆਰਾ ਜਗਿਆਸੂਆਂ ਦੇ ਹਿਰਦੇ ਵਿਚ ਵਸਾ ਦਿੰਦੇ ਹਨ।

ਸਚਾ ਸਾਹਿਬੁ ਸੇਵੀਐ
ਗੁਰਮੁਖਿ ਵਸੈ ਮਨਿ ਆਇ ॥

ਹੇ ਭਾਈ! ਇਸ ਕਰਕੇ ਆਪਾਂ ਵੀ ਉਸ ਸੱਚੇ ਸਾਹਿਬੁ=ਪ੍ਰਮੇਸ਼ਰ ਦਾ ਸੇਵੀਐ=ਸੇਵਨ ਕਰੀਏ ਭਾਵ ਸਿਮਰਨ ਕਰੀਏ ਵਾ: ਜੋ ਮਾਇਆ ਬਿਰਤੀ ਦੁਆਰਾ ਸਾਰਿਆਂ ਦਾ ਸੱਚਾ ਸਾਹਿਬੁ=ਮਾਲਕ ਹੈ, ਜੋ ਗੁਰਮੁਖਾਂ ਦੀ ਸੰਗਤ ਕਰਕੇ ਮਨ ਵਿਚ ਵਸੈ=ਵਸ ਆਇ=ਆਉਂਦਾ ਹੈ।

ਸਦਾ ਰੰਗਿ ਰਾਤੇ ਸਚ ਸਿਉ
ਅਪੁਨੀ ਕਿਰਪਾ ਕਰੇ ਮਿਲਾਇ ॥ ੭ ॥

ਜਿਹੜੇ ਸਦਾ=ਹਮੇਸ਼ਾ ਸੱਚੇ ਦੇ ਸਿਉ=ਨਾਲ ਪ੍ਰੇਮ ਰੰਗਿ ਵਿਚ ਰਾਤੇ=ਰੱਤੇ ਹੋਏ ਹਨ, ਉਹਨਾਂ ਨੂੰ ਵਾਹਿਗੁਰੂ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਆਪਣੇ ਸਰੂਪ ਵਿਚ ਮੇਲ ਲੈਂਦਾ ਹੈ।

ਆਪੇ ਕਰੇ ਕਰਾਏ ਆਪੇ
ਇਕਨਾ ਸੁਤਿਆ ਦੇਇ ਜਗਾਇ ॥

ਆਪ ਹੀ ਜੀਵ ਆਤਮਾ ਦਾ ਸਰੀਰ ਨਾਲ ਸਬੰਧ ਕਰੇ=ਕਰਨ ਵਾਲਾ ਹੈ ਤੇ ਆਪ ਹੀ ਜੀਵਾਂ ਦੇ ਕੋਲੋਂ

*(ਬਾਕੀ ਪੰਨਾ 49 'ਤੇ)*

# ਸਿੱਖ ਨਹੀਂ ਕੋਈ ਅੰਗਦੁ ਜੇਹਾ

*ਡਾ. ਗੁਰਚਰਨ ਸਿੰਘ ਔਲਖ*

ਸ੍ਰੀ ਗੁਰੂ ਅੰਗਦ ਦੇਵ ਜੀ ਸਿੱਖਾਂ ਦੇ ਦੂਸਰੇ ਗੁਰੂ ਹੋਏ ਹਨ। ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੱਦੀ ਇਸ ਕਰਕੇ ਪ੍ਰਾਪਤ ਕਰ ਲਈ ਸੀ ਕਿਉਂਕਿ ਉਹ ਗੁਰੂ ਜੀ ਦੇ ਸਾਰੇ ਨਿਕਟਵਰਤੀਆਂ, ਸਿੱਖ ਸੇਵਕਾਂ ਤੇ ਪੁੱਤਰਾਂ ਤੋਂ ਵਧੇਰੇ ਆਗਿਆਕਾਰ ਅਤੇ ਬੇਮਿਸਾਲ ਸੇਵਕ ਸਨ। ਗੁਰੂ ਦੀ ਰਜ਼ਾ 'ਚ ਰਹਿਣ ਵਾਲਾ ਹੀ ਗੁਰੂ ਦਾ ਅੰਗ ਬਣ ਗਿਆ ਭਾਵ ਉਹ 'ਲਹਿਣੇ' ਤੋਂ 'ਅੰਗਦ' ਬਣਿਆ ਤੇ ਸਿੱਖ ਧਰਮ ਦੇ ਦੂਸਰਾ 'ਗੁਰੂ ਨਾਨਕ'।

ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਇਕ ਲਾਸਾਨੀ ਸੇਵਕ ਤੇ ਆਗਿਆਕਾਰੀ ਸਿੱਖ ਸਨ। ਉਹ ਹਰ ਦਮ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਵਿਚ ਰਹਿਣ ਵਾਲੇ ਮਰਜੀਵੜੇ ਸਨ। ਕੇਸਰ ਸਿੰਘ ਛਿੱਬਰ ਨੇ ਇਕ ਸਤਰ ਵਿਚ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਦਾ ਤੱਤ ਪੇਸ਼ ਕਰ ਦਿਤਾ ਹੈ –

*ਸਿਖ ਨਹੀਂ ਕੋਈ ਅੰਗਦੁ ਜੇਹਾ ਹੋਇਆ।*

ਸਿੱਖੀ ਦੇ ਮੁੱਖ ਸਿਧਾਂਤਾਂ ਵਿਚ ਸੇਵਾ ਤੇ ਸਿਮਰਨ ਦਾ ਪ੍ਰਮੁੱਖ ਸਥਾਨ ਹੈ ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿਮਰਨ ਨਾਲੋਂ ਵੀ ਸੇਵਾ ਨੂੰ ਪਹਿਲ ਦਿਤੀ। ਗੁਰਗੱਦੀ ਦੀ ਪ੍ਰਾਪਤੀ ਹੋਣ ਉਪਰੰਤ ਗੁਰੂ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਦਾਸੀਆਂ ਸਮੇਂ ਨਾਲ ਰਹਿਣ ਵਾਲਾ ਸਾਥੀ ਭਾਈ ਬਾਲਾ ਜੀ ਮਿਲਣ ਆਏ। ਉਸ ਨੇ ਕਿਹਾ, "ਗੁਰੂ ਜੀ, ਤੈਂ ਬੜਾ ਗੜ ਸਾਧਿਆ ਹੈ। ਅਰ ਤੂੰ ਬੜਾ ਸੂਰਬੀਰ ਹਰਿ। ਕਾਹੇ ਤੇ ਜੇ ਮਹਾਂਪੁਰਖਾਂ ਕਾ ਰੀਝਾਵਨਾਂ ਬਹੁਤ ਕਠਿਨ ਹੈ।.....ਉਨਕਾ ਰੀਝਾਵਨਾ ਸੁਗਮ ਨਾਹਿ। ਸੋ ਤਿਸ ਪੁਰਖ ਕਉ ਤੈਂ ਰੀਝਾਇਆ ਹੈ....ਹਮਕੋ ਕਿਰਪਾ ਕਰਕੇ ਇਹ ਬਾਤ ਜਨਾਵਹੁ ਜੋ ਉਹ ਕਰਮ ਤੁਝੇ ਕਉਨ ਕੀਨਾ, ਉਅਰੁ ਉਹ ਸੇਵਾ ਕਉਨ ਕੀਨੀ ਹੈ। ਅਰ ਉਹ ਕਉਨ ਸੀ ਆਗਿਆ ਮਾਨੀ ਜੋ ਗੁਰੂ ਬਾਬੇ ਤੇਰੇ ਬਿਖੇ ਅਪਨਾ ਸਰੂਪ ਪਲਟ ਛੋਡਿਆ ਹੈ।.....ਤਬ ਅੰਗਦ ਜੀ ਭਾਈ ਬਾਲੇ ਕਉ ਇਹ ਉਤਰੁ ਦੀਆ, ਜੋ ਮੈਂ ਉਨਕੀ ਕ੍ਰਿਪਾ ਕੀ ਘਾਲ ਘਾਲੀ ਹੈ।

ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲਾ ਜੀ ਨੂੰ ਉਨ੍ਹਾਂ ਕਹਾਣੀਆਂ ਦਾ ਵੇਰਵਾ ਦਿਤਾ ਜਿਨ੍ਹਾਂ ਰਾਹੀਂ ਗੁਰੂ–ਆਗਿਆ ਦਾ ਪਾਲਣ ਕੀਤਾ ਗਿਆ ਸੀ ਤੇ ਹਰ ਵਾਰ ਉਨ੍ਹਾਂ ਦੀ ਸੇਵਾ ਸਫਲ ਹੋਈ ਸੀ। ਇਕ ਵਾਰ ਬਾਬਾ ਬੁੱਢਾ ਤੇ ਭਾਈ ਲਹਿਣਾ ਬੈਠੇ ਸਨ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁੱਛਿਆ, ਰਾਤ ਕਿਤਨੀ ਬੀਤ ਗਈ ਹੈ ਅਰ ਡੂਢ ਪਹਰ ਰਹੀ ਹੈ।

ਜਦੋਂ ਭਾਈ ਲਹਿਣਾ ਜੀ ਨੂੰ ਰਾਤ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ, "ਸੱਚੇ ਪਾਤਸ਼ਾਹ ਜੇਤੀ ਰਾਤਿ ਤੈ ਬਿਤਾਈ ਹੈ ਤੇਤੀ ਗਈ ਹੈ। ਤੂੰ ਜਾਨ ਪ੍ਰਬੀਨ ਹਰਿ।" ਸ੍ਰੀ ਗੁਰੂ ਨਾਨਕ ਅੰਗਦ ਦਾ ਸਿਦਕ ਦੇਖ ਕੇ ਖੁਸ਼ੀ ਹੋਏ।

ਫਿਰ ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਨੂੰ ਕਿਹਾ, "ਪੁਰਖਾ, ਦਿਨ ਹੋਇ ਗਇਆ ਹੈ।" ਭਾਈ ਲਹਿਣੇ ਨੇ ਵੀ ਹਾਂ 'ਚ ਹਾਂ ਮਿਲਾ ਦਿਤੀ। ਗੁਰੂ ਬਾਬੇ ਨੇ ਕਪੜੇ ਉਤਾਰੇ, ਉਨ੍ਹਾਂ ਨੂੰ ਧੋਣ ਲਈ ਦੇ ਦਿਤੇ। ਉਸ ਨੇ ਧੋ ਕੇ, ਸੁਕਾ ਕੇ ਬਾਬੇ ਨੂੰ ਪਹਿਨਾ ਦਿਤੇ। ਫਿਰ ਗੁਰੂ ਬਾਬੇ ਨੇ ਕਿਹਾ, ਪੁਰਖਾ ਦਿਨ ਸੀ ਕਿ ਰਾਤ ਸੀ।" ਉਨ੍ਹਾਂ ਨੇ ਕਿਹਾ, ਰਾਤੀ ਤੇ ਦਿਹੁ ਸਭ ਤੇਰੇ ਬਨਾਏ ਹੋਏ ਹੈਨ। ਜੇ ਤੂੰ ਰਾਤ ਚਾਹਦਾ ਹਰਿ ਤਾਂ ਰਾਤ ਹੋਇ ਜਾਂਦੀ ਹੈ ਜੇ ਤੂੰ ਦਿਨ ਚਾਹਦਾ ਹਰਿ ਤਾਂ ਦਿਹੁ ਹੋਇ ਜਾਂਦਾ ਹੈ।" ਗੁਰੂ ਬਾਬਾ ਭਾਈ ਲਹਿਣਾ ਜੀ ਦੇ ਸਿਦਕ ਨੂੰ ਵੇਖ ਕੇ ਪ੍ਰਸੰਨ ਹੋਏ।

ਚਿੱਕੜ ਭਰੇ ਚੁਬੱਚੇ 'ਚੋਂ ਕਟੋਰਾ ਕੱਢਣ ਦੀ ਕਹਾਣੀ, ਜੰਗਲ ਵਿਚ ਭੁੱਖੀ ਸੰਗਤ ਨੂੰ ਕਿੱਕਰ ਝਾੜ ਕੇ ਜਲੇਬੀਆਂ ਦਾ ਪ੍ਰਸਾਦਿ ਖਵਾਲਣ ਦੀ ਗਾਥਾ ਤੇ ਸ੍ਰੀ ਗੁਰੂ ਨਾਨਕ ਦਾ ਧਾਨਕ ਰੂਪ ਧਾਰਨ ਦੀ ਕਥਾ ਤੇ ਫਿਰ ਮੁਰਦਾ ਖਾਣ ਲਈ ਕਹਿਣਾ ਤੇ ਗੁਰੂ ਦੇ ਹੁਕਮ ਨੂੰ ਭਾਈ ਲਹਿਣਾ ਜੀ ਦਾ ਸਤਿ ਕਰ ਮੰਨਣਾ, ਗੁਰੂ ਪ੍ਰਤੀ ਸਿਦਕ, ਸੇਵਾ ਤੇ ਰਜ਼ਾ ਵਿਚ ਰਹਿਣ ਦੀ ਅਦੁੱਤੀ ਵਾਰਤਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਹਰ ਸਮੇਂ ਗੁਰੂ ਦੇ ਹੁਕਮ ਨੂੰ ਮੰਨਣ ਕਰਕੇ ਹੀ ਪ੍ਰਾਪਤ ਹੋਈ ਸੀ, ਇਸੇ ਕਾਰਨ ਉਸ ਵਗਰਾ ਸਿੱਖ ਹੋਰ ਕੋਈ ਨਹੀਂ ਕਿਹਾ ਜਾ ਸਕਦਾ। ਗੁਰੂ

ਅੰਗਦ ਆਪ ਕਹਿੰਦੇ ਹਨ, ''ਅਵਰ ਪ੍ਰਕਾਰ ਭੀ ਬਹੁਤ ਸਾਰੇ ਸਾਂਗ ਧਾਰੇ, ਪਰ ਉਨ ਹੀ ਕੀ ਕ੍ਰਿਪਾ ਕਰਿ ਕੈ ਮੇਰਾ ਹਿਰਦਾ ਕਿਸੀ ਬਾਤ ਕਰਿ ਡੁਲਾਇਮਾਨ ਨਾ ਹੋਆ। ਸਰਬ ਪ੍ਰਕਾਰ ਗੁਰੂ ਜੀ ਕੀ ਆਗਿਆ ਮਾਨੀ। ਤਬ ਗੁਰੂ ਕ੍ਰਿਪਾ ਕੀ ਦ੍ਰਿਸ਼ਟੀ ਮੇਰੀ ਓਰ ਦੇਖਿਆ, ਅਰਿ ਕਹਿਆ, ਜੇ ਪੁਰਖਾ ਬਾਜੀ ਜਿਨਿ ਲੀਤੀ ਹਈ। ਤੁਝੇ ਵਧਾਈ ਹੋਇ।.....ਪੁਰਖਾ ਤੁਝੇ ਮਾਨੇਗਾ ਸੋ ਮੁਝੇ ਮਾਨੇਗਾ।....ਤੂੰ ਮੈਂ, ਮੈਂ ਤੂੰ, ਤੁਮ ਹਮ ਕੋ ਭਿੰਨ ਜਾਨੈਗਾ ਸੋ ਗੁਰੂ ਤੇ ਬਿਛਰਿਆ ਰਹੇਗਾ।

ਭਾਈ ਲਹਿਣਾ ਦਾ ਜਨਮ 31 ਮਾਰਚ 1504 ਈਸਵੀ ਨੂੰ ਮੱਤੇ ਦੀ ਸਰਾਂ (ਸਰਾਇ ਨਾਗਾ) ਹੁਣ ਜ਼ਿਲ੍ਹਾ ਮੁਕਤਸਰ ਵਿਚ ਭਾਈ ਫੇਰੂ ਦੇ ਘਰ, ਮਾਤਾ ਸਭਰਾਈ ਦੀ ਕੁੱਖੋਂ ਹੋਇਆ। ਆਪ ਦਾ ਵਿਆਹ 29 ਜਨਵਰੀ 1519 ਈਸਵੀ ਨੂੰ ਖਡੂਰ ਨੇੜੇ ਪਿੰਡ ਸੰਘਰ ਵਿਚ ਹੋਇਆ। ਆਪ ਦੇ ਘਰ ਦੋ ਪੁੱਤਰ ਦਾਸੂ ਤੇ ਦਾਤੂ ਤੇ ਦੋ ਧੀਆਂ ਅਮਰੋ ਤੇ ਅਨੋਖੀ ਦਾ ਜਨਮ ਕ੍ਰਮਵਾਰ 1524 ਈਸਵੀ, 1537 ਈਸਵੀ, 1526 ਈਸਵੀ ਤੇ 1535 ਈਸਵੀ ਵਿਚ ਹੋਇਆ। ਇਸ ਮੇਲ ਦੀ ਕਹਾਣੀ ਵੀ ਅਲੌਕਿਕ ਹੈ। ਭਾਈ ਲਹਿਣਾ ਜੀ ਦੇਵੀ ਭਗਤ ਸਨ। ਉਹ ਹਰ ਸਾਲ ਵੈਸ਼ਨੋ ਦੇਵੀ ਜਾਂ ਜੁਆਲਾਮੁਖੀ ਸੰਗ ਲੈ ਕੇ ਜਾਇਆ ਕਰਦੇ ਸਨ। ਗਿਆਨੀ ਗਿਆਨ ਸਿੰਘ ਅਨੁਸਾਰ ਆਪ 1589 (1532 ਈਸਵੀ) ਬਿਕਰਮੀ ਨੂੰ ਅੱਸੂ ਦੇ ਮਹੀਨੇ ਆਪਣੇ ਸਾਥੀਆਂ ਸਮੇਤ ਵੈਸ਼ਨੋ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਹੋਏ ਜਦੋਂ ਡੱਲੇ ਦੇ ਪੱਤਣ ਤੋਂ ਲੰਘੇ ਤਾ ਆਖਣ ਲੱਗੇ ਏਥੇ ਸਤਿਪੁਰਖ ਰਹਿੰਦੇ ਹਨ, ਉਨ੍ਹਾਂ ਦੇ ਦਰਸ਼ਨ ਕਰ ਚਲੀਏ। ਸਭ ਨੇ ਹਾਂ ਕਰ ਦਿਤੀ।

ਭਾਈ ਲਹਿਣਾ ਜੀ ਇਸ ਸਮੇਂ ਸੰਘਰ ਹੀ ਰਹਿੰਦੇ ਸਨ ਜਿੱਥੇ ਉਨ੍ਹਾਂ ਦਾ ਵਿਆਹ ਦੇਵੀ ਚੰਦ ਖੱਤਰੀ ਦੀ ਪੁੱਤਰੀ ਖੀਵੀ ਨਾਲ 1519 ਈਸਵੀ ਵਿਚ ਹੋਇਆ ਸੀ। ਡਾ. ਰਤਨ ਸਿੰਘ ਜੱਗੀ ਅਨੁਸਾਰ ਆਪ 1532 ਈਸਵੀ ਵਿਚ ਜਵਾਲਾ ਜੀ ਦੀ ਯਾਤਰਾ ਕਰਨ ਜਾਂਦੇ ਹੋਏ ਰਾਹ ਵਿਚ ਕਰਤਾਰਪੁਰ ਰੁਕੇ। ਆਪ ਨੇ ਗੁਰੂ ਜੀ ਤੋਂ ਪ੍ਰਭਾਵਿਤ ਹੋ ਕੇ ਦੇਵੀ ਪੂਜਾ ਛੱਡ ਦਿਤੀ ਤੇ ਐਸੇ ਟਿਕੇ ਕਿ ਗੁਰੂ ਦਾ ਅੰਗ ਹੀ ਬਣ ਗਏ। ਉਨ੍ਹਾਂ ਨੇ ਹੀ ਭਾਈ ਲਹਿਣਾ ਨੂੰ ਅੰਗਦ ਨਾਂ ਪ੍ਰਦਾਨ ਕੀਤਾ। ਗਿਆਨੀ ਹਜ਼ਾਰਾ ਸਿੰਘ ਅਨੁਸਾਰ ਲਹਿਣੇ ਨਾਲ ਭਾਗੀਰਥ ਦਾ ਜਦੋਂ ਮਿਲਾਪ ਹੋਇਆ ਤਾਂ ਉਸ ਦੀ ਦੱਸ 'ਤੇ ਹੀ ਉਹ ਕਰਤਾਰਪੁਰ ਗੁਰੂ ਨਾਨਕ ਕੋਲ ਪੁੱਜੇ ਜਿਸ ਰਸਤੇ ਉਹ ਰਾਵੀ ਲੰਘ ਕੇ ਕੰਜਰੂੜ ਕਸਬੇ ਰਾਹੀਂ ਵੈਸ਼ਨੋ ਦੇਵੀ ਦੀ ਯਾਤਰਾ 'ਤੇ ਜਾਇਆ ਕਰਦੇ ਸਨ। ਪ੍ਰੋ. ਕਰਤਾਰ ਸਿੰਘ ਲਿਖਦੇ ਹਨ ਕਿ ਭਾਈ ਲਹਿਣਾ ਜੀ 1532 ਈਸਵੀ ਵਿਚ ਦੇਵੀ ਭਗਤਾਂ ਦਾ ਸੰਗ ਲੈ ਕੇ ਦੇਵੀ ਅਸਥਾਨ ਦੀ ਯਾਤਰਾ ਲਈ ਜਵਾਲਾਮੁਖੀ ਨੂੰ ਤੁਰੇ ਪਰ ਸਲਾਹ ਇਹ ਬਣਾ ਲਈ ਕਿ ਇਸ ਵਾਰ ਕਰਤਾਰਪੁਰ ਹੋ ਕੇ ਜਾਣਾ ਹੈ। ਭਾਈ ਕੇਸਰ ਸਿੰਘ ਛਿੱਬਰ ਨੇ ਵੀ ਲਿਖਿਆ ਕਿ ਮਾਤਾ ਤ੍ਰਿਕੁਟਾ ਜੀ ਦੇ ਦਰਸ਼ਨਾਂ ਨੂੰ ਜਾਂਦੇ ਹੋਏ ਕਰਤਾਰਪੁਰ ਪਹੁੰਚੇ ਤੇ ਬਾਬਾ ਨਾਨਕ ਦੇ ਦਰਸ਼ਨ ਕਰਕੇ ਨਿਹਾਲ ਹੋਏ, ਸਾਰਾ ਭਰਮ ਮਿਟ ਗਿਆ। ਐਸੇ ਟਿਕੇ ਕਿ ਕਿ ਗੁਰੂ ਜੀ ਦੀ ਆਗਿਆ 'ਚ ਰਹਿ ਕੇ ਅਗਲੇ 7 ਸਾਲ ਖੂਬ ਘਾਲ ਕਮਾਈ ਕੀਤੀ। ਗੁਰੂ ਜੀ ਵਲੋਂ ਕੀਤੀ ਹਰ ਪਰਖ ਵਿਚ ਕੰਚਨ ਵਾਂਗ ਖਰੇ ਉਤਰੇ। 'ਵਾਰ ਰਾਮਕਲੀ' ਵਿਚ ਸਾਫ ਲਿਖਿਆ ਹੈ –

*ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥*
*ਜਾਂ ਸੁਧੋਸੁ ਤਾ ਲਹਣਾ ਟਿਕਿਓਨੁ॥*

ਭਾਈ ਗੁਰਦਾਸ ਜੀ ਨੇ ਵੀ ਪਹਿਲੀ ਵਾਰ ਵਿਚ ਲਿਖਿਆ ਹੈ –

*ਥਾਪਿਆ ਲਹਣਾ ਜੀਂਵਦੈ,*
*ਗੁਰਿਆਈ ਸਿਰਿ ਛਤ੍ਰ ਫਿਰਾਇਆ।*
*ਜੋਤੀ ਜੋਤਿ ਮਿਲਾਇ ਕੈ,*
*ਸਤਿਗੁਰ ਨਾਨਕਿ ਰੂਪੁ ਵਟਾਇਆ।*
*ਲਖਿ ਨ ਕੋਈ ਸਕਈ,*
*ਆਚਜੇ ਆਚਰਜੁ ਦਿਖਾਇਆ।*
*ਕਾਇਆ ਪਲਟਿ ਸਰੂਪੁ ਬਣਾਇਆ।*

ਲਹਿਣੇ ਨੂੰ ਗੁਰੂ ਥਾਪ ਕੇ ਤੇ ਗੁਰਤਾ ਦੀ ਪਰੰਪਰਾ ਨੂੰ ਨਿਯਮ ਬੱਧ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਪ੍ਰਵਾਹ ਚਲਾ ਦਿਤਾ ਜਿਸ ਨਾਲ ਸਿੱਖ ਧਰਮ ਨੇ ਬਹੁਤ ਵਿਕਾਸ ਕੀਤਾ। ਡਾ. ਅਰਨਸਟ ਟਰੰਪ ਨੇ ਠੀਕ ਹੀ ਲਿਖਿਆ ਹੈ –

''ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚੇਲੇ ਛੇਤੀ ਹੀ ਬਿਖਰ ਜਾਂਦੇ ਜੇ ਉਹ ਆਪਣੇ ਤੋਂ ਪਹਿਲਾਂ ਹੋ ਗੁਜ਼ਰੇ ਬਹੁਤ ਸਾਰੇ ਹੋਰ ਗੁਰੂਆਂ ਦੇ ਚੇਲਿਆਂ ਵਾਂਗੂੰ ਆਪਣੇ ਚਲਾਣੇ ਤੋਂ ਪਹਿਲਾਂ ਆਪਣਾ ਜਾਨਸ਼ੀਨ ਆਪ ਨਾ ਥਾਪ ਜਾਂਦੇ।

## ਗੁਰਿਆਈ ਦਾ ਸਮਾਂ

ਲਹਿਣਾ (ਸ੍ਰੀ) ਗੁਰੂ ਅੰਗਦ ਬਣਿਆ ਤੇ ਸ੍ਰੀ

ਗੁਰੂ ਨਾਨਕ ਦੇਵ ਜੀ ਦੇ ਮਾਰਗ 'ਤੇ ਚਲ ਕੇ ਜਗਤ ਦੀ ਅਗਵਾਈ ਕੀਤੀ। ਰਾਮਕਲੀ ਕੀ ਵਾਰ ਵਿਚ ਰਾਇ ਬਲਵੰਡ ਤਥਾ ਸਤੈ ਡੂਮਿ ਨੇ ਆਖਿਆ ਹੈ –

*ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥*
*ਨਾਨਕੁ ਕਾਇਆ ਪਲਟੁ ਕਰਿ*
*ਮਲਿ ਤਖਤੁ ਬੈਠਾ ਸੈ ਡਾਲੀ ॥*

.....................................

*ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥*
*ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ ॥*
*ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥*
*ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ ॥*
*ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ ॥*
*ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ ॥*
*ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ ॥* ਅੰਗ – ੯੬੭

ਜਿਸ ਵਿਅਕਤੀ ਨੇ ਗੁਰੂ ਦੀ ਨਿੰਦਾ ਕੀਤੀ, ਉਸ ਨੂੰ ਸ਼ਰਮਿੰਦਾ ਹੋਣਾ ਪਿਆ। ਭਾਵੇਂ ਉਹ ਖਡੂਰ ਦਾ ਤਪਾ ਸੀ, ਜਾਂ ਹਮਾਯੂੰ ਬਾਦਸ਼ਾਹ। ਚੌਧਰੀ ਬਖਤਾਵਰ ਸੀ ਜਾਂ ਕੋਈ ਹੋਰ। ਉਨ੍ਹਾਂ ਨੇ ਸਭ ਦਾ ਅਹੰਕਾਰ ਤੋੜਿਆ ਤੇ ਆਪਣੇ ਸੇਵਕਾਂ ਨੂੰ ਸੇਵਾ, ਸਿਮਰਨ ਤੇ ਨਿਮਰਤਾ ਦਾ ਪਾਠ ਪੜ੍ਹਾਇਆ।

ਗੁਰੂ ਜੀ ਦੇ ਉਪਕਾਰਾਂ ਵਿਚ ਗੁਰੂ ਬਾਬੇ ਦੀ ਬਾਣੀ ਸਾਂਭਣੀ ਤੇ ਗੁਰਮੁਖੀ ਲਿਪੀ ਵਿਚ ਇਕੱਠੀ ਕੀਤੀ ਗੁਰਬਾਣੀ ਲਿਖਾਉਣੀ ਸ਼ਾਮਿਲ ਹੈ। ਉਨ੍ਹਾਂ ਗੁਰਮੁਖੀ ਲਿਪੀ ਤੇ ਅੱਖਰਾਂ ਦੀ ਸੋਧ ਕਰ ਕੇ ਵਰਤਮਾਨ ਰੂਪ ਦਿਤਾ। ਸ੍ਰੀ ਗੁਰੂ ਨਾਨਕ ਦੇ ਜੀਵਨ ਸਮਾਚਾਰ ਵੀ ਲਿਖਵਾਏ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ-ਸਾਖੀ ਭਾਈ ਪੈੜਾ ਮੋਖਾ ਦੀ ਸਹਾਇਤਾ ਨਾਲ ਲਿਖੀ ਗਈ। ਇਹ ਵੱਖਰੀ ਗੱਲ ਹੈ ਕਿ ਉਸ ਜਨਮ ਸਾਖੀ ਦਾ ਪਹਿਲਾ ਤੇ ਪ੍ਰਮਾਣਿਕ ਖਰੜਾ ਜਾਂ ਉਸ ਦਾ ਠੀਕ-ਠੀਕ ਉਤਾਰਾ ਨਹੀਂ ਮਿਲਦਾ। ਇਸ ਨੂੰ ਪਹਿਲਾਂ ਪ੍ਰਿਥੀਏ ਨੇ ਤੇ ਉਸ ਦੇ ਪੁੱਤ ਮਿਹਰਬਾਨ ਨੇ ਅਤੇ ਫੇਰ ਹਿੰਦਾਲੀਆਂ ਨੇ ਭੰਨਿਆ-ਤੋੜਿਆ ਅਤੇ ਗੁੰਮ ਕੀਤਾ ਤੇ ਉਨ੍ਹਾਂ ਦੇ ਲਿਖਣ ਦਾ ਸਮਾਂ ਵੀ ਗਲਤ ਪਾਇਆ। ਇਹ ਰਲਗੱਡ ਜਨਮ ਸਾਖੀ ਭਾਈ ਬਾਲੇ ਵਾਲੀ ਜਨਮ ਸਾਖੀ ਹੀ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਿਆਈ ਸਮਾਂ ਇਸ ਪੱਖੋਂ ਮਹੱਤਵਪੂਰਨ ਹੈ ਕਿ ਜਿਸ ਖੇਤੀ ਨੂੰ ਸ੍ਰੀ ਗੁਰੂ ਨਾਨਕ ਨੇ ਬੀਜਿਆ, ਉਸ ਦੀ ਰੱਖਿਆ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵਾੜ ਕੀਤੀ ਤੇ ਨਵ-ਜੰਮੇ ਧਰਮ ਨੂੰ ਸੁਰੱਖਿਅਤ ਕੀਤਾ। ਇਹ ਕਾਰਜ ਉਨ੍ਹਾਂ ਨੇ ਦ੍ਰਿੜ੍ਹਤਾ ਤੇ ਅਡੋਲਤਾ ਨਾਲ ਕੀਤਾ। ਜਦੋਂ ਬਾਬਾ ਸ੍ਰੀ ਚੰਦ ਦਾ ਉਦਾਸੀ ਮੱਤ ਜ਼ੋਰ ਫੜ ਰਿਹਾ ਸੀ ਤੇ ਗੁਰਸਿੱਖ ਬਾਬਾ ਸ੍ਰੀ ਚੰਦ ਵੱਲ ਉੱਲਰ ਰਹੇ ਸਨ ਤਾਂ ਗੁਰੂ ਜੀ ਨੇ ਕਿਹਾ ਕਿ ਉਦਾਸੀਆਂ ਦਾ ਸਿੱਖਾਂ ਨਾਲ ਕੋਈ ਸਬੰਧ ਨਹੀਂ ਹੈ। ਬਾਬਾ ਸ੍ਰੀ ਚੰਦ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਵਿਰੋਧ ਜਾਰੀ ਰੱਖਿਆ ਤੇ ਉਨ੍ਹਾਂ ਨੂੰ 'ਟਹਿਲੀਆ' ਕਹਿ ਕੇ ਸਿੱਧਾ ਵਿਰੋਧ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਸਭ ਕੁਝ ਅਣਡਿੱਠ ਕਰਦੇ ਤੇ ਜਰਦੇ ਰਹੇ। ਪਰ ਜਦੋਂ ਸ੍ਰੀ ਚੰਦ ਜੀ ਨੇ 'ਉਦਾਸੀ' ਸੰਪਰਦਾਇ ਚਲਾ ਕੇ ਸਿੱਖਾਂ ਨੂੰ ਵੀ ਤਿਆਗੀ ਤੇ ਬ੍ਰਹਮਚਾਰੀ ਜੀਵਨ ਜਿਉਣ ਲਈ ਪ੍ਰੇਰਨਾ ਦੇਣੀ ਸ਼ੁਰੂ ਕਰ ਦਿਤੀ ਤੇ ਆਪ ਸ੍ਰੀ ਗੁਰੂ ਨਾਨਕ ਸਾਹਿਬ ਦੇ ਚਲਾਏ ਹੋਏ ਸਿੱਖ ਧਰਮ ਦੇ ਪੈਰੋਕਾਰ ਹੋਣ ਦਾ ਦਾਅਵਾ ਕਰਨ ਲੱਗ ਪਏ ਤਾਂ ਗੁਰੂ ਅੰਗਦ ਦੇਵ ਜੀ ਇਹ ਸਹਾਰ ਨਾ ਸਕੇ। ਉਨ੍ਹਾਂ ਨੇ ਬੜੇ ਜ਼ੋਰ ਨਾਲ ਇਹ ਐਲਾਨ ਕੀਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ-ਸੰਦੇਸ਼ ਵਿਚ ਸੰਨਿਆਸੀਆਂ, ਵੈਰਾਗੀਆਂ ਤੇ ਇਕਾਂਤ ਵਾਸੀਆਂ ਲਈ ਕੋਈ ਥਾਂ ਨਹੀਂ ਕਿਉਂਕਿ ਉਨ੍ਹਾਂ ਦਾ ਆਰੰਭਿਆ ਧਰਮ ਉੱਦਮੀ ਤੇ ਸਰਗਰਮ ਘਰਬਾਰੀਆਂ ਨਾਲ ਸਬੰਧ ਰਖਦਾ ਹੈ।....ਇਉਂ ਉਨ੍ਹਾਂ ਨੇ ਸਿੱਖ ਧਰਮ ਦੀ ਸ਼ੁੱਧਤਾ, ਪਵਿੱਤਰਤਾ ਤੇ ਮੌਲਿਕਤਾ ਨੂੰ ਵਿਗੜਨ ਤੇ ਰਲਗੱਡ ਹੋਣ ਤੋਂ ਬਚਾਅ ਲਿਆ।

ਜਦੋਂ ਹਮਾਯੂੰ ਖਡੂਰ ਸਾਹਿਬ ਆਇਆ ਤਾਂ ਉਸ ਸਮੇਂ ਗੁਰੂ ਜੀ ਭਗਤੀ ਵਿਚ ਲੀਨ ਸਨ। ਉਹ ਹਮਾਯੂੰ ਵਲ ਛੇਤੀ ਧਿਆਨ ਨਾ ਦੇ ਸਕੇ। ਉਹ ਤਾਂ ਤਖ਼ਤ ਗੁਆ ਕੇ ਤਖ਼ਤ ਬਹਾਲੀ ਲਈ ਆਸ਼ੀਰਵਾਦ ਲੈਣ ਆਇਆ ਸੀ। ਹਮਾਯੂੰ ਨੇ ਆਪਣੀ ਨਿਰਾਦਰੀ ਮਹਿਸੂਸ ਕਰਕੇ ਅਤੇ ਗੁੱਸੇ ਵਿਚ ਆ ਕੇ ਸਤਿਗੁਰਾਂ ਤੇ ਵਾਰ ਕਰਨ ਲਈ ਤਲਵਾਰ ਮਿਆਨ 'ਚੋਂ ਕੱਢੀ। ਪਰ ਗੁਰੂ ਜੀ ਨੇ ਉਸ ਦੀ ਧਮਕੀ ਦੀ ਕੋਈ ਪਰਵਾਹ ਨਾ ਕੀਤੀ ਤੇ ਇਸ ਤਰ੍ਹਾਂ ਦ੍ਰਿੜ੍ਹਤਾ ਨਾਲ ਉਸ ਵਲ ਦੇਖਿਆ ਕਿ ਉਸ ਦਾ ਹੱਥ ਤਲਵਾਰ ਦੇ ਮੁੱਠੇ ਉਤੇ ਹੀ ਟਿਕ ਗਿਆ ਅਤੇ ਉਥੇ ਹੀ ਬੁੱਤ ਵਾਂਗ ਖੜ੍ਹਾ ਰਹਿ ਗਿਆ। ਸਤਿਗੁਰੂ ਜੀ ਨੇ ਰਮਜ਼ ਭਰੀ ਚੜ੍ਹਦੀ ਕਲਾ ਵਿਚ ਮੁਸਕਰਾਦਿਆਂ ਕਿਹਾ, ''ਜਿਹੜੀ ਤਲਵਾਰ

ਹੁਣ ਤੂੰ ਪੀਰਾਂ ਫਕੀਰਾਂ ਉਤੇ ਸੂਤਣ ਲੱਗਾ ਏਂ, ਉਹ ਸ਼ੇਰਸ਼ਾਹ ਸੂਰੀ ਦੇ ਟਾਕਰੇ ਵੇਲੇ ਕਿੱਥੇ ਸੀ? ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਲਿਖਿਆ ਹੈ –

*ਕਾਇਰ ਭਯੋ ਰਾਜ ਕਰਿ ਆਵਾ।*
*ਹਮਹਿ ਸੁਰਤਾ ਚਹੈ ਦਿਖਾਵਾ।*

'ਮਹਿਮਾ ਪ੍ਰਕਾਸ਼' ਵਿਚ ਵੀ ਲਿਖਿਆ ਹੈ –

*ਤਬ ਹਾਥ ਤਲਵਾਰ ਮੂਠ ਪਰ ਰਾਖਾ।*
*ਬਝ ਗਯੋ ਤਬ ਦੇਖ ਪ੍ਰਭ ਭਾਖਾ।*
*ਸ਼ੇਰਸਾਹ ਸੇ ਕਛੁ ਨਹੀਂ ਕੀਨਾ।*
*ਈਹਾਂ ਤਲਵਾਰ ਮੂਠ ਗਹਿ ਲੀਨਾ।*
*ਬਿਨਤੀ ਧਾਰ ਹਮਾਯੂੰ ਕਹਿਓ*
*ਬੜੀ ਚੂਕ ਹਮ ਤੇ ਇਹ ਭਇਓ।*
*ਅਬ ਮਾਫ ਤਕਸੀਰ ਹੋਇ ਕਾਮਲ ਵਲੀ।*
*ਬਖਸ਼ ਨਾਨਕ ਕੇ ਸਕੇ ਟਲੀ।*

ਹੰਕਾਰੀ ਸ਼ਿਵਨਾਥ ਤਪੇ ਦੀ ਕਹਾਣੀ ਵੀ ਗੁਰੂ ਜੀ ਦੀ ਨਿਮਰਤਾ ਤੇ ਦ੍ਰਿੜ੍ਹਤਾ ਦੀ ਸੂਚਕ ਹੈ। ਇਕ ਵਾਰ ਮੀਂਹ ਨਾ ਪਿਆ। ਤਪੇ ਨੇ ਕਿਹਾ, ਜਦ ਤਕ ਗੁਰੂ ਅੰਗਦ ਦੇਵ ਜੀ ਖਡੂਰ ਵਿਚ ਹਨ, ਏਥੇ ਮੀਂਹ ਨਹੀਂ ਪੈਣਾ। ਲੋਕੀਂ ਘਬਰਾਏ ਹੋਏ ਸਨ। ਉਹ ਜੋਗੀ ਦੇ ਝਾਂਸੇ ਵਿਚ ਆ ਗਏ ਤੇ ਗੁਰੂ ਜੀ ਨੂੰ ਕਹਿਣ ਲੱਗੇ, ਔੜ ਨਾਲ ਤਬਾਹ ਹੋ ਰਹੇ ਹਾਂ। ਮੀਂਹ ਪਵਾਓ। ਗੁਰੂ ਜੀ ਨੇ ਕਿਹਾ, ਭਲਿਓ ਪੁਰਸ਼ੋ! ਮੀਂਹ ਤਾਂ ਮਾਲਕ ਦੇ ਹੱਥ-ਵਸ ਹੈ। ਜਦੋਂ ਉਸ ਦੀ ਰਜ਼ਾ ਹੋਈ, ਮੀਂਹ ਉਦੋਂ ਹੀ ਵਰ੍ਹੇਗਾ। ਉਨ੍ਹਾਂ ਨੇ ਕਿਹਾ, ਜਾਂ ਤਾਂ ਮੀਂਹ ਪਵਾਓ, ਨਹੀਂ ਤਾਂ ਏਥੋਂ ਚਲੇ ਜਾਓ। ਤੁਹਾਡੇ ਜਾਣ ਮਗਰੋਂ ਮੀਂਹ ਪਵੇਗਾ। ਤਪਾ ਜ਼ੁੰਮਾ ਲੈਂਦਾ ਹੈ।

ਗੁਰੂ ਜੀ ਉਤੋਂ ਜਾ ਕੇ ਖਾਨ ਰਜ਼ਾਦੇ ਦੀ ਜੂਹ ਵਿਚ ਜਾ ਬੈਠੇ ਪਰ ਤਪਾ ਮੀਂਹ ਨਾ ਪੁਆ ਸਕਿਆ। ਗੁਰੂ ਅਮਰਦਾਸ ਜੀ ਉਸ ਸਮੇਂ ਬਾਸਰਕੇ ਗਏ ਹੋਏ ਸਨ। ਜਦ ਆਏ ਤਾਂ ਸਾਰੀ ਕਹਾਣੀ ਸੁਣ ਕੇ ਬੜੇ ਦੁਖੀ ਹੋਏ। ਗੁਰੂ ਅਮਰਦਾਸ ਜੀ ਨੇ ਲੋਕਾਂ ਨੂੰ ਕਿਹਾ, ਤੁਸੀਂ ਸਾਰੇ ਇਕ ਮਨ ਹੋ ਕੇ ਗੁਰੂ ਜੀ ਦਾ ਧਿਆਨ ਧਰ ਕੇ, ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ ਹੋਏ ਤਪੇ ਨੂੰ ਆਪਣੇ ਖੇਤਾਂ ਵਿਚ ਲੈ ਜਾਓ। ਜਿੱਥੇ-ਜਿੱਥੇ ਜਾਓਗੇ, ਮੀਂਹ ਪੈਣ ਲੱਗ ਪਵੇਗਾ। ਉਨ੍ਹਾਂ ਇਸ ਤਰ੍ਹਾਂ ਹੀ ਕੀਤਾ ਤੇ ਤਪਾ ਘਸੀਟਦਿਆਂ-ਘਸੀਟਦਿਆਂ ਹੀ ਮਰ ਗਿਆ।

ਓਧਰ ਜਦੋਂ ਗੁਰੂ ਅਮਰਦਾਸ ਜੀ ਖਾਨ ਰਜ਼ਾਦਾ ਪਹੁੰਚੇ ਤਾਂ ਗੁਰੂ ਅੰਗਦ ਦੇਵ ਜੀ ਗੁੱਸੇ ਹੋਏ ਤੇ ਕਿਹਾ, ਤੁਸਾਂ ਕਰਾਮਾਤ ਕਿਉਂ ਵਿਖਾਈ? ਤੁਸੀਂ ਤਪੇ ਦੀ ਮੌਤ ਦਾ ਕਾਰਨ ਕਿਉਂ ਬਣੇ?

ਫਿਰ ਗੁਰੂ ਜੀ ਨੇ ਕਿਹਾ, ਸਿੱਖੀ ਇਹ ਸਿਖਾਉਂਦੀ ਹੈ ਕਿ ਬੁਰੇ ਦਾ ਵੀ ਭਲਾ ਕਰੋ। ਅਪਰਾਧੀ ਨੂੰ ਸਿੱਧੇ ਰਾਹ ਪਾਓ ਤੇ ਭਾਣੇ ਨੂੰ ਮਿੱਠਾ ਕਰਕੇ ਮੰਨੋ।

ਗੁਰੂ ਜੀ ਨੇ ਇਸ ਤਰ੍ਹਾਂ ਸਿੱਖੀ ਦੀ ਫਸਲ ਦੀ ਰੱਖਿਆ ਕੀਤੀ ਤੇ ਕਈ ਮਹੱਤਵਪੂਰਨ ਕਾਰਜ ਕੀਤੇ। ਉਹ ਆਪਣੇ ਸਿੱਖਾਂ ਤੇ ਸ੍ਰੀ ਚੰਦ ਦੇ ਪੈਰੋਕਾਰਾਂ ਵਿਚ ਦੁਫੈੜ ਤੇ ਮਤਭੇਦ ਦੂਰ ਕਰਨ ਵਿਚ ਸਫਲ ਰਹੇ। ਉਨ੍ਹਾਂ ਆਪਣੇ ਸ਼ਾਂਤ ਸੁਭਾਅ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭਵਨ ਦੀ ਉਸਾਰੀ ਕੀਤੀ ਜਿਸ ਦੀਆਂ ਨੀਹਾਂ ਗੁਰੂ ਨਾਨਕ ਦੇਵ ਜੀ ਨੇ ਭਰੀਆਂ ਸਨ।

ਗੁਰੂ ਜੀ ਨੇ ਸਿੱਖੀ ਦਾ ਪ੍ਰਚਾਰ ਖਡੂਰ ਵਿਚ ਟਿਕ ਕੇ ਕੀਤਾ। ਉਨ੍ਹਾਂ ਨਾਲ ਸਬੰਧਿਤ ਸਭ ਗੁਰਦੁਆਰੇ ਜਾਂ ਤਾਂ ਵਰਤਮਾਨ ਤਰਨ ਤਾਰਨ ਜ਼ਿਲ੍ਹੇ ਵਿਚ ਹਨ ਤੇ ਜਾਂ ਉਨ੍ਹਾਂ ਦੇ ਜਨਮ ਸਥਾਨ ਸਰਾਏ ਨਾਗਾ, ਜ਼ਿਲ੍ਹਾ ਮੁਕਤਸਰ ਵਿਚ ਹਨ। ਇਹ ਗੁਰਦੁਆਰੇ ਹਨ ਦਰਬਾਰ ਸਾਹਿਬ ਖਡੂਰ, ਗੁਰਦੁਆਰਾ ਮੱਲ ਅਖਾੜਾ, ਤਪਿਆਣਾ ਸਾਹਿਬ, ਗੁਰਦੁਆਰਾ ਖਾਨ ਰਜ਼ਾਦਾ, ਗੁਰਦੁਆਰਾ ਭਰੋਵਾਲ ਸਾਹਿਬ। ਛੇਵਾਂ ਗੁਰਦੁਆਰਾ ਸਾਹਿਬ ਮੱਤੇ ਦੀ ਸਰਾਂ ਵਿਚ ਹੈ।

ਇਨ੍ਹਾਂ ਛੇ ਗੁਰਦੁਆਰਿਆਂ ਤੋਂ ਬਿਨਾਂ ਗੁਰੂ ਜੀ ਦੀ ਅਮਰ ਨਿਸ਼ਾਨੀ ਉਨ੍ਹਾਂ ਦੇ 63 ਸ਼ਬਦ ਸਲੋਕ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਉਨ੍ਹਾਂ ਦੀ ਛੇ ਗੁਰੂ-ਸਾਹਿਬਾਨ ਨਾਲੋਂ ਸਭ ਤੋਂ ਘੱਟ ਬਾਣੀ ਹੈ, ਪਰ ਇਹ ਇਤਨੀ ਸੁਖੈਨ ਹੈ ਕਿ ਇਹ ਅਖਾਣਾਂ ਵਾਂਗ ਆਮ ਲੋਕਾਂ ਦੇ ਮੂੰਹ ਚੜ੍ਹੀ ਹੋਈ ਹੈ –

*ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥*
*ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥*
*ਅੰਗ– ੪੭੪*

*ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥ ਅੰਗ– ੭੮੭*
*ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥*
*ਅੰਗ – ੧੨੩੮*

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ– ੪੬੩*

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥ ਅੰਗ- ੬੫੩*

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਪ੍ਰਮਾਤਮਾ ਪ੍ਰਤੀ ਸੰਕੇਤ ਹਨ, ਪਰ ਇਹ ਸੰਕੇਤ ਉਤਨੇ ਹੀ ਸ੍ਰੀ ਗੁਰੂ ਨਾਨਕ ਪ੍ਰਤੀ ਵੀ ਹਨ। ਉਨ੍ਹਾਂ ਉਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਡਾਢਾ ਪ੍ਰਭਾਵ ਹੈ। ਕਈ ਸਲੋਕ ਤਾ ਇਕ-ਅੱਧੇ ਅੱਖਰ ਦੇ ਅੰਤਰ ਨਾਲ ਸ੍ਰੀ ਗੁਰੂ ਨਾਨਕ ਸਾਹਿਬ ਵਾਲੇ ਹੀ ਹਨ। ਉਨਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਰਗ ਨੂੰ ਹੋਰ ਦ੍ਰਿੜ੍ਹ ਕਰਵਾਇਆ ਤੇ ਮਾਤਾ ਖੀਵੀ ਦੀ ਸਹਾਇਤਾ ਨਾਲ ਲੰਗਰ ਪ੍ਰਥਾ ਨੂੰ ਪਰਪੱਕ ਕੀਤਾ ਜਿਵੇਂ ਵਾਰ ਰਾਮਕਲੀ ਵਿਚ ਹੈ -

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*
*ਅੰਗ- ੯੬੭*

ਸ੍ਰੀ ਗੁਰੂ ਅੰਗਦ ਦੇਵ ਜੀ ਸਿੱਖ ਜਗਤ ਦੇ ਮੁਕਤੀ ਦਾਤਾ ਬਣੇ। ਭਾਈ ਬਲਵੰਡ ਨੇ ਠੀਕ ਹੀ ਲਿਖਿਆ ਹੈ -

*ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥*
*ਤੁਧੁ ਡਿਠੇ ਸਚੇ ਪਾਤਿਸਾਹ*
*ਮਲੁ ਜਨਮ ਜਨਮ ਦੀ ਕਟੀਐ ॥ ਅੰਗ- ੯੬੭*

ਤੇ ਭੱਟ ਟਲ ਕਹਿੰਦਾ ਹੈ -

*ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥*
*ਅੰਗ- ੧੩੯੨*

ਡਾਕਟਰ ਗਰੇਵਾਲ ਠੀਕ ਹੀ ਕਹਿੰਦੇ ਹਨ ਕਿ ਉਨ੍ਹਾਂ ਦੀ ਗੁਰਿਆਈ ਸ੍ਰੀ ਗੁਰੂ ਨਾਨਕ ਦੇਵ ਦੇ ਕਾਰਜ ਦਾ ਵਿਸਥਾਰ ਹੀ ਸੀ ਪਰੰਤੂ ਕਈ ਪਹਿਲੂਆਂ 'ਤੇ ਵਧੇਰੇ ਬਲ ਵੀ ਦਿਤਾ ਗਿਆ ਸੀ।

ਆਪ 12 ਸਾਲ ਛੇ ਮਹੀਨੇ 9 ਦਿਨ ਗੁਰਗੱਦੀ 'ਤੇ ਬਿਰਾਜਮਾਨ ਰਹੇ ਅਤੇ ਚੇਤ ਸੁਦੀ ਚਾਰ ਸੰਮਤ 1609 (29 ਅਗਸਤ 1552 ਈਸਵੀ) ਨੂੰ ਖਡੂਰ ਸਾਹਿਬ ਜੋਤੀ ਜੋਤ ਸਮਾ ਗਏ। ਆਪ ਨੇ ਗੁਰਗੱਦੀ ਗੁਰੂ ਅਮਰਦਾਸ ਨੂੰ ਥਾਪ ਕੇ ਸੀਸ ਨਿਵਾਇਆ ਤੇ ਆਪ ਪਰਲੋਕ ਗਮਨ ਕਰ ਗਏ।

---

*(ਪੰਨਾ 42 ਦੀ ਬਾਕੀ)*

ਤਾਂਤੇ ਮਨ ਕਰ ਕੇ ਨਿਰੰਕਾਰ ਦੀ ਉਸਤਤਿ ਹੀ ਸਰਵੋਤਮ ਤੇ ਸੱਚਾ ਵਿਉਹਾਰ ਹੈ -

*ਉਸਤਤਿ ਮਨ ਮਹਿ ਕਰਿ ਨਿਰੰਕਾਰ ॥*
*ਕਰਿ ਮਨ ਮੇਰੇ ਸਤਿ ਬਿਉਹਾਰ ॥ ਅੰਗ- ੨੮੧*

ਮਨ ਕਰ ਕੇ ਜਪਿਆ 'ਹਰਿ ਕੋ ਨਾਮ' ਮਨੁੱਖਤਾ ਦਾ ਸਰਵੋਤਮ ਧਰਮ ਅਤੇ ਸਰਵੋਤਮ ਕਰਮ ਹੈ -

*ਸਰਬ ਧਰਮ ਮਹਿ ਸ੍ਰੇਸਟ ਧਰਮੁ ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥*
*ਸਗਲ ਕ੍ਰਿਆ ਮਹਿ ਊਤਮ ਕਿਰਿਆ ॥*
*ਸਾਧਸੰਗਿ ਦੁਰਮਤਿ ਮਲੁ ਹਿਰਿਆ ॥*
*ਸਗਲ ਉਦਮ ਮਹਿ ਉਦਮੁ ਭਲਾ ॥*
*ਹਰਿ ਕਾ ਨਾਮੁ ਜਪਹੁ ਜੀਅ ਸਦਾ ॥*
*ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥*
*ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥*
*ਸਗਲ ਥਾਨ ਤੇ ਓਹੁ ਊਤਮ ਥਾਨੁ ॥*
*ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥ ਅੰਗ - ੨੬੬*

*(ਪੰਨਾ 44 ਦੀ ਬਾਕੀ)*

ਸੱਤਾ ਦੇ ਕੇ ਕਰਮ ਕਰਾਏ=ਕਰਾਉਣ ਵਾਲਾ ਹੈ ਵਾ: ਆਪ ਹੀ ਸਤਿਗੁਰੂ ਰੂਪ ਹੋ ਕੇ ਉਪਦੇਸ਼ ਕਰਦਾ ਹੈ ਤੇ ਸਿੱਖਾਂ ਦੇ ਪਾਸੋਂ ਆਪ ਹੀ ਸਰਵਣ-ਮੰਨਣ-ਨਿਧਿਆਸਣ ਕਰਾਏ=ਕਰਾਉਂਦਾ ਹੈ। ਜਿਹੜੇ ਅਵਿਦਿਆ ਦੀ ਨੀਂਦ ਵਿਚ ਸੁੱਤੇ ਪਏ ਹਨ, ਉਹਨਾਂ ਨੂੰ ਗਿਆਨ ਅਵਸਥਾ ਵਿਚ ਜਗਾਇ=ਜਗਾ ਦੇਇ=ਦਿੰਦਾ ਹੈ।

ਆਪੇ ਮੇਲਿ ਮਿਲਾਇਦਾ
ਨਾਨਕ ਸਬਦਿ ਸਮਾਇ ॥ ੮ ॥ ੭ ॥ ੨੪ ॥

ਗੁਰੂ ਜੀ ਕਥਨ ਕਰਦੇ ਹਨ ਜਿਹੜੇ ਗੁਰੂ ਸਾਹਿਬ ਜੀ ਦੇ ਸਬਦਿ=ਉਪਦੇਸ਼ ਵਿਚ ਸਮਾਇ=ਲੀਨ ਹੋ ਜਾਂਦੇ ਹਨ ਭਾਵ ਸਮਾਅ ਜਾਂਦੇ ਹਨ। ਉਹਨਾਂ ਨੂੰ ਵਾਹਿਗੁਰੂ ਪਰਮੇਸ਼ਰ ਆਪ ਆਪਣੇ ਸਰੂਪ ਦੇ ਮੇਲ ਵਿਚ ਮਿਲਾਇਦਾ=ਮਿਲਾ ਲੈਂਦਾ ਹੈ, ਭਾਵ ਅਭੇਦ ਕਰ ਲੈਂਦਾ ਹੈ।

# ਪ੍ਰਗਟਿਓ ਖਾਲਸਾ

ਪ੍ਰੋ. ਗੁਰਦੇਵ ਸਿੰਘ

## 2. ਵੈਸ਼ਨਵ ਵਰਗ ਦੀ ਪ੍ਰੀਖਿਆ

ਦੇਸ਼ ਦੀ ਹਿੰਦੂ ਜਨਤਾ ਵਿਚੋਂ ਸਭ ਤੋਂ ਉਚੇ ਧਾਰਮਿਕ ਆਗੂ ਵੈਸ਼ਨਵ ਸ਼੍ਰੇਣੀ ਨੂੰ ਮੰਨਿਆ ਜਾਂਦਾ ਸੀ। ਇਨ੍ਹਾਂ ਪਰ ਜਦੋਂ ਪ੍ਰੀਖਿਆ ਦਾ ਪਰਚਾ ਪਿਆ ਤਾਂ ਉਹ ਵੀ ਧਾਰਮਿਕ ਕਿਰਦਾਰ 'ਤੇ ਟਿਕ ਨਹੀਂ ਸਕੇ ਸਗੋਂ ਗਿਰ ਗਏ। ਮਹਾਰਾਜ ਜੀ ਕਹਿੰਦੇ ਪੰਡਿਤ ਜੀ! ਤੁਸੀਂ ਲੋਭੀ ਹੋ, ਤੁਹਾਡੇ ਅੰਦਰ ਮਾਇਆ ਦਾ ਲਾਲਚ ਹੈ। ਦੇਸ਼ ਤੇ ਕੌਮ ਵਾਸਤੇ ਕੁਝ ਸੋਚਣ ਦੀ ਤੇ ਕੁਝ ਕਰ ਸਕਣ ਦੀ ਤੁਹਾਡੇ ਪਾਸ ਕੋਈ ਸਮਰੱਥਾ ਨਹੀਂ, ਇਸ ਕਰਕੇ ਤੁਸੀਂ ਵੀ ਫੇਲ੍ਹ ਹੋ। ਦੂਜੀ ਹੋਰ ਸ਼ਾਖ, ਜਿਹੜੇ ਸ਼ਕਤੀ ਦੇ ਉਪਾਸ਼ਕ ਸਨ, ਉਨ੍ਹਾਂ ਦਾ ਮੁਖੀ ਪੰਡਿਤ ਕੇਸ਼ੋ ਦਾਸ ਸੀ। ਉਸ ਨੂੰ ਪਤਾ ਲੱਗਿਆ ਕਿ ਦਸਵੇਂ ਪਾਤਸ਼ਾਹ ਜੀ ਹਿੰਦ ਦੀ ਬਿਪਤਾ ਦੂਰ ਕਰਨ ਵਾਸਤੇ ਬਹੁਤ ਵੱਡਾ ਪ੍ਰੋਗਰਾਮ ਉਲੀਕ ਰਹੇ ਹਨ। ਗੁਰੂ ਪਾਤਸ਼ਾਹ ਜੀ ਨੂੰ ਜਾ ਕੇ ਕਹਿਣ ਲੱਗਾ ਕਿ ਜੇਕਰ ਦੇਵਤੇ ਨੂੰ ਖੁਸ਼ ਕਰ ਲਿਆ ਜਾਵੇ ਤਾਂ ਸਾਰਾ ਕਾਰਜ ਸਿੱਧ ਹੋ ਜਾਂਦਾ ਹੈ। ਗੁਰੂ ਪਾਤਸ਼ਾਹ ਜੀ ਨੇ ਕਿਹਾ, ਦੇਖੋ ਪੰਡਤਿ ਜੀ! ਸਾਡਾ ਭਰੋਸਾ ਤਾਂ ਕੇਵਲ ਤੇ ਕੇਵਲ ਅਕਾਲ ਪੁਰਖ ਉਤੇ ਹੈ। ਸਾਡਾ ਇਹੋ ਉਪਦੇਸ਼ ਤੇ ਹੁਕਮ ਗੁਰਸਿੱਖਾਂ ਵਾਸਤੇ ਹੈ ਕਿ ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ। ਵਾਹਿਗੁਰੂ ਤੋਂ ਬਗੈਰ ਅਸੀਂ ਹੋਰ ਕਿਸੇ ਨੂੰ ਬਿਲਕੁਲ ਨਹੀਂ ਮੰਨਦੇ।

*ਆਦਿ ਮਧਿ ਅੰਤਿ ਪ੍ਰਭੁ ਸੋਈ ॥*
*ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥* *ਅੰਗ-੭੬੦*

*ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ ॥*
*ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ*
*ਗੁਣ ਗਾਵਾ ਨਿਤ ਤੇਰੇ ॥* *ਅੰਗ-੭੯੫*

*ਆਦਿ ਅੰਤਿ ਏਕੈ ਅਵਤਾਰਾ ॥*
*ਸੋਈ ਗੁਰੂ ਸਮਝਿਯਹੁ ਹਮਾਰਾ ॥* *ਸ੍ਰੀ ਦਸਮ ਗ੍ਰੰਥ*
*ਪਾਇੰ ਗਹੇ ਜਬ ਤੇ ਤੁਮਰੇ*
*ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥*
*ਰਾਮ ਰਹੀਮ ਪੁਰਾਨ ਕੁਰਾਨ*
*ਅਨੇਕ ਕਹੈਂ ਮਤ ਏਕ ਨ ਮਾਨਯੋ ॥* *ਸ੍ਰੀ ਦਸਮ ਗ੍ਰੰਥ*

ਜਦੋਂ ਦਾ ਅਕਾਲ ਪੁਰਖ ਵਾਹਿਗੁਰੂ ਜੀ ਨੇ ਆਪਣਾ ਬਣਾ ਕੇ ਬਖਸ਼ਿਸ਼ ਕੀਤੀ ਹੈ ਉਦੋਂ ਤੋਂ ਮੇਰੀ ਨਦਰ ਥੱਲੇ ਕੋਈ ਆਉਂਦਾ ਹੀ ਨਹੀਂ। ਇਸ ਕਰਕੇ ਅਸੀਂ ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਦੇ। ਸਾਡਾ ਨਿਸਚਾ ਤਾਂ ਕੇਵਲ ਅਕਾਲ ਪੁਰਖ ਵਾਹਿਗੁਰੂ ਤੇ ਹੈ। ਜਿਥੇ ਗੁਰੂ ਨਾਨਕ ਪਾਤਸ਼ਾਹ ਦਾ ਦਰਬਾਰ ਹੋਵੇ ਉਥੇ ਤਾਂ ਤੇਤੀ ਕਰੋੜ ਦੇਵਤਾ ਚੱਲ ਕੇ ਆਉਂਦਾ ਹੈ। ਇਸ ਬਾਰੇ ਗੁਰ ਇਤਿਹਾਸਿਕ ਵਿਚਾਰ ਆਉਂਦੀ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਦੀ ਧਰਤੀ ਤੇ ਸੰਗਤਾਂ ਨੂੰ ਤਾਰ ਰਹੇ ਸਨ ਉਸ ਵੇਲੇ ਗੁਰੂ ਅੰਗਦ ਪਾਤਸ਼ਾਹ ਜੀ ਬਾਬਾ ਲਹਿਣਾ ਜੀ ਦੇ ਰੂਪ ਵਿਚ ਪਹੁੰਚ ਕੇ ਰਾਤ ਠਹਿਰਨ ਵਾਸਤੇ ਧਰਮਸਾਲਾ ਵਿਚ ਵਿਸ਼ਰਾਮ ਕੀਤਾ। ਤਵਾਰੀਖ ਗੁਰੂ ਖਾਲਸਾ ਦੇ ਕਰਤਾ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਉਨ੍ਹਾਂ ਨੇ ਅੱਧੀ ਰਾਤ ਗੁਜ਼ਰਨ ਤੋਂ ਬਾਅਦ ਇਕ ਬੀਬੀ ਨੂੰ ਧਰਮਸਾਲਾ ਦੇ ਅੰਦਰ ਝਾੜੂ ਦਿੰਦੇ ਹੋਏ ਦੇਖ ਕੇ ਪੁਛਿਆ, ਬੀਬੀ! ਤੂੰ ਕੌਣ ਹੈਂ? ਉਹ ਕਹਿਣ ਲ'ਗੀ ਬਾਬਾ ਲਹਿਣਾ ਜੀ! ਮੈਂ ਉਹੀ ਦੇਵੀ ਹਾਂ ਜਿਸ ਦੇ ਤੁਸੀਂ ਯਾਤਰੀ ਹੋ, ਜਿਸ ਪਾਸ ਦੁਨੀਆਂ ਵੀ ਚੱਲ ਕੇ ਆਉਂਦੀ ਹੈ। ਬਾਬਾ ਜੀ ਪੁੱਛਣ ਲੱਗੇ ਬੀਬੀ! ਬਹੁਤ ਸਾਰੇ ਲੋਕ ਤੇਰੇ ਕੋਲੋਂ ਦਾਤਾਂ ਮੰਗਣ ਵਾਸਤੇ ਜਾਂਦੇ ਹਨ, ਤੂੰ ਐਥੇ ਝਾੜੂ ਕਿਉਂ ਮਾਰ ਰਹੀ ਹੈਂ? ਕਹਿਣ ਲੱਗੀ ਕਿ ਮੈਂ ਜੋ ਵੀ ਸੰਸਾਰ ਨੂੰ ਵੰਡਦੀ ਹਾਂ, ਸਭ ਕੁਝ ਗੁਰੂ ਨਾਨਕ ਜੀ ਦੇ ਦਰ ਤੇ ਸੇਵਾ ਕਰਕੇ ਇਥੋਂ ਲੈ ਕੇ ਜਾਂਦੀ ਹਾਂ ਕਿਉਂਕਿ ਗੁਰੂ ਨਾਨਕ ਸਾਹਿਬ ਦਾ ਦਰ ਵੱਡਾ ਹੈ ।

*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*
*ਅੰਗ-੭੫੦*

*ਸਤਿਗੁਰ ਜੇਵਡੁ ਦਾਤਾ ਕੋ ਨਹੀ*
*ਸਭਿ ਸੁਣਿਅਹੁ ਲੋਕ ਸਬਾਇਆ ॥* *ਅੰਗ-੪੬੫*

*ਸਤਿਗੁਰੁ ਵਡਾ ਕਰਿ ਸਾਲਾਹੀਐ*
*ਜਿਸੁ ਵਿਚਿ ਵਡੀਆ ਵਡਿਆਈਆ ॥* *ਅੰਗ-473*

ਇਸੇ ਤਰ੍ਹਾਂ ਨਾਲ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਦਸਮ ਪਾਤਸ਼ਾਹ ਜੀ ਕਰੀਬ ਪੰਜ ਸਾਲ ਦੇ ਸਨ, ਜਦੋਂ ਪਟਨਾ ਸਾਹਿਬ ਤੋਂ ਅਨੰਦਪੁਰ

ਸਾਹਿਬ ਜਾ ਰਹੇ ਸਨ। ਸਫਰ ਦੌਰਾਨ ਆਪ ਜੀ ਛੇ ਮਹੀਨੇ ਨਗਰ ਲਖਨੌਰ ਵਿਖੇ ਠਹਿਰੇ ਸਨ। ਇਕ ਦਿਨ ਆਪ ਜੀ ਬੱਚਿਆਂ ਨਾਲ ਗੇਂਦ ਖੇਡ ਰਹੇ ਸਨ। ਪੀਰ ਆਰਫਦੀਨ ਨੂੰ ਉਸ ਦੇ ਮੁਰੀਦ ਪਾਲਕੀ ਵਿਚ ਚੁਕ ਕੇ ਲਈਂ ਆ ਰਹੇ ਸਨ, ਜਦੋਂ ਆਪ ਜੀ ਦੇ ਦਰਸ਼ਨ ਕੀਤੇ ਤਾਂ ਮੁਰੀਦਾਂ ਨੂੰ ਕਹਿਣ ਲੱਗਿਆ ਕਿ ਰੁਕੋ, ਮੈਨੂੰ ਛੇਤੀ ਪਾਲਕੀ ਤੋਂ ਹੇਠਾਂ ਉਤਾਰੋ। ਬਾਹਰ ਨਿਕਲ ਕੇ ਸਿਜਦਾ ਕੀਤਾ, ਬਾਲਾ ਪ੍ਰੀਤਮ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਉਸ ਵੇਲੇ ਮੁਰੀਦ ਹੈਰਾਨ ਹੋ ਕੇ ਕਹਿਣ ਲੱਗੇ, ਪੀਰ ਜੀ! ਸਾਡਾ ਅਕੀਦਾ ਤਾਂ ਤੁਹਾਡੇ ਤੇ ਹੈ ਪਰ ਤੁਸੀਂ ਇਸ ਛੋਟੇ ਬਾਲਕ ਨੂੰ ਸਿਜਦਾ ਕਿਉ ਕਰ ਰਹੇ ਹੋ? ਪੀਰ ਜੀ ਨੇ ਕਿਹਾ ਕਿ ਤੁਹਾਡੇ ਕੋਲ ਉਹ ਅੱਖਾਂ ਨਹੀਂ ਜਿਹਨਾਂ ਦੇ ਨਾਲ ਪਛਾਣ ਕੀਤੀ ਜਾਂਦੀ ਹੈ। ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਫੁਰਮਾਨ ਹੈ ।

*ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥*

*ਅੰਗ-੫੭੭*

ਪੀਰ ਜੀ ਨੇ ਕਿਹਾ ਕਿ ਇਨ੍ਹਾਂ ਨੂੰ ਤੁਸੀਂ ਪੰਜ ਸਾਲ ਦਾ ਬਾਲਕ ਨਾ ਸਮਝੋ, ਇਹ ਖੰਡਾਂ-ਬ੍ਰਹਿਮੰਡਾਂ ਦੇ ਮਾਲਕ ਹਨ। ਜਦੋਂ ਮੈਂ ਅੱਲਾ ਤਾਲਾ ਦੀ ਦਰਗਾਹ ਵਿਚ ਜਾਂਦਾ ਹਾਂ, ਉਥੇ ਮੈਨੂੰ ਇਨ੍ਹਾਂ ਦੇ ਦਰਸ਼ਨ ਹੁੰਦੇ ਹਨ। ਸਾਰੀਆਂ ਮੰਗਾਂ ਤੇ ਰਹਿਮਤਾਂ ਇਨ੍ਹਾਂ ਦੁਆਰਾ ਹੀ ਪੂਰੀਆਂ ਹੁੰਦੀਆਂ ਹਨ। ਇਸ ਕਰਕੇ ਮੱਥਾ ਟੇਕਿਆ ਹੈ। ਇਹ ਸੁਣ ਕੇ ਫੇਰ ਮੁਰੀਦਾਂ ਨੇ ਵੀ ਬਾਲਾ ਪ੍ਰੀਤਮ ਜੀ ਨੂੰ ਝੁਕ ਕੇ ਸਿਜਦਾ ਕੀਤਾ। ਪਰ ਪੰਡਿਤ ਕੇਸ਼ੋ ਦਾਸ ਕੋਲ ਵੇਖਣ ਵਾਲੀਆਂ ਅੱਖਾਂ ਨਹੀਂ ਸਨ, ਫੇਰ ਬਾਰ-ਬਾਰ ਕਹੀ ਜਾਂਦਾ ਹੈ ਕਿ ਜੇਕਰ ਬੇਨਤੀ ਮੰਨ ਲਵੋ ਤਾਂ ਦੇਵਤੇ ਦੇ ਪ੍ਰਗਟ ਹੋਣ ਨਾਲ ਸਾਰਾ ਕਾਰਜ ਰਾਸ ਹੋ ਜਾਏਗਾ। ਗੁਰੂ ਮਹਾਰਾਜ ਜੀ ਕਹਿਣ ਲੱਗੇ ਸਾਡਾ ਤਾਂ ਵਾਹਿਗੁਰੂ ਤੇ ਭਰੋਸਾ ਹੈ ਪਰ ਤੁਹਾਡਾ ਭੁਲੇਖਾ ਨਾ ਰਹਿ ਜਾਵੇ, ਇਸ ਕਰਕੇ ਤੁਸੀਂ ਕਰ ਕੇ ਦੇਖ ਲਵੋ ਜੇ ਦੇਵਤਾ ਪ੍ਰਗਟ ਕਰਨਾ ਹੈ। ਜੋ ਉਸ ਨੇ ਮੰਗਿਆ ਸਾਰੀ ਸਮੱਗਰੀ ਦੇ ਦਿਤੀ ਗਈ ਤੇ ਸਾਰੀ ਅੱਗ ਤੇ ਸੁੱਟ-ਸੁੱਟ ਕੇ ਸੁਆਹ ਬਣਾ ਦਿਤੀ। ਨਿਸਚਿਤ ਕੀਤਾ ਹੋਇਆ ਸਮਾਂ ਨਿਕਲ ਗਿਆ ਪਰ ਕੁਝ ਨਾ ਬਣਿਆ। ਸੱਚੇ ਪਾਤਸ਼ਾਹ ਜੀ ਨੇ ਪੁਛਿਆ ਪੰਡਿਤ ਜੀ! ਕੀ ਗੱਲ ਤੁਹਾਡਾ ਦੇਵਤਾ ਪ੍ਰਗਟ ਨਹੀਂ ਹੋਇਆ ? ਉਸ ਨੇ ਬਹਾਨਾ ਕੀਤਾ, ਕਹਿੰਦਾ ਮਹਾਰਾਜ! ਥੋੜ੍ਹਾ ਸਮਾਂ ਹੋਰ ਉਡੀਕ ਕਰੋ ਕਿਉਂਕਿ ਪ੍ਰਗਟ ਕਿਸ ਨੇ ਹੋਣਾ ਸੀ? ਹੁਣ ਉਸ ਨੇ ਆਪ ਬਚਣ ਦੀ ਤੇ ਛੁਟਕਾਰਾ ਪਾਉਣ ਦੀ ਵਿਉਂਤ ਬਣਾਈ। ਕਹਿੰਦਾ ਮਹਾਰਾਜ! ਹੋਰ ਤਾਂ ਸਾਰਾ ਕੁਝ ਠੀਕ ਹੈ, ਕਿਸੇ ਚੀਜ਼ ਦੀ, ਸਮੱਗਰੀ ਦੀ ਕੋਈ ਕਮੀ ਨਹੀਂ ਪਰ ਦੇਵਤਾ ਪ੍ਰਗਟ ਕਰਨ ਵਾਸਤੇ ਇਕ ਚੰਗੇ ਮਹਾਂਪੁਰਸ਼ ਦੀ ਬਲੀ ਦੇਣੀ ਪਵੇਗੀ। ਗੁਰੂ ਸਾਹਿਬ ਜੀ ਕਹਿੰਦੇ ਕੋਈ ਗੱਲ ਨਹੀਂ ਪੰਡਿਤ ਜੀ! ਸਾਡੇ ਵਿਚ ਤਾਂ ਤੁਸੀਂ ਹੀ ਮਹਾਂਪੁਰਸ਼, ਪੜ੍ਹੇ ਲਿਖੇ ਤੇ ਉਚੀ ਜਾਤ ਵਾਲੇ ਬ੍ਰਾਹਮਣ ਹੋ, ਜੇ ਦੇਵਤਾ ਬਲੀ ਲੈ ਕੇ ਖੁਸ਼ ਹੁੰਦਾ ਹੈ ਤਾਂ ਤੁਹਾਡੀ ਬਲੀ ਦੇ ਦਿੰਦੇ ਹਾਂ। ਜਿਵੇਂ ਅਖਾਣ ਹੈ ਕਿ "ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ" ਵਾਲੀ ਸਥਿਤੀ ਬਣ ਗਈ। ਜਿਸ ਦਾ ਨਤੀਜਾ ਇਹ ਹੋਇਆ ਕਿ ਇਹ ਆਪਣੇ ਸਾਥੀਆਂ ਸਮੇਤ ਸਭ ਕੁਝ ਛੱਡ ਕੇ ਫਰਾਰ ਹੋ ਗਿਆ। ਸੋ ਇਹ ਸ਼ਕਤੀ ਉਪਾਸ਼ਕ ਵਰਗ ਵੀ ਧਾਰਮਿਕ ਪ੍ਰੀਖਿਆ ਵਿਚ ਫੇਲ੍ਹ ਹੋ ਗਿਆ ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਦੂਸਰੇ ਰਤਨ
# ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-55)*

## ਅੰਮ੍ਰਿਤ ਦੀ ਦਾਤ

ਬਾਬਾ ਸਾਹਿਬ ਸਿੰਘ ਉਨ੍ਹਾਂ ਕਰਮ ਦੇ ਧਨੀ ਲੋਕਾਂ ਵਿਚੋਂ ਸਨ ਜੋ ਲੋਕਾਂ ਵਲੋਂ ਸਤਿਕਾਰ ਮਾਨ ਤੇ ਮਹਾਨਤਾ ਆਪਣੇ ਜਨਮ ਤੋਂ ਹੀ ਨਾਲ ਲੈ ਕੇ ਜੰਮਦੇ ਹਨ, ਲੋਕਾਂ ਵਲੋਂ ਪੂਜੇ ਸਤਿਕਾਰੇ ਜਾਣਾ ਉਨ੍ਹਾਂ ਦਾ ਜਨਮ ਸਿਧ ਅਧਿਕਾਰ ਹੁੰਦਾ ਹੈ। ਬਾਬਾ ਅਜੀਤ ਸਿੰਘ ਜੀ ਜਿੰਨਾਂ ਪਰਿਵਾਰ ਸੰਗਤਾਂ ਆਦਿ ਵਲੋਂ ਗੁਰੂਆਂ ਵਾਂਗ ਸਤਿਕਾਰੇ ਤੇ ਪੂਜੇ ਜਾਂਦੇ ਸਨ, ਉਸੇ ਵਿਰਸੇ ਅੰਦਰ ਦਾਤ ਬਾਬਾ ਸਾਹਿਬ ਸਿੰਘ ਨੂੰ ਮਿਲੀ ਸੀ। ਫਿਰ ਉਨ੍ਹਾਂ ਦਾ ਪੰਡਿਤ ਨੂੰ ਉਪਦੇਸ਼, ਸੰਸਾਰੀ ਜੀਵਾਂ ਦੀ ਭਲਾਈ ਸਤਵਾਦੀ ਤੇ ਸਤਕਰਮੀ ਹੋਣ ਨਾਲ ਬਹਾਦਰ ਦਲੇਰ ਤੇ ਪੰਥ ਦੇਸ਼ ਦੇ ਦਰਦੀ ਜਜ਼ਬੇ ਕਰਕੇ ਉਹ ਪੰਥ ਅੰਦਰ ਮਹਾਨਤਾ ਦੀਆਂ ਸਿਖਰਾਂ ਨੂੰ ਛੋਹ ਰਹੇ ਸਨ, ਪਰ ਫਿਰ ਵੀ ਉਨ੍ਹਾਂ ਦਾ ਮਨ ਕਿਸੇ ਸਮੇਂ ਸੋਚਾਂ ਅੰਦਰ ਡੁੱਬ ਜਾਂਦਾ ਸੀ। ਇਕ ਦਿਨ ਆਪ ਨੇ ਆਪਣੇ ਇਕ ਨਿਕਟਵਰਤੀ ਸਿੱਖ ਜੋ ਅੰਮ੍ਰਿਤਪਾਨ ਕਰਕੇ ਰਹਿਤ ਮਰਿਯਾਦਾ ਦਾ ਧਾਰਨੀਜ ਸੀ, ਨਾਲ ਹੀ ਮਨ ਦੀ ਅਵਸਥਾ ਦਾ ਜ਼ਿਕਰ ਕੀਤਾ। ਉਸਨੇ ਬਗੈਰ ਕਿਸੇ ਵਿੰਗ ਟੇਢ ਪਾਣ ਦੇ ਕਿਹਾ, ''ਬਾਬਾ ਜੀ! ਨਿਗੁਰੇ ਦਾ ਹੈ ਨਾਉ ਬੁਰਾ। ਜੇਕਰ ਪੂਰਨ ਸ਼ਾਂਤੀ ਸੁਖ ਤੇ ਅਨੰਦਮਈ ਸਦਾ ਇਕ ਰਸ ਜੀਵਨ ਦਾ ਅਨੰਦ ਮਾਨਣਾ ਹੈ ਤਦ ਤੁਸੀਂ ਅਨੰਦਪੁਰ ਸਾਹਿਬ ਚਲ ਕੇ ਤਤਵੇਤਾ ਬ੍ਰਹਮਗਿਆਨੀ ਪੂਰਨ ਗੁਰਸਿੱਖ ਬਾਬਾ ਸੋਭਾ ਸਿੰਘ ਸੰਗ ਪੰਜ ਪਿਆਰਿਆਂ ਹੱਥੋਂ ਅੰਮ੍ਰਿਤ ਪਾਨ ਕਰਕੇ ਫਿਰ ਉਨ੍ਹਾਂ ਰਾਹੀਂ ਸਿੱਖੀ ਮਾਰਗ ਗ੍ਰਹਿਣ ਕਰਕੇ ਨਾਮ ਸਿਮਰਨ ਤੇ ਸ਼ਬਦ ਸੁਰਤ ਦਾ ਅਨੰਦ ਮਾਣੋ, ਫਿਰ ਆਪ ਨਿਸ਼ੰਗ ਹੋ ਕੇ ਸੰਸਾਰ ਅੰਦਰ ਵਿਚਰੋ। ਮਨ ਦੀ ਡੋਰ, ਫਿਰ ਉਸ ਸਮੇਂ ਤੁਹਾਡੇ ਨਹੀਂ ਸਤਿਗੁਰਾਂ ਦੇ ਹੱਥ ਹੋਵੇਗੀ, ਆਪਣਾ ਆਪ ਸਤਿਗੁਰਾਂ ਦੇ ਹਵਾਲੇ ਕਰਕੇ ਫਿਰ ਆਪਣਾ ਜੀਵਨ ਛੱਡ ਕੇ ਗੁਰੂ ਦੀ ਗੋਦ ਅੰਦਰ ਸਮਾ ਕੇ ਤਾਂ ਕੋਈ ਭਰਮ ਕੋਈ ਭੁਲੇਖਾ ਕੋਈ ਦ੍ਵੈਤ ਤੇ ਡਰ ਉਸਨੂੰ ਸਤਿ ਮਾਰਗ ਤੇ ਚੱਲਣ ਤੇ ਸਤਿ ਦੀ ਗੱਲ ਕਹਿਣੋਂ ਤੇ ਸਤਿ ਰਾਹੀਂ ਲੋਕ ਸੁਧਾਰ ਕਰਨੋਂ ਨਹੀਂ ਰੋਕ ਸਕਦਾ।

ਅੰਮ੍ਰਿਤਪਾਨ ਕਰਨ ਦਾ ਇਕ ਹੋਰ ਮਹਾਨ ਗੁਣ ਇਹ ਹੈ ਕਿ ਇਸ ਨਾਲ ਮਨੁੱਖ ਇਕੱਲਾ ਨਹੀਂ ਰਹਿ ਜਾਂਦਾ, ਇਕ ਹਰ ਸਮੇਂ ਉਸ ਦਾ ਸਹਾਈ ਅਕਾਲ ਵੀ ਹਰ ਸਮੇਂ ਉਸ ਦੀ ਆਵਾਜ਼, ਸ਼ਕਤੀ ਤੇ ਧਿਰ ਬਣ ਜਾਂਦਾ ਹੈ। ਅੰਮ੍ਰਿਤ ਹੀ ਇਕ ਐਸੀ ਸ਼ਕਤੀ ਹੈ ਜੋ ਸਿਰ ਅੰਦਰ ਪੰਜ ਚੂਲੀਆਂ ਪੈ ਕੇ ਵਿਚਾਰ, ਨੇਤਰ ਅੰਦਰ ਪੈ ਕੇ ਨੇਤਰ ਪਵਿੱਤਰ ਤੇ ਹਿਰਦੇ ਅੰਦਰ ਪਹਿਲਾਂ ਜਾ ਕੇ ਵਿਚਾਰਧਾਰਾ ਨੂੰ ਇਕੋ ਅਕਾਲ ਨਾਲ ਜੋੜ ਦੇਣ ਦਾ ਕਾਰਨ ਹੁੰਦੀ ਹੈ, ਹਿਰਦਾ ਇਕ ਐਸਾ ਅਸਥਾਨ ਹੈ ਜਿਥੋਂ ਵਾਸ਼ਨਾਵਾਂ, ਉਪਦਰ ਤੇ ਕਮਜ਼ੋਰੀ ਜਨਮ ਲੈਂਦੀ ਹੈ। ਅੰਮ੍ਰਿਤ ਦੀਆਂ ਚੂਲੀਆਂ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਫਤਹਿ'' ਇਸ ਭਾਵਨਾ ਸਹਿਤ ਨਵੇਂ ਸੱਚ ਧਾਰਨ ਕਰਦੀ ਹੈ ਕਿ ਜਦੋਂ ਮੈਂ ਅਕਾਲ ਦਾ ਬੇਟਾ ਹਾਂ, ਫਿਰ ਦੁਨਿਆਵੀ ਲਾਲਚ ਕਰਨ ਤੋਂ ਬਿਨਾਂ ਵੀ ਉਦਮ ਕਰਨ ਨਾਲ ਸੰਸਾਰ ਦੇ ਪਦਾਰਥ ਪੈਰ ਚੁੰਮਣਗੇ, ਫਿਰ ਜਦੋਂ ਸ੍ਰੀ ਕਲਗੀਧਰ ਦੇ ਸਪੁੱਤਰ ਬਣ ਕੇ ਜੀਵਨ ਬਸਰ ਕਰਨਾ ਹੈ ਤਦ ਕੋਈ ਕਮਜ਼ੋਰੀ ਕਿਸੇ ਸਮੇਂ ਮੇਰਾ ਰਾਹ ਰੋਕ ਸਕੇ ਇਹ ਚਿੰਤਾ ਹੀ ਨਹੀਂ ਰਹਿ ਸਕਦੀ। ਇਸ ਤਰ੍ਹਾਂ ਨਾਲ ਨੇਤਰਾਂ ਅੰਦਰ ਪਈਆਂ ਚੂਲੀਆਂ ਸੰਸਾਰ ਅੰਦਰ ਵਸ ਰਹੇ ਵਾਹਿਗੁਰੂ ਦੇ ਜੀਵਾਂ ਨੂੰ ਜੋ ਇੱਕੋ ਹੀ ਅਕਾਲ ਦੀ ਰਚਨਾ ਹੈ ਉਸ ਦਾ ਬਗੀਚਾ ਜਾਣ ਕੇ ਉਸ ਹਰ ਫੁੱਲ ਤੇ ਹਰ ਕਲੀ ਨੂੰ ਪ੍ਰਫੁੱਲਤ ਤੱਕ ਕੇ ਉਸ ਦੇ ਰਸ ਅੰਦਰੋਂ ਉਸ ਮਾਲਕ ਦਾ ਰੂਪ ਤੱਕ ਕੇ ਵਿਗਾਸ ਅੰਦਰ ਚਲੇ ਜਾਣਾ ਇਹੀ ਮਨੁੱਖੀ ਧਰਮ ਹੈ। ਸਿਰ ਬਾਰੇ ਇਹ ਧਾਰਮਿਕ ਪਰੰਪਰਾ ਤੋਂ ਚਲਿਆ ਆ ਰਿਹਾ ਨਿਸਚਾ ਤੇ ਅਮਲ ਹੈ ਕਿ ਤ੍ਰਿਕੁਟੀ ਦੇ ਮੁਕਾਮ ਤੋਂ ਉਪਰ ਕੁੰਡਲਨੀ ਨਾੜੀ ਦੇ ਕੁਝ ਝਰਨਿਉਂ ਪਰ੍ਹੇ ਸਹਿਜ ਦਲ ਕੰਵਲ ਹੈ। ਅੱਗੇ ਦਸਮ ਦੁਆਰ ਹੈ। ਇਸ ਤੋਂ ਅੱਗੇ ਮਹਾਨ ਸੁੰਨ ਤੇ ਅਨੰਦਮਈ ਅਕਾਲ ਪੁਰਖ ਦੀ ਆਪਣੀ ਰਿਹਾਇਸ਼ਗਾਹ ਹੈ। ਜਿਥੇ ਨਾ ਕੋਈ ਸ਼ੋਕ ਹੈ, ਨ ਗ਼ਮ, ਨ ਕੋਈ ਸੱਚ ਹੈ,

ਨਾ ਸੰਸਾਰ ਦੇ ਬਣਨ ਮਿਟਣ ਦੀ ਚਿੰਤਾ, ਇਸੇ ਹੀ ਅਸਥਾਨ ਦੀ ਪ੍ਰਾਪਤੀ ਲਈ ਮਹਾਂਪੁਰਖ ਕਰਮ ਕਰਦੇ ਹੋਏ ਨਿਹਕਰਮ ਹੋ ਜਾਂਦੇ ਹਨ। ਸੰਸਾਰ ਦਾ ਕੋਈ ਲੇਸ ਉਨ੍ਹਾਂ ਨੂੰ ਨਹੀਂ ਰਹਿੰਦਾ। ਇਹ ਵੀ ਠੀਕ ਹੈ ਕਿ ਉਸਨੂੰ ਆਪ ਕੋਈ ਸੰਸਾ ਭਰਮ ਨਹੀਂ ਰਹਿੰਦਾ, ਪਰ ਇਹ ਵੀ ਸੱਚ ਹੈ ਕਿ ਜਦੋਂ ਉਹ ਆਪਣੇ ਨਿਜ ਰੂਪ ਤੋਂ ਬਾਹਰ ਆਉਂਦਾ ਹੈ ਤਦ ਉਸ ਨੂੰ ਉਸਦਾ ਆਪਣਾ ਹੀ ਰੂਪ ਦੁਖੀ ਕਲਪਦਾ ਤੇ ਸੜਦਾ ਹੋਇਆ ਦਿਸਦਾ ਹੈ, ਫਿਰ ਉਸਦਾ ਆਪਣਾ ਰੂਪ ਹੋਣ ਕਾਰਨ ਸੰਸਾਰ ਦਾ ਦੁਖ ਵੀ ਉਸਦਾ ਆਪਣਾ ਹੋ ਜਾਂਦਾ ਹੈ, ਇਸੇ ਹੀ ਕਰਕੇ ਅਕਾਲ ਦਾ ਸ਼ਾਹਜ਼ਾਦਾ ਬਣ ਕੇ ਉਹ ਸੰਸਾਰ ਦੇ ਕਲੇਸ਼ ਹਰਨ ਦੇ ਸਾਰੇ ਉਪਰਾਲੇ ਤੇ ਯਤਨ ਕਰਦਾ ਹੈ, ਸੋ ਮਨ ਦੇ ਜਿੱਤਣ ਨਾਲ ਜਿਸ ਤਰ੍ਹਾਂ ਸੰਸਾਰ ਦੀ ਫਤਹਿ ਹੋਣ ਦੀ ਚਾਬੀ ਮਿਲ ਜਾਂਦੀ ਹੈ। ਇਸੇ ਹੀ ਤਰ੍ਹਾਂ ਇਸ ਮਨ ਅੰਦਰੋਂ ਹੀ ਵਿਰੋਧ ਦੂਰ ਕਰਕੇ ਸਤਿ ਸਰੂਪ ਨੂੰ ਤੱਕ ਕੇ ਸੰਸਾਰ ਵਿਚ ਵਿਚਰਨ ਦੀ ਸ਼ਕਤੀ ਵੀ ਅੰਮ੍ਰਿਤ ਰਾਹੀਂ ਮਿਲਦੀ ਹੈ।

ਬਾਬਾ ਸਾਹਿਬ ਸਿੰਘ ਜੀ ਨੇ ਇਹ ਸਾਰੀ ਵਿਚਾਰ ਭਾਈ ਨੱਥਾ ਸਿੰਘ ਜੀ ਨਾਲ ਕਰਕੇ ਸਰਬ ਹਿੰਦ ਤੀਰਥ ਯਾਤਰਾ ਕਰਕੇ ਇਹ ਅੱਖੀਂ ਤੇ ਸਾਫ ਤਕ ਲਿਆ ਕਿ ਉਹ ਕੇਵਲ ਮਾਤਰ ਇਕ ਪਾਵਨ ਹਸਤੀ ਤੇ ਪੰਥਕ ਤੌਰ ਪਰ ਆਤਮ ਗਿਆਨ ਦੀ ਮਹਾਨ ਪ੍ਰਾਪਤੀ ਵਾਲੇ ਮੰਨੇ ਜਾ ਰਹੇ ਬਾਬਾ ਸੋਭਾ ਸਿੰਘ ਜੀ ਪਾਸੋਂ ਹੀ ਸਿੱਖੀ ਅੰਦਰ ਦਾਖਲ ਹੋਣ ਦਾ ਮਾਣ ਪ੍ਰਾਪਤ ਕੀਤਾ ਜਾਵੇ, ਕਿਉਂਕਿ ਬਾਬਾ ਸੋਭਾ ਸਿੰਘ ਜੀ ਦਾ ਨਾਮ ਹੀ ਸੋਭਾ ਸਿੰਘ ਨਹੀਂ ਸੀ ਸਗੋਂ ਆਪ ਉਤਮ ਗੁਣ, ਗੁਰ ਪਾਤਸ਼ਾਹ ਦੇ ਦਰਸ਼ਨ ਪਰਸ ਕੇ ਪਾਵਨ ਹੋਏ ਤੇ ਭਾਈ ਦਿਆ ਸਿੰਘ ਜੀ ਰਾਹੀਂ ਆਤਮ ਬ੍ਰਹਮ ਦੇ ਰੂਪ ਅੰਦਰ ਅਭੇਦਤਾ ਦੇ ਪਦ ਨੂੰ ਪ੍ਰਾਪਤ ਹੋ ਚੁੱਕੇ ਸਨ। ਬਾਬਾ ਸਾਹਿਬ ਸਿੰਘ ਜੀ ਨੇ ਆਪ ਅਨੰਦਪੁਰ ਬਾਬਾ ਸੋਭਾ ਸਿੰਘ ਜੀ ਦੀ ਸੇਵਾ 'ਚ ਹਾਜ਼ਰ ਹੋ ਕੇ ਫਿਰ ਸਿੱਖੀ ਦੀ ਬਖਸ਼ਿਸ਼ ਕਰਨ ਹਿਤ ਪ੍ਰਾਰਥਨਾ ਕੀਤੀ। ਅੰਮ੍ਰਿਤਪਾਨ ਕਰਨ ਪਿਛੋਂ ਬਾਬਾ ਸਾਹਿਬ ਸਿੰਘ ਜੀ ਨੇ ਉਸੇ ਤਰ੍ਹਾਂ ਖੁਸ਼ੀ ਮਨਾਈ, ਲੰਗਰ ਕਰਾਏ, ਜਿਵੇਂ ਹੋਰ ਵੱਡੇ ਜੀਵਨ ਦੇ ਮਹਾਨ ਕਾਰਜਾਂ ਸਮੇਂ ਕਰੀਦੀ ਹੈ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿਛੋਂ ਬਾਬਾ ਜੀ ਬਾਬਾ ਸੋਭਾ ਸਿੰਘ ਪਾਸ ਆਤਮ ਸਰੂਪ ਦੀ ਲਖਤਾ ਹਿੱਤ ਸ਼ਬਦ ਸੁਰਤ ਦਾ ਜਾਪ ਜਾਨਣ ਲਈ ਹਾਜ਼ਰ ਹੋਏ। ਇਹ ਮਸ਼ਹੂਰ ਗੱਲ ਹੈ ਕਿ ਜਦੋਂ ਬਾਬਾ ਜੀ ਨੇ ਸਿਰ ਝੁਕਾਇਆ ਤੇ ਬਜ਼ੁਰਗ ਬਾਬਾ ਸੋਭਾ ਸਿੰਘ ਜੀ ਨੇ ਉਠ ਕੇ ਆਪ ਨੂੰ ਜੱਫੀ ਅੰਦਰ ਲਿਆ ਤਦ ਉਨ੍ਹਾਂ ਦੇ ਸਰੀਰ ਵਿਚੋਂ ਝਰਨਾਟ ਨਿਕਲ ਗਈ। ਸਰੀਰ ਹੌਲਾ-ਹੌਲਾ ਹੋ ਗਿਆ ਤੇ ਫਿਰ ਉਹ ਸਰੀਰ ਇਕ ਤਰ੍ਹਾਂ ਨਾਲ ਸੋਭਾ ਸਿੰਘ ਜੀ ਦੇ ਸਰੀਰ ਅੰਦਰ ਹੀ ਅਲੋਪ ਹੋ ਗਿਆ ਤੇ ਫਿਰ ਇਹ ਦੋਵੇਂ ਵੀ ਨਾ ਰਹੇ ਤੇ ਸਾਰੇ ਇੱਕ ਨੂਰ ਹੀ ਬਾਕੀ ਰਹਿ ਗਿਆ। ਕੋਈ ਵੀ ਹੋਰ ਰੂਪ ਕਿਰਿਆ ਚੀਜ਼ ਬਾਕੀ ਨਹੀਂ ਸੀ। ਚੌਹੀਂ ਪਾਸੀਂ ਆਪਣੇ ਹੀ ਰੂਪ ਤੇ ਏਸ ਦੀ ਫੁਹਾਰ ਫੈਲੀ ਹੋਈ ਸੀ। ਇਸ ਰੰਗ ਰਤੇ ਬਹੁਤ ਦੇਰ ਉਨ੍ਹਾਂ ਨੂੰ ਬਾਬਾ ਸੋਭਾ ਜੀ ਦਾ ਸਪਰਸ਼ ਹਾਸਲ ਰਿਹਾ।

ਇਹ ਪਰਮ ਅਨੰਦ ਤੇ ਜਾਤੀ ਦਾ ਭੰਡਾਰ ਇਕ ਅਤੋਲ ਅਮੋਲ ਖਜ਼ਾਨਾ ਆਪ ਨੂੰ ਪ੍ਰਾਪਤ ਰਿਹਾ। ਫਿਰ ਜਦੋਂ ਹਾਜ਼ਰ ਹੋਏ ਤਦ ਬਾਬਾ ਸਾਹਿਬ ਸਿੰਘ ਜੋ ਕਾਦਰ ਵਲੋਂ ਹੀ ਜਨਮ ਤੋਂ ਹੀ ਬਹੁਤ ਸ਼ਕਤੀਆਂ ਤੇ ਬਰਕਤਾਂ ਲੈ ਕੇ ਆਏ ਸਨ, ਉਹ ਅੰਦਰੋਂ ਬਾਹਰੋਂ ਇਤਨੇ ਖਿਆਲਾਂ ਕਰਕੇ, ਗਹਿਰ ਗੰਭੀਰ ਹੋ ਗਏ ਕਿ ਹੁਣ ਬਹੁਤ ਕਰਕੇ ਲੋਕਾਂ ਨੂੰ ਉਪਦੇਸ਼ ਪਹਿਲਾਂ ਵਾਂਗ ਖੁਲ੍ਹ ਕੇ ਨਹੀਂ ਕਰਦੇ ਸਨ। ਹਰ ਪ੍ਰਾਣੀ ਨੂੰ ਗੁਰੂ ਗੁਰੂ ਜਪਣ ਦੀ ਪ੍ਰੇਰਨਾ ਇਹ ਉਨ੍ਹਾਂ ਦੇ ਜੀਵਨ ਦਾ ਇਕ ਅੰਗ ਸੀ। ਬਾਬਾ ਸੋਭਾ ਸਿੰਘ ਜੀ ਨੇ ਫੁਰਮਾਇਆ ਅੰਮ੍ਰਿਤ ਦੀ ਦਾਤ, ਤਾਂ ਸ੍ਰੀ ਕਲਗੀਧਰ ਪਿਤਾ ਦੀ ਹੈ। ਪਰ ਸਾਨੂੰ ਨਾਮ ਅਭਿਆਸ ਤੇ ਸਤਿ ਸਰੂਪ ਦੀ ਮਹਾਨ ਪ੍ਰਾਪਤੀ ਦੇ ਜੋ ਸਾਧਨ ਸਾਹਿਬ ਭਾਈ ਦਇਆ ਸਿੰਘ ਜੀ ਨੇ ਸੌਂਪੇ ਸਨ, ਉਹ ਅਸੀਂ ਤੁਹਾਡੇ ਸਪੁਰਦ ਕਰਦੇ ਹਾਂ। ਇਹ ਪਾਵਨ ਪਵਿੱਤਰ ਤੇ ਉਤਮ ਸੰਦੇਸ਼ ਕੌਮ ਲਈ ਹੈ ਕਿ ਅਸਲ ਵਿਚ ਗਿਆਨੀ ਹੀ ਕੌਮ ਦਾ ਸੱਚਾ ਸੇਵਕ ਹੋ ਸਕਦਾ ਹੈ। ਉਹ ਮਹਾਨ ਤੋਂ ਮਹਾਨ ਤਾਕਤ ਨਾਲ ਟਕਰਾ ਜਾਣ ਦੀ ਸਤਾ ਰਖਦਾ ਹੈ। ਸੂਲੀ ਤੇ ਗੋਲੀ ਦੇ ਨਿਸ਼ਾਨੇ ਅੱਗੇ ਵੀ ਸੱਚ ਕੇਵਲ ਗਿਆਨੀ ਹੀ ਬੋਲ ਸਕਦਾ ਹੈ। ਸਤਿ ਚਿਤ ਅਨੰਦ ਸਰੂਪ ਦਾ ਪੁਜਾਰੀ ਇਕ ਐਸੇ ਰਾਜ ਤੇ ਰਾਸ਼ਟਰ ਦੇ ਸੁਪਨੇ ਲੈਂਦਾ ਹੈ ਜਿਸ ਅੰਦਰ ਕੋਈ ਦੁਖੀ ਮੁਹਥਾਜ ਕੋਹਝਾ ਹੀਣਾ ਤੇ ਪਰ ਅਧੀਨ ਗੁਲਾਮ ਨਾ ਹੋਵੇ। ਇਹ ਗੱਲ ਉਹ ਕੇਵਲ ਜ਼ੁਬਾਨੀ ਹੀ ਗਿਆਨ ਰਾਹੀਂ ਨਹੀਂ ਕਹਿੰਦਾ ਸਗੋਂ ਉਹਦੀ ਦ੍ਰਿਸ਼ਟੀ ਹੀ ਅੰਮ੍ਰਿਤ ਵਰਸਦੀ ਹੈ ਤੇ ਉਹ

ਇਕ ਬਰਾਬਰ ਦੇ ਮਨੁੱਖ ਨੂੰ ਤੱਕ ਕੇ ਹੀ ਪਰਮ ਅਨੰਦ ਮਾਣ ਸਕਦਾ ਹੈ। ਪਰ ਜੇ ਉਹ ਦੁਖੀ ਕਲਪਣਾ ਮਾਰੇ ਤੇ ਵਿਰੋਧ ਦਵੈਤ ਅੰਦਰ ਫਸੇ ਹੋਏ ਜਗਤ ਨੂੰ ਤੱਕੇ ਤਦ ਇਕ ਤਰ੍ਹਾਂ ਵਿਆਕੁਲ ਹੋ ਕੇ ਫਿਰ ਅਰਦਾਸ ਕਰਦਾ ਹੈ। ਹੇ ਪ੍ਰਭੂ, ਜਗਤ ਨੂੰ ਤੱਕ ਕੇ ਤਦ ਇਕ ਤਰ੍ਹਾਂ ਵਿਆਕੁਲ ਹੋ ਕੇ ਫਿਰ ਅਰਦਾਸ ਕਰਦਾ ਹੈ। ਹੇ ਪ੍ਰਭੂ ਆਪਣੇ ਇਸ ਪਰਿਵਾਰ ਤੇ ਸੁੰਦਰ ਬਗੀਚੇ ਦੀ ਪ੍ਰਵਰਿਸ਼ ਤੇ ਪ੍ਰਤਿਪਾਲਣ ਕਰੋ, ਇਹ ਤੁਹਾਡਾ ਬਿਰਦ ਹੈ। ਕਾਣੀ ਵੰਡ, ਧੱਕੇ ਤੇ ਜ਼ੁਲਮ ਅਨਿਆਏ ਦੀਆਂ ਕਾਰਵਾਈਆਂ ਵੀ ਉਹ ਬਰਦਾਸ਼ਤ ਨਹੀਂ ਕਰਦਾ। ਇਹ ਉਸਨੂੰ ਜਗਤ ਤੋਂ ਵੱਧ ਆਪਣੀਆਂ ਪੀੜਾਂ ਤੇ ਚੀਸਾਂ ਪ੍ਰਤੀਤ ਦਿੰਦੀਆਂ ਹਨ।

ਅੰਮ੍ਰਿਤਪਾਨ ਕਰਕੇ ਬਾਬਾ ਸਾਹਿਬ ਸਿੰਘ ਗੁਰੂ ਵਾਲੇ ਹੋ ਕੇ ਟੇਕ ਵਾਲੇ ਇਕ ਸ਼ਕਤੀਸ਼ਾਲੀ ਯੁੱਗ ਪੁਰਸ਼ ਦੀ ਹਸਤੀ ਦੀ ਸ਼ਕਲ ਵਿਚ ਸਿੱਖ ਸੰਸਾਰ ਪਰ ਛਾ ਗਏ। ਬਾਬਾ ਸੋਭਾ ਸਿੰਘ ਜੀ ਦੀ ਆਗਿਆ ਅਨੁਸਾਰ ਉਹ ਸਵਾ ਪਹਿਰ ਰਾਤ ਰਹਿੰਦੇ ਉਠ ਕੇ ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਕਰਕੇ ਸਮਾਧੀ ਸਥਿਤ ਹੋ ਜਾਂਦੇ। ਸੁਰਤ ਸ਼ਬਦ ਤੇ ਭਵ ਤਾਰਨ ਸਾਧਨ ਅਰੰਭ ਹੋਏ ਉਹ ਉਠਦੇ ਬਹਿੰਦੇ ਸੁਰਤ ਨੂੰ ਤ੍ਰਿਕੁਟੀ ਵਿਚ ਟਿਕਾ ਕੇ ਫਿਰ ਸੁਰਤੀ ਰਾਹੀਂ ਦਸਮ ਦੁਆਰ ਵਲ ਵਧਣ ਦਾ ਯਤਨ ਕਰਦੇ ਸਨ, ਜਿਥੇ ਗੁਫਾ ਅੰਦਰ ਵਾਜਾ ਪਵਨ ਵਜ ਕੇ ਅਨਹਦ ਸ਼ਬਦ ਦੇ ਅਨਹਤ ਨਾਦ ਪ੍ਰਗਟ ਕਰਦਾ ਸੀ। ਇਥੇ ਪਹਿਲਾਂ ਸੁਰਤੀ ਨੇ ਸ਼ਬਦ ਦੀ ਧੁਨ ਸੁਣੀ, ਫਿਰ ਅਗੇ ਜਾ ਕੇ ਸੰਸਾਰ ਦਾ ਸਾਰਾ ਬ੍ਰਹਿਮੰਡ ਪ੍ਰਤੱਖ ਅੱਖੀਂ ਇਕ ਮਹਾਨ ਸ਼ਕਤੀ ਅੱਗੇ ਝੁਕਿਆ, ਬੱਧਾ ਹੋਇਆ ਤੇ ਉਸ ਦੇ ਵੱਸ ਹੋ ਕੇ ਦੇਵੀ ਦੇਵਤੇ ਤੇ ਸਤਾਰਾ ਮੰਡਲ ਅੰਦਰ ਉਸਦੀ ਚਿਤਰਕਾਰੀ ਪ੍ਰਤੱਖ ਦਿਸੀ। ਫਿਰ ਇਕ ਐਸੀ ਅਵਸਥਾ ਆਈ ਕਿ ਅਵਤਾਰ, ਸ਼ਹੀਦ ਤੇ ਮਹਾਨ ਭਗਤ ਇਕ ਜਗ੍ਹਾ ਦਰਬਾਰੀਆਂ ਵਾਂਗ ਇਕੋ ਸਥਾਨ ਪਰ ਟਿਕੇ ਹੋਏ ਦਿਸੇ। ਆਖਰ ਉਹ ਸਮਾਂ ਵੀ ਆਇਆ ਜਦੋਂ ਕਿ ਇਕ ਅਤਿ ਸ਼ਾਂਤ ਸੁਖਾਵੀਂ ਮਹਾਨ ਰੌਸ਼ਨ, ਪਰ ਇਸ ਲੋਕ ਵਾਂਗਰ, ਗਰਮ ਰੌਸ਼ਨੀ ਨਹੀਂ ਸਗੋਂ ਅਤਿ ਸ਼ਾਂਤ ਨਿਰੰਤਰ ਤੇ ਪਰਮ ਸੁਖਦਾਈ ਸ਼ਕਤੀ ਅੰਦਰ ਸੁਰਤੀ ਦਾ ਪ੍ਰਵੇਸ਼ ਹੋਇਆ ਪਰ ਇਥੇ ਆ ਕੇ ਇਕ ਫਰਕ ਹੋ ਗਿਆ ਕਿ ਸੁਰਤੀ ਪਹਿਲਾਂ ਆਪਣੇ ਆਪ ਨੂੰ ਵੱਖਰਾ ਅਨੁਭਵ ਕਰਦੀ ਸੀ, ਫਿਰ ਉਹ ਉਸ ਰੂਪ ਅੰਦਰ ਅਭੇਦ ਹੋ ਗਈ ਤੇ ਦੂਸਰਾ ਬਾਕੀ ਨਾ ਰਿਹਾ, ਇਸੇ ਹੀ ਅਸਥਾਨ ਤੇ ਮਹਾਨ ਸਤਿ ਦੇ ਤਾਬਿਆਂ ਸਾਰਾ ਬ੍ਰਹਿਮੰਡ ਚੱਕਰ ਕੱਟਦਾ ਸੀ। ਹਰ ਚੀਜ਼ ਉਸੇ ਦੇ ਵਸੀ ਭੂਤ ਤੇ ਹਰ ਰੰਗ ਉਸਦਾ ਆਪਣਾ ਦਿਸਦਾ ਸੀ, ਇਸ ਜਗ੍ਹਾ ਪੁੱਜਣ ਦੀ ਮਸਤੀ ਤਾਂ ਮਨੁੱਖ ਨੂੰ ਮਾਣ ਨਾਲ ਅਤਿ ਉਚਾ ਬਣਾ ਦੇਂਦੀ ਹੈ। ਸ਼ਾਇਦ ਇਸੇ ਹੀ ਝਲਕ ਨੂੰ ਮੂਸਾ ਕੋਹਤੂਰ ਪਰ ਦੇਖ ਕੇ ਉਹ ਬਿਹਬਲ ਤੇ ਬੇਬਸ ਹੋ ਗਿਆ ਸੀ। ਬਾਬਾ ਸਾਹਿਬ ਸਿੰਘ ਜੀ ਇਸ ਅਕਹਿ ਸ਼ਕਤੀ ਦੇ ਦਰਸ਼ਨ ਕਰਕੇ ਉਸਨੂੰ ਆਪਣੇ ਅੰਦਰ ਹੀ ਰੱਖਣ ਵਿਚ ਸਾਦਕ ਸਿੱਖ ਸਾਬਤ ਹੋਏ। ਫਿਰ ਇਕ ਵਾਰ ਜਦੋਂ ਬਾਬਾ ਸਾਹਿਬ ਸਿੰਘ ਜੀ ਦੇ ਦਰਸ਼ਨ ਮੇਲੇ ਹੋਏ ਤਦ ਬਾਬਾ ਸੋਭਾ ਸਿੰਘ ਜੀ ਨੇ ਫੁਰਮਾਇਆ -

ਲਵੋ ਬੇਦੀ ਕੁਲ ਭੂਸ਼ਨ, ਇਹ ਤੁਹਾਡੀ ਦਾਤ ਹੈ, ਜੋ ਪਰ ਗੁਰੂ ਨਾਨਕ ਜੀ ਨੇ ਲਹਿਣਾ ਜੀ ਨੂੰ ਦਿਤੀ ਤੇ ਹੋਰ ਸਿੱਖਾਂ ਨੂੰ ਆਤਮ ਗਿਆਨ ਰਾਹੀਂ ਪ੍ਰਦਾਨ ਕੀਤੀ, ਫਿਰ ਜਿਸ ਦੀ ਚੀਜ਼ ਹੈ, ਉਸੇ ਘਰ ਆਵੇ ਇਹ ਕੋਈ ਅਲੰਕਾਰ ਗੱਲ ਨਹੀਂ, ਪਰ ਮੈਨੂੰ ਮਹਾਨ ਖੁਸ਼ੀ ਹੈ ਕਿ ਇਹ ਦੇਗ ਤੇਗ ਦੋਵੇਂ ਹੀ ਆਤਮ ਦਰਸੀ ਮਹਾਨ ਆਤਮਾ ਦੇ ਸਪੁਰਦ ਕੀਤਾ ਹੈ। ਜੋ ਇਸ ਦਾ ਹੱਕਦਾਰ ਵੀ ਹੈ ਤੇ ਚੰਗਾ ਸਥਾਨ ਵੀ, ਜਿਥੇ ਇਹ ਦਾਤ ਸੁਰਖਿਅਤ ਹੈ। ਵਾਹਿਗੁਰੂ ਜੀ ਦਾ ਕੋਟ ਕੋਟ ਧੰਨਵਾਦ ਹੈ ਕਿ ਉਸ ਨੇ ਆਪਣਾ ਗਿਆਨ ਤੇ ਮਹਾਨ ਪਦ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਪੁਚਾ ਦਿਤਾ ਹੈ। ਇਸ ਰਾਹੀਂ ਆਤਮ ਕਲਿਆਣ ਲੋਕ ਸੇਵਾ ਤੇ ਮਨੁੱਖ ਵਾਦ ਨੂੰ ਭਾਰੀ ਸਤਾ ਮਿਲੇਗੀ, ਜੋ ਵਕਤ ਤੇ ਸਮੇਂ ਦੀ ਸਭ ਤੋਂ ਅਹਿਮ ਲੋੜ ਹੈ। ਮੇਰੇ ਪੰਜਾਬ ਤੇ ਸਿੱਖ ਪੰਥ ਨੂੰ ਐਸੇ ਮਹਾਨ ਨੇਤਾ ਦੀ ਲੋੜ ਹੈ ਜੋ ਸਿੱਖ ਰਾਸ਼ਟਰ ਨੂੰ ਪੁਖਤਾ ਨੀਹਾਂ ਪਰ ਖੜ੍ਹਾ ਕਰ ਸਕੇ।"

**ਕਠਨ ਤਪ ਤੇ ਸਾਧਨਾ -** ਬਾਬਾ ਜੀ ਨੇ ਜੋ ਤਪ ਜੀਵਨ ਦੀ ਪਹਿਲੀ ਉਮਰ ਵਿਚ ਕੀਤਾ ਉਸ ਦਾ ਘੱਟ ਹੀ ਪ੍ਰਮਾਣ ਕਿਤੇ ਹੋਰ ਮਿਲਦਾ ਹੈ। ਸਵਾ ਪਹਿਰ ਰਾਤ ਜਾਗਣ ਦਾ ਸਾਧਨ ਤਾਂ ਪਹਿਲਾਂ ਤੋਂ ਹੀ ਸੀ ਪਰ ਫਿਰ ਹੌਲੀ-ਹੌਲੀ ਖੁਰਾਕ ਵੀ ਘਟ ਗਈ ਤੇ ਕਈ ਵਾਰੀ ਬੈਠਿਆਂ-ਬੈਠਿਆਂ ਉਠਣਾ ਹੀ ਭੁੱਲ ਜਾਂਦੇ ਤੇ ਦੁਪਹਿਰ ਚੜ੍ਹੀ ਤੇ ਉਠ ਕੇ ਆਉਂਦੇ।

ਉਹ ਰੋਜ਼ ਦਿਨ ਚੜ੍ਹੇ ਆ ਕੇ ਰੱਖੇ ਹੋਏ ਰਬਾਬੀਆਂ ਪਾਸੋਂ ਕੀਰਤਨ ਵੀ ਸੁਣਦੇ ਤੇ ਗੁਰੂ ਦੀ ਹਾਜ਼ਰੀ ਰੋਜ਼ ਹੀ ਭਰਦੇ ਸਨ। ਉਹ ਗੱਲਬਾਤ ਬੜੀ ਘੱਟ ਹੀ ਕਰਦੇ, ਬਾਹਰੋਂ ਆਏ ਸੱਜਣਾਂ ਨਾਲ ਵੀ ਸਿਰਫ ਲੋੜ ਮਾਤਰ ਗੱਲਬਾਤ ਕਰਦੇ ਸਨ। ਡੇਰੇ ਤੇ ਘਰ ਦਾ ਵਿਵਹਾਰ ਕੇਵਲ ਮਾਤਰ ਮਾਤਾ ਜੀ ਪਰ ਹੀ ਨਿਰਭਰ ਸੀ। ਆਪ ਦੇ ਟਹਿਲੂਏ ਆਪ ਜੀ ਦਾ ਖਾਸ ਖਿਆਲ ਰਖਦੇ ਸਨ। ਇਕ ਦਿਨ ਆਪ ਸੁਬ੍ਹਾ ਬਾਹਰ ਜਾ ਕੇ ਇਉਂ ਸਮਾਧੀ ਲਗਾ ਕੇ ਬੈਠੇ ਫਿਰ ਦਿਨ ਚੜ੍ਹੇ ਤਕ ਉਠੇ ਹੀ ਨਹੀਂ, ਫਿਰ ਦਿਨ ਚੜ੍ਹ ਗਿਆ, ਦੁਪਹਿਰ ਹੋਈ ਤੇ ਢਲ ਗਈ ਪਰ ਸਮਾਧੀ ਵਿਚ ਸੁਰਤੀ ਨੇ ਮੋੜ ਨਹੀਂ ਖਾਧਾ, ਰਾਤ ਪਈ ਤੇ ਲੰਘ ਗਈ। ਸੁਬ੍ਹਾ ਦੋ ਵਜੇ ਉਠ ਕੇ ਸੌਚ ਇਸ਼ਨਾਨ ਕਰਕੇ ਫਿਰ ਜਪੁਜੀ ਸਾਹਿਬ ਮਸਾਂ ਹੀ ਪੜ੍ਹ ਸਕੇ। ਸੁਰਤ ਬਾਹਰ ਆਇਆਂ ਦੁਖਤੁ ਕਲਪਨਾ ਵਧਦੀ ਸੀ, ਸੋ ਫਿਰ ਸਮਾਧੀ ਲਗਾ ਕੇ ਬੈਠ ਗਏ। ਤੀਸਰੇ ਦਿਨ ਜਦੋਂ ਸੁਬ੍ਹਾ ਇਕ ਜ਼ਿੰਮੀਦਾਰ ਜੋ ਦੋ ਦਿਨ ਤੋਂ ਬਰਾਬਰ ਪਹਿਰੇ ਦੇ ਕੇ ਤਕਦਾ ਰਿਹਾ ਸੀ। ਤੀਸਰੇ ਦਿਨ ਇਸਨੇ ਵੀ ਘਰੋਂ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਉਥੇ ਚੋ ਦੇ ਕਿਨਾਰੇ ਪੁੱਜਾ ਜਿਥੇ ਬਾਬਾ ਜੀ ਬੈਠੇ ਸਨ। ਇਹ ਪੱਕਾ ਨਿਸ਼ਚਾ ਕਰ ਲਿਆ ਕਿ ਜੇ ਅੱਜ ਵੀ ਬਾਬਾ ਜੀ ਨੇ ਪ੍ਰਸ਼ਾਦਿ ਨਾ ਛਕਿਆ ਤਦ ਮੈਂ ਵੀ ਉਨ੍ਹਾਂ ਦੇ ਕੋਲੋਂ ਨਹੀਂ ਜਾਵਾਂਗਾ ਤੇ ਕੋਈ ਵੀ ਪ੍ਰਸ਼ਾਦਿ ਆਹਾਰ ਨਹੀਂ ਕਰਾਂਗਾ। ਜਦੋਂ ਉਸ ਪ੍ਰੇਮੀ ਨੂੰ ਪੁਜੇਂ ਦੋ ਘੰਟੇ ਹੀ ਬੀਤੇ ਸਨ ਕਿ ਬਾਬਾ ਜੀ ਨੇ ਨੇਤਰ ਖੋਲ੍ਹ ਕੇ ਕਿਹਾ, ਲਿਆਉ 'ਗੁਰਮੁਖੋ ਪ੍ਰਸ਼ਾਦਿ ਛਕੀਏ' ਅਸਾਂ ਨਿਸਚਾ ਕੀਤਾ ਸੀ ਕਿ ਬਗੈਰ ਅਨਾਜ ਤੋਂ ਹੀ ਲੰਬੇ ਸਮੇਂ ਤੱਕ ਨਿਰ ਅਹਾਰ ਸਮਾਧੀ ਦਾ ਅਨੰਦ ਮਾਣਾਂਗੇ। ਪਰ ਅੱਜ ਤੁਸੀਂ ਜਦੋਂ ਘਰ ਸ੍ਰੀ ਮਤੀ ਨੂੰ ਇਹ ਕਹਿ ਕੇ ਪ੍ਰਸ਼ਾਦਿ ਤਿਆਰ ਕਰਵਾਇਆ ਕਿ ਇਹ ਕੇਵਲ ਸਾਡੇ ਹੀ ਨਵਿਤ ਹੈ ਤਦ ਉਸ ਨੇ ਤੁਹਾਡੇ ਪ੍ਰੇਮ ਤੇ ਪਿਆਰ ਨੇ ਹੀ ਸਾਡੀ ਭਾਵਨਾ ਵੀ ਤਬਦੀਲ ਕਰ ਦਿਤੀ। ਸੋ ਸਿਮਰਨ ਤੇ ਸਾਧਨ ਇਸ ਸਰੀਰ ਨੂੰ ਤਕੜਾ ਅਰੋਗ ਤੇ ਨਿਰਆਰਥਕ ਹੀ ਕੀਤਾ ਜਾ ਸਕਦਾ ਏ। ਪ੍ਰਸ਼ਾਦਿ ਛਕਿਆ ਤਦ ਇਸ ਨੌਜਵਾਨ ਨੇ ਹੱਥ ਬੰਨ੍ਹ ਕੇ ਕਿਹਾ, ਹੇ ਰੱਬ ਰੂਪ ਬਾਬਾ ਜੀ ਮੇਰੇ ਪਰ ਮੇਹਰ ਕਰੋ, ਘਰ ਅੰਦਰ ਹਰ ਇਕ ਘਾਟ ਹੈ ਜ਼ਮੀਨ ਥੋੜ੍ਹੀ ਹੈ, ਘਰ ਵਾਲੀ ਰੋਗੀ ਹੈ, ਘਰ ਕੋਈ ਸੰਤਾਨ ਨਹੀਂ, ਪੈਸੇ ਘੱਟ ਹੀ ਘਰ ਵੜਦੇ ਹਨ, ਇਹ ਗ੍ਰਹਿਸਤ ਤਾਂ ਇਸ ਤਰ੍ਹਾਂ ਨਿਰਾ ਹੀ ਦੋਜ਼ਖ ਦਾ ਘਰ ਹੈ। ਬਾਬਾ ਜੀ ਨੇ ਤਰਸ ਕਰਕੇ ਕਿਹਾ, ਅਸੀਂ ਤਾਂ ਬਾਬੇ ਦੇ ਦਰ ਦੇ ਟਹਿਲੂਏ ਹਾਂ। ਸੱਚਾ ਪਾਤਸ਼ਾਹ ਮੇਹਰ ਕਰੇ ਤਦ ਸਾਡੀ ਇਹ ਅਰਦਾਸ ਪ੍ਰਵਾਨ ਕਰੇ ਕਿ ਕੋਈ ਵੀ ਦੁਖੀ ਤੇ ਕਲਪਦਾ ਹੋਇਆ ਮਨੁੱਖ ਸਾਡੇ ਨਜ਼ਰੀਂ ਨਾ ਪਵੇ, ਜੇਕਰ ਦੁਖੀ ਆਵੇ ਸੁਖੀ ਹੋ ਕੇ ਘਰ ਨੂੰ ਜਾਵੇ, ਇਹ ਰੋਗੀ ਤੇ ਦੁਖੀ ਸੰਸਾਰ ਸ਼ਾਂਤ, ਸੁੰਦਰ ਤੇ ਸੁਖੀ ਹੋਵੇ। ਇਹ ਕੋਈ ਸੱਚਾ ਸਿੱਖ ਅਰਦਾਸ ਕਰ ਤੇ ਸੋਚ ਸਕਦਾ ਹੈ। ਸਰਬ ਵਿਆਪੀ ਕਲਿਆਣ ਦਾ ਮਾਰਗ ਗੁਰੂ ਬਾਬੇ ਨੇ ਸਾਨੂੰ ਦਿਤਾ ਹੈ, ਜੋ ਗ੍ਰਹਿਣ ਕਰਕੇ ਆਪ ਤੇ ਸੰਗੀ ਸਾਥੀ ਸੁਖੀ ਰਖ ਸਕੀਦੇ ਹਨ - ਸੋ ਜਾਉ ਵਾਹਿਗੁਰੂ ਮੇਹਰ ਕਰੇਗਾ।

ਇਸ ਪਿਛੋਂ ਇਹ ਰੋਜ਼ ਹੀ ਸੇਵਾ ਕਰਦਾ ਰਿਹਾ ਤੇ ਵਾਹਿਗੁਰੂ ਜੀ ਦੀ ਮੇਹਰ ਦਾ ਸਦਕਾ ਇਸ ਦੇ ਘਰ ਕੋਈ ਘਾਟ ਦੁੱਧ ਪੁੱਤ ਤੇ ਧਨ ਸੰਪਤੀ ਦੀ ਨਾ ਰਹੀ। ਇਹ ਸਦਾ ਲਈ ਘਰੋਂ ਸੁਖੀ ਹੋ ਕੇ ਨਾਮ ਸਿਮਰਨ ਵਾਲਾ ਹੋ ਗਿਆ।

ਜਦੋਂ ਪ੍ਰਸ਼ਾਦਿ ਛਕਾ ਕੇ ਇਹ ਜ਼ਿਮੀਦਾਰ ਘਰ ਜਾਣ ਲੱਗਾ ਤਦ ਫਿਰ ਬਾਬਾ ਜੀ ਨੇ ਕਿਹਾ, ਜਿਸ ਤਰ੍ਹਾਂ ਤੁਹਾਡਾ ਮੇਰੀ ਤਕਲੀਫ ਤਕ ਕੇ ਮਨ ਦੁਖੀ ਹੁੰਦਾ ਸੀ ਉਹ ਤਿੰਨ ਦਿਨ ਬਰਾਬਰ ਹੀ ਅੰਦਰਲੀਆਂ ਅੱਖਾਂ ਨਾਲ ਤਕਦਾ ਰਿਹਾ ਹਾਂ। ਕਿਸੇ ਦੁਖੀ ਤੇ ਆਤਰ ਨੂੰ ਸੁਖੀ ਕਰਨ ਵਿਚ ਕਿਤਨਾ ਕੁਝ ਅਨੰਦ ਹੈ ਇਹ ਮੈਂ ਅੱਜ ਤੁਹਾਡੀ ਆਤਮਾ ਤੇ ਮਨ ਦੀ ਅਵਸਥਾ ਤਕ ਕੇ ਹੀ ਅੰਦਾਜ਼ਾ ਕਰ ਸਕਿਆ ਹਾਂ। ਸੋ ਇਸੇ ਤੁਹਾਡੇ ਦੁਖ ਦੇ ਸਦਕੇ ਹੀ ਮੇਰੀ ਸੋਚ ਧਾਰਾ ਮੁੱਢੋਂ ਹੀ ਬਦਲ ਗਈ ਹੈ। ਹੁਣ ਨਾਮ ਦੀ ਟੇਕ ਅੰਦਰ ਰੱਖ ਕੇ ਲੋਕਾਂ ਦੇ ਦੁਖ ਹਰਨ ਹਿਤ ਤੇ ਲੋਕਾਂ ਦੀਆਂ ਭਾਵਨਾਵਾਂ ਉਚੀਆਂ ਤੇ ਮਹਾਨ ਬਨਾਣ ਹਿਤ ਫਿਰ ਪੰਜਾਬ ਦਾ ਆਪਣਾ ਮਹਾਨ ਰਾਸ਼ਟਰ ਬਣਾਨ ਹਿਤ ਸਾਰਾ ਹੀ ਜੀਵਨ ਬਤੀਤ ਕਰਾਂਗਾ। ਇਹ ਸਾਰਾ ਜੀਵਨ ਤੇ ਇਸ ਦਾ ਹਰ ਸਵਾਸ ਹੁਣ ਦੇਸ ਤੇ ਕੌਮ ਲਈ ਹੀ ਅਰਪਨ ਕਰਾਂਗਾ।

*(ਗਿਆਨੀ ਮੇਹਰ ਸਿੰਘ ਕ੍ਰਿਤ 'ਨੌ ਰਤਨ' ਵਿਚੋਂ ਧੰਨਵਾਦ ਸਹਿਤ)*

# ਜ਼ਰੂਰੀ ਸੂਚਨਾ

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ
ਸ੍ਰੀ ਮਾਨ
ਸੰਤ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ
(ਨਿਊ ਚੰਡੀਗੜ੍ਹ)

FASTWAY

### ਫਾਸਟਵੇਅ ਕੇਬਲ ਟੀ.ਵੀ. ਨੈਟਵਰਕ

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**
**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਜੇਠਿ ਸੰਗਰਾਂਦ - 14 ਮਈ, ਦਿਨ ਮੰਗਲਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**
**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20 Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**
**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

**Australia**

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

**Canada**

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

**Germany**

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

**Italy**

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

**United Kingdom**

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

**United States**

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 200/– | 70/– |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 25/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 40/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 440/– | |
| 35. | ਮਾਰਗ ਚੋਣ | 60/– | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 37. | ਆਤਮ ਗਿਆਨ ਭਾਗ – 1,2,3,4 | 480/– | |
| 38. | ਜਨਮ ਪਦਾਰਥੁ ਸਫਲੁ ਹੋਇ | 120/– | |
| 39. | ਜਨ ਪਰਉਪਕਾਰੀ ਆਏ (ਭਾਗ –1) | 65/– | |
| 40. | ਜਨ ਪਰਉਪਕਾਰੀ ਆਏ (ਭਾਗ –2) | 65/– | |
| 41. | ਗੁਰ ਅੰਗਦ ਅਮਰ ਨਿਧਾਨ | 10/– | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/– |
| 44. | ਮੰਝ ਗੁਰੂ ਕਾ ਬੋਹਿਥਾ | 30/– |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 46. | ਗੁਰੂ ਗ੍ਰੰਥ ਜੀ ਮਾਨਿਉ | 10/– |
| 47. | ਬਾਬਾ ਬੰਦਾ ਸਿੰਘ ਬਹਾਦਰ | 10/– |
| 48. | ਤ੍ਰੈ ਸ਼ਤਾਬਦੀ | 20/– |
| 49. | ਅਨਮੋਲ ਰਤਨ (ਆਤਮ ਗਿਆਨ ਭਾਗ – 5) | 150/– |
| 50. | ਭਗਵਤ ਗੀਤਾ ਦੀ ਚਿਰ ਸਥਾਈ... | |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ – 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ – 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ – 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ – 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ – 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾਂ ਨਹੀਂ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861100000008**

**RTGS/IFSC Code - PSIB0021286, Branch Code - C1286**

**Our Address: Gurdwara Ishar Parkash,
Ratwara Sahib,
(Near New Chandigarh) P.o. Mullanpur Garibdas,
Teh. Kharar, Distt. S.A.S Nagar (Mohali)
140901, Pb. India**

# Avinashi Jot - 1
# (Discourse - II)

*(Continued from P. 72, issue Apr. 2024)*

*'Wonderful is the tale of God's devotee, pleasing to Him.'*

ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ ॥

ਅੰਗ - 855

**Why is their tale special and unique? This is because they are pleasing to God, approved and accepted by Him. Why is our tale not wonderful and unique? This is because we have not gained acceptance with God; we are base and cast out. A base coin nobody keeps in his pocket, because it needlessly tears one's pocket. They are accepted and approved at God's Portal. Their utterances are unique; they are different from those of ours and the rest of the world. Secondly, they do not fall into the cycle of birth and death –**

*'Both above birth and death are philanthropic persons who come to do good to others.*
*They give the gift of spiritual life, apply men to divine devotion and make them meet with God.'*

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

ਅੰਗ - 749

